# ਸੰਪਾਦਕੀ

ਨੌਂਵੇਂ ਗੁਰਮਤਿ ਰੂਹਾਨੀ ਸਮਾਗਮ ਦਾ ਅਗੰਮੀ ਸਰੂਰ ਹਾਲੀ ਵੀ ਮਿੱਠੀ ਮਿੱਠੀ ਯਾਦ ਛੋੜ ਜਾਂਦਾ ਹੈ। 'ਸਾਹਿਬ ਮੇਰਾ ਨੀਤ ਨਵਾ' ਦੀਆਂ ਬਾਬਾਣੀਆਂ ਕਹਾਣੀਆਂ ਕਦੇ ਪੁਰਾਣੀਆਂ ਨਹੀਂ ਹੁੰਦੀਆਂ, ਸਦੀਵ ਅਮਰ ਹੁੰਦੀਆਂ ਹਨ, ਹਿਰਦਿਆਂ ਵਿਚ ਧੁਰ ਅੰਦਰ ਵਸ ਜਾਂਦੀਆਂ ਹਨ, ਜਦੋਂ ਚਾਹੋ ਅੰਦਰ ਇਕ ਸੁਰ ਕਰ ਅਨੰਦ ਦੇ ਘਰ ਜਾ ਬਿਰਾਜੋ। ਸਮਾਗਮ ਦੇ ਤਿੰਨ ਦਿਨ, ਸੰਤਾਂ ਮਹਾਂਪੁਰਸ਼ਾਂ, ਅਨੁਭਵੀ ਗੁਰਮੁਖਾਂ ਵਲੋਂ ਹੋਈ ਅੰਮ੍ਰਿਤ ਵਰਖਾ ਦਾ ਕੁਝ ਬਖਾਨ ਅਸੀਂ ਆਤਮ ਮਾਰਗ ਦੇ ਨਵੰਬਰ ਅੰਕ ਦੀ ਸੰਪਾਦਕੀ ਅਤੇ ਇਕ ਵਿਸ਼ੇਸ਼ ਲੇਖ ਰਾਹੀਂ ਕੀਤਾ ਸੀ ਅਤੇ ਨਾਲ ਹੀ ਅਗਲੇ ਅੰਕਾਂ ਵਿਚ ਇਹ ਵਿਚਾਰ ਜਾਰੀ ਰੱਖਣ ਦਾ ਇਕਰਾਰ ਕੀਤਾ ਸੀ। ਵਿਚਾਰ ਅਧੀਨ ਇਕ ਵਿਸ਼ਾ ਸੀ –

*ਇਆ ਮੰਦਰ ਮਹਿ ਕੌਨ ਬਸਾਈ।।*
*ਤਾ ਕਾ ਅੰਤੁ ਨ ਕੋਊ ਪਾਈ।।* ਪੰਨਾ - 871

ਅਰਥਾਤ ਇਸ ਸਰੀਰ ਰੂਪੀ ਮੰਦਰ ਵਿਚ ਕੌਣ ਵਸਦਾ ਹੈ, ਜਿਸ ਦਾ ਓੜਕ ਕੋਈ ਪਾ ਨਹੀਂ ਸਕਦਾ? ਕਬੀਰ ਜੀ ਵਲੋਂ ਉਠਾਏ ਗਏ ਇਸ ਪ੍ਰਸ਼ਨ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਬਹੁਤ ਸਾਰੀ ਲੁਕਾਈ ਸਰੀਰਕ ਕਿਰਿਆ ਤਕ ਹੀ ਆਪਣੇ ਆਪ ਨੂੰ ਸੀਮਤ ਕਰਦੀ ਹੈ, ਆਪਣੇ ਆਪ ਨੂੰ ਸਰੀਰ ਨਾਲ ਅਭੇਦ ਕਰਕੇ ਅਸੀਂ ਸਰੀਰ ਨਾਲ ਸਬੰਧਿਤ 'ਹਉਮੈ' ਦੇ ਸੰਸਾਰ ਨੂੰ ਸਭ ਕੁਝ ਮੰਨਿਆ ਹੋਇਆ ਹੈ, ਮੈਂ, ਮੇਰੀ ਦਾ ਸੰਸਾਰ, ਮੇਰਾ ਸਰੀਰ, ਮੇਰਾ ਮਨ, ਮੇਰੀ ਬੁੱਧੀ, ਮੇਰੀ ਵਿਦਿਆ, ਮੇਰੀ ਪਦਵੀ, ਮੇਰਾ ਘਰ ਬਾਰ, ਜਾਇਦਾਦ, ਮੇਰੇ ਸਨਬੰਧੀ-ਮਾਤਾ ਪਿਤਾ, ਪਤੀ, ਪਤਨੀ, ਧੀਆਂ, ਪੁੱਤਰ, ਦੋਸਤ ਦੁਸ਼ਮਣ ਜਿਥੇ ਜਿਥੇ ਵੀ 'ਮੈਂ' ਵਿਚਰਦਾ ਹਾਂ, ਦ੍ਵੈਤ ਦੀ ਇਕ ਦੁਨੀਆਂ ਸਿਰਜ ਰੱਖੀ ਹੈ ਅਤੇ ਉਸ ਦੇ ਦੁਖ ਸੁਖ ਭੋਗ ਰਿਹਾ ਹਾਂ। ਪਰ ਇਸ ਮੰਦਰ ਵਿਚ ਕੋਈ ਹੋਰ ਵਸਦਾ ਹੈ, ਜੋ ਅਸਲ ਹੈ, ਸਤਿ ਹੈ, ਪਰਮ ਅਨੰਦ ਹੈ, ਜੋ ਸੰਸਾਰ ਦੇ ਦੁਖ ਸੁਖ ਦੇ ਫਲ ਨਹੀਂ ਖਾਂਦਾ। ਕਬੀਰ ਜੀ ਅਨੁਸਾਰ ਨਾ ਇਹ ਆਦਮੀ ਹੈ, ਨਾ ਦੇਵਤਾ; ਨਾ ਬ੍ਰਹਮਚਾਰੀ, ਨਾ ਸ਼ਿਵ ਜੀ ਦਾ ਉਪਾਸ਼ਕ, ਨਾ ਇਹ ਯੋਗੀ ਹੈ, ਨਾ ਤਿਆਗੀ, ਨਾ ਇਸ ਦੀ ਕੋਈ ਮਾਂ ਹੈ, ਨਾ ਇਹ ਕਿਸੇ ਦਾ ਪੁੱਤਰ ਹੈ, ਨਾ ਇਹ ਘਰਬਾਰੀ ਹੈ, ਨਾ ਉਦਾਸੀ, ਨਾ ਇਹ ਪਾਤਸ਼ਾਹ ਹੈ ਨਾ ਭਿਖਾਰੀ, ਨਾ ਇਸ ਦੀ ਕੋਈ ਦੇਹ ਹੈ, ਨਾ ਇਸ ਵਿਚ ਰਤਾ ਭਰ ਲਹੂ, ਨਾ ਇਹ ਬ੍ਰਾਹਮਣ ਹੈ, ਨਾ ਖਤਰੀ, ਨਾ ਇਹ ਤਪਸਵੀ ਹੈ ਨਾ ਸ਼ੇਖ, ਨਾ ਇਹ ਜਨਮ ਧਾਰਦਾ ਹੈ, ਨਾ ਮਰਦਾ ਹੈ। ਮਨੁੱਖ ਦਾ ਸਿਰਜਿਆ ਇਹ ਸਭ ਸੰਸਾਰ, ਰਿਸ਼ਤੇ ਰੁਤਬੇ, ਵੰਡਾਂ ਸਰੀਰ ਨਾਲ ਸਬੰਧਿਤ ਹਨ, ਇਹ 'ਹਉਮੈ' ਦਾ ਸੰਸਾਰ ਹੈ। ਕਬੀਰ ਜੀ ਫੁਰਮਾਨ ਕਰਦੇ ਹਨ –

*ਨਾ ਇਹੁ ਮਾਨਸੁ ਨਾ ਇਹੁ ਦੇਉ॥*
*ਨਾ ਇਹੁ ਜਤੀ ਕਹਾਵੈ ਸੇਉ॥*
*ਨਾ ਇਹੁ ਜੋਗੀ ਨਾ ਅਵਧੂਤਾ॥*
*ਨਾ ਇਸੁ ਮਾਇ ਨ ਕਾਹੂ ਪੂਤਾ॥*
..................................
*ਨਾ ਇਹੁ ਗਿਰਹੀ ਨਾ ਓਦਾਸੀ॥*
*ਨਾ ਇਹੁ ਰਾਜ ਨ ਭੀਖ ਮੰਗਾਸੀ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥*
*ਨਾ ਇਹੁ ਤਪਾ ਕਹਾਵੈ ਸੇਖੁ॥*
*ਨਾ ਇਹੁ ਜੀਵੈ ਨ ਮਰਤਾ ਦੇਖੁ॥* ਪੰਨਾ - 871

ਕਿਉਂਕਿ ਉਹ ਇਸ ਭੇਦ ਨੂੰ ਜਾਣ ਲੈਂਦੇ ਹਨ ਕਿ ਇਸ ਮੰਦਰ ਵਿਚ ਵਸਦੀ ਅਸਲ ਵਸਤੂ, ਆਤਮਾ ਜਨਮ ਮਰਣ ਰਹਿਤ ਹੈ। ਇਸ ਲਈ ਸਰੀਰ ਦੇ ਮਰਨ ਤੇ ਰੋਣਾ ਆਪਣੀ ਇਜ਼ਤ ਗਵਾਉਣੀ ਹੈ –

*ਇਸੁ ਮਰਤੇ ਕਉ ਜੇ ਕੋਊ ਰੋਵੈ॥*
*ਜੋ ਰੋਵੈ ਸੋਈ ਪਤਿ ਖੋਵੈ॥* ਪੰਨਾ - 871

ਅੰਦਰ ਵਸਦੇ ਪਰਮ ਤੱਤ ਦਾ ਗਿਆਨ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ ਫਿਰ ਜਨਮ ਮਰਨ ਦੋਵੇਂ ਮਿਟ ਜਾਂਦੇ ਹਨ –

*ਗੁਰ ਪ੍ਰਸਾਦਿ ਮੈ ਡਗਰੋ ਪਾਇਆ॥*
*ਜੀਵਨ ਮਰਨ ਦੋਊ ਮਿਟਵਾਇਆ॥* ਪੰਨਾ - 871

ਗੁਰੂ ਸੋਝੀ ਬਖਸ਼ਦੇ ਹਨ ਕਿ ਇਸ ਮੰਦਰ ਵਿਚ ਵਸਣ ਵਾਲੀ ਆਤਮਾ, ਨਾ ਸਰੀਰ ਹੈ, ਨਾ ਸੂਖਸ਼ਮ ਸਰੀਰ, ਨਾ ਪ੍ਰਾਣ ਸਰੀਰ, ਨਾ ਸਰੀਰ ਦੇ ਕਰਮ ਇੰਦਰੇ, ਨਾ ਗਿਆਨ ਇੰਦਰੇ, ਨਾ ਮਨ, ਨਾ ਬੁੱਧੀ, ਨਾ ਚਿਤ, ਪੰਜਾਂ ਤੱਤਾਂ ਅਤੇ ਤਿੰਨਾਂ ਗੁਣਾਂ ਤੋਂ ਅਤੀਤ, ਨਿਰਲੇਪ ਸ਼ੁਧ ਆਤਮਾ 'ਰਾਮ ਕੀ ਅੰਸ' ਹੈ –

*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਜਸ ਕਾਗਦ ਪਰ ਮਿਟੈ ਨ ਮੰਸੁ॥* ਪੰਨਾ - 871

ਗੁਰੂ ਕਿਰਪਾ, ਗੁਰੂ ਗਿਆਨ ਸਦਕਾ ਜਦੋਂ ਅੰਦਰ ਵਸਦੀ 'ਰਾਮ ਕੀ ਅੰਸ' ਦਾ ਅਨੁਭਵ ਮਿਲ ਜਾਂਦਾ ਹੈ ਤਾਂ ਇਹ ਸਾਰੀ ਖੇਡ ਸਮਝ ਆ ਜਾਂਦੀ ਹੈ। ਐਸੀ ਅਵਸਥਾ ਵਿਚ ਵਿਚਰਦੇ ਗੁਰਮੁਖਿ, ਸੰਤ ਜਨ ਜਾਣ ਲੈਂਦੇ ਹਨ ਕਿ ਪਰਮਾਤਮਾ ਜਨਮ ਮਰਣ ਰਹਿਤ ਹਨ (ਅਜੂਨੀ ਸੈਭੰ), ਇਸ ਲਈ ਉਸ ਦੀ ਅੰਸ ਆਤਮਾ ਨੂੰ ਕਾਹਦਾ ਡਰ? ਉਹ ਅਬਿਨਾਸ਼ੀ ਹੈ, ਬਿਨਸਦਾ ਨਹੀਂ, ਫਿਰ ਸਾਨੂੰ ਅੰਸ਼ੀਆਂ ਨੂੰ ਕਾਹਦੀ ਚਿੰਤਾ, ਕਾਹਦਾ ਡਰ? ਉਹ ਸਾਰੇ ਬ੍ਰਹਿਮੰਡਾਂ ਦਾ ਮਾਲਕ ਹੈ, ਫਿਰ ਸਾਨੂੰ ਕਾਹਦੀ ਭੁੱਖ? ਉਸ ਨੂੰ ਕੋਈ ਦੁਖ ਨਹੀਂ ਵਿਆਪਦਾ, ਇਸ ਲਈ ਅੰਸ਼ੀ ਦਾ ਦੁਖ ਵੀ ਅਰਥ-ਹੀਣ ਹੈ। ਉਹ ਬੰਧਨਾਂ ਤੋਂ, ਧੰਦਿਆਂ ਤੋਂ, ਮੈਲ ਤੋਂ, ਫਿਕਰਾਂ ਤੋਂ, ਲੇਪਾਂ ਤੋਂ ਨਿਰਲੇਪ ਹੈ, ਉਸਦੀ ਅੰਸ਼ ਆਤਮਾ ਵੀ ਐਸੀ ਅਵਸਥਾ ਵਿਚ ਵਿਚਰਦੀ ਹੈ –

*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖ ਨ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥*
*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨਾ ਹਮ ਧਾਧੇ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ॥*
*ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ॥*

*ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥*
*ਜਾ ਉਹੁ ਨਿਰਮਲੁ ਤਾਂ ਹਮ ਜਚਨਾ॥ ਪੰਨਾ - 391*

ਐਸਾ ਅਵਸਥਾ ਓਦੋਂ ਵਿਆਪਕ ਹੁੰਦੀ ਹੈ ਜਦੋਂ ਜੀਵ ਹਉਮੈ ਰਹਿਤ ਹੋ ਜਾਂਦਾ ਹੈ, ਜਦੋਂ 'ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ' ਦਾ ਅਨੁਭਵ ਪ੍ਰਾਪਤ ਹੋ ਜਾਂਦਾ ਹੈ, 'ਮੈਂ' ਖਤਮ ਹੋ ਜਾਂਦੀ ਹੈ, ਤੂੰ ਹੀ ਤੂੰ ਵਿਚ ਜਾ ਮਿਲਦੀ ਹੈ –

*ਹਮ ਕਿਛੁ ਨਾਹੀ ਏਕੈ ਓਹੀ॥*
*ਆਗੈ ਪਾਛੈ ਏਕੋ ਸੋਈ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥ ਪੰਨਾ - 391*

ਜੀਵ ਲਈ ਇਹ 'ਸੱਚ' ਜਾਣ ਲੈਣਾ ਆਵਸ਼ਕ ਹੈ ਕਿ ਇਸ ਦੇਹੀ ਵਿਚ ਵਸਦੀ ਆਤਮਾ ਕਾਰਨ ਹੀ ਇਸ ਸਰੀਰ ਦੀ ਖੇਡ ਚਲ ਰਹੀ ਹੈ, ਇਸ ਦੀ ਹੋਂਦ ਕਾਰਨ ਹੀ ਮਨੁੱਖ ਕਰਮ ਇੰਦ੍ਰਿਆਂ ਅਤੇ ਗਿਆਨ ਇੰਦ੍ਰਿਆਂ ਰਾਹੀਂ ਕਿਰਿਆਸ਼ੀਲ ਹੈ, ਖੇਡ ਤਮਾਸ਼ੇ ਕਰਦਾ ਹੈ, ਸੰਸਾਰ ਨਾਲ ਮੇਲ ਮਿਲਾਪ ਰਿਸ਼ਤੇ ਨਾਤੇ ਜੋੜੇ ਹੋਏ ਹਨ, ਸਭਨਾਂ ਦਾ ਪਿਆਰ ਪ੍ਰਾਪਤ ਹੈ, ਜਦੋਂ 'ਰਾਮ ਕੀ ਅੰਸ' ਦੇਹੀ ਨਾਲੋਂ ਅੱਡ ਹੋ ਗਈ, ਤਾਂ ਸਿਰਜਿਆ ਹੋਇਆ ਸਾਰਾ ਸੰਸਾਰ ਰਿਸ਼ਤੇ ਨਾਤੇ ਖੇਰੂੰ ਖੇਰੂੰ ਹੋ ਜਾਣਗੇ, ਕੋਈ ਨੇੜੇ ਢੁਕਣ ਲਈ ਵੀ ਤਿਆਰ ਨਹੀਂ ਹੋਵੇਗਾ –

*ਉਨ ਕੈ ਸੰਗਿ ਤੂ ਕਰਤੀ ਕੇਲ॥*
*ਉਨ ਕੈ ਸੰਗਿ ਹਮ ਤੁਮ ਸੰਗਿ ਮੇਲ॥*
*ਉਨ ਕੈ ਸੰਗਿ ਤੁਮ ਸਭੁ ਕੋਊ ਲੋਰੈ॥*
*ਓਸੁ ਬਿਨਾ ਕੋਊ ਮੁਖੁ ਨਹੀ ਜੋਰੈ॥ ਪੰਨਾ - 390*

ਗੁਰੂ ਅਰਜਨ ਦੇਵ ਦੇਹੀ ਨੂੰ ਸੰਬੋਧਨ ਕਰਦੇ ਪੁਛਦੇ ਹਨ ਕਿ ਹੁਣ ਉਹ 'ਰਾਮ ਕੀ ਅੰਸ' ਨਿਰਲੇਪ ਆਤਮਾ ਦੇਹੀ ਨੂੰ ਛੱਡ ਕੇ ਕਿਥੇ ਚਲੀ ਗਈ ਜਿਸ ਬਿਨਾਂ ਤੇਰੀ ਹੁਣ ਬੁਰੀ ਹਾਲਤ ਹੋ ਗਈ ਹੈ?

*ਤੇ ਬੈਰਾਗੀ ਕਹਾ ਸਮਾਏ॥*
*ਤਿਸੁ ਬਿਨੁ ਤੁਹੀ ਦੁਹੇਰੀ ਰੀ॥ ਪੰਨਾ - 390*

ਇਹ ਜਾਣਨਾ ਕਿੰਨਾ ਆਵਸ਼ਕ ਹੈ ਕਿ ਜਦ ਤਕ 'ਰਾਮ ਕੀ ਅੰਸ' ਦੇਹੀ ਅੰਦਰ ਵਸਦੀ ਹੈ, ਓਨਾ ਚਿਰ ਹੀ ਇਸ ਦਾ ਮੁੱਲ ਹੈ, ਓਨਾ ਚਿਰ ਹੀ ਸਾਕ ਸਬੰਧੀਆਂ ਵਿਚ ਪਟਰਾਣੀ ਹੋ ਕੇ ਵਿਚਰਦੀ ਹੈ, ਵੱਡਾ ਨਾਮ ਕਮਾਉਂਦੀ ਹੈ, ਇਸ ਨੂੰ ਪਲੋਸ ਪਲੋਸ ਕੇ ਰਖਿਆ ਜਾਂਦਾ ਹੈ, ਇਜ਼ਤ, ਆਬਰੂ ਪ੍ਰਾਪਤ ਕਰਦੀ ਹੈ, ਸਾਰੇ ਜਹਾਨ ਨਾਲ ਰਿਸ਼ਤੇ ਨਾਤੇ ਜੁੜਦੇ ਹਨ, ਸੰਵਾਰਿਆ ਸ਼ਿੰਗਾਰਿਆ ਜਾਂਦਾ ਹੈ ਪਰ ਇਸ ਦੇ ਚਲੇ ਜਾਣ ਪਿਛੋਂ ਘੱਟੋ ਮਿੱਟੀ ਵਿਚ ਰੁਲਣ ਯੋਗ ਹੋ ਜਾਂਦੀ ਹੈ –

*ਉਨ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ॥*
*ਉਨ ਕੈ ਸੰਗਿ ਤੂ ਹੋਈ ਹੈ ਜਾਹਰਿ॥*
*ਉਨ ਕੈ ਸੰਗਿ ਤੂ ਰਖੀ ਪਪੋਲਿ॥*
*ਓਸੁ ਬਿਨਾ ਤੂੰ ਛੁਟਕੀ ਰੋਲਿ॥*
*ਉਨ ਕੈ ਸੰਗਿ ਤੇਰਾ ਮਾਨੁ ਮਹਤੁ॥*
*ਉਨ ਕੈ ਸੰਗਿ ਤੁਮ ਸਾਕੁ ਜਗਤੁ॥*
*ਉਨ ਕੈ ਸੰਗਿ ਤੇਰੀ ਸਭ ਬਿਧਿ ਥਾਟੀ॥*
*ਓਸੁ ਬਿਨਾ ਤੂੰ ਹੋਈ ਹੈ ਮਾਟੀ॥ ਪੰਨਾ - 390*

ਇਸ ਲਈ ਹੇ ਜੀਵ! ਤੂੰ ਤੱਤ ਦੀ ਪਛਾਣ ਕਰ। ਇਹ ਸਮਝ ਕਿ ਤੇਰੇ ਅੰਦਰ ਵਸਦੀ ਨਿਰਲੇਪ ਆਤਮਾ ਨਾ ਮਰਦੀ ਹੈ, ਨਾ ਹੀ ਜੰਮਦੀ ਹੈ। ਪ੍ਰਮਾਤਮ ਹੁਕਮ ਅਨੁਸਾਰ ਇਹ ਸਰੀਰ ਧਾਰਨ ਕਰਦੀ ਤੇ ਕਿਰਿਆਸ਼ੀਲ ਹੁੰਦੀ ਹੈ। ਪਰਮਾਤਮਾ ਆਪ ਹੀ ਇਸ ਨੂੰ ਸਰੀਰ ਨਾਲ ਜੋੜਦਾ ਤੇ ਵਿਛੋੜਦਾ ਹੈ। ਇਹ ਉਸਦੀ ਅਪਾਰ ਸ਼ਕਤੀ ਦੀ ਖੇਡ ਹੈ ਜਿਸ ਨੂੰ ਉਹ ਆਪ ਹੀ ਜਾਣਦਾ ਹੈ –

*ਓਹੁ ਬੈਰਾਗੀ ਮਰੈ ਨ ਜਾਇ॥*
*ਹੁਕਮੇ ਬਾਧਾ ਕਾਰ ਕਮਾਇ॥*
*ਜੋੜਿ ਵਿਛੋੜੇ ਨਾਨਕ ਥਾਪਿ॥*
*ਅਪਨੀ ਕੁਦਰਤਿ ਜਾਣੈ ਆਪਿ॥ ਪੰਨਾ - 390*

ਐਸਾ ਅਨੁਭਵ, ਐਸਾ ਗੁਰਮਤਿ ਗਿਆਨ ਹੀ ਮਨੁੱਖ ਦੀ ਪਰਮ ਲੋੜ ਹੈ ਜਿਸਦੇ ਪਾਸਾਰ ਲਈ 'ਆਤਮ ਮਾਰਗ' ਕਿਰਿਆਸ਼ੀਲ ਹੈ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੀ ਸਿਰਜਨਾ ਇਸ ਮੰਤਵ ਦੀ ਪ੍ਰਾਪਤੀ ਲਈ ਹੀ ਹੋਈ। ਰਤਵਾੜਾ ਸਾਹਿਬ ਦੇ ਸਾਰੇ ਕਾਰਜ, ਸਾਰੇ ਦੀਵਾਨ, ਸਾਰੇ ਸਮਾਗਮ, ਕੈਸਟਾਂ, ਵੀਡੀਓਜ਼, ਪੁਸਤਕਾਂ ਗੁਰੂ ਜੀ ਦੇ ਇਸ ਮਹਾਨ ਸੰਦੇਸ਼ ਨੂੰ ਦੇਸ਼ ਪ੍ਰਦੇਸ ਵਿਚ, ਸਰਬ ਮਨੁਖਤਾ ਵਿਚ ਪਰਸਾਰਣ ਹਿਤ ਸਮਰਪਣ ਹਨ। ਸਤਿਗੁਰੂ ਦੀ ਬਖਸ਼ਿਸ਼ ਸਦਕਾ ਇਨ੍ਹਾਂ ਕਾਰਜਾਂ ਲਈ ਮਹਾਂਪੁਰਸ਼ਾਂ ਦੀ ਅਗਵਾਈ ਪ੍ਰਾਪਤ ਹੈ, ਸਗੋਂ ਬਹੁਤ ਸਾਰਾ ਕਾਰਜ, ਬਹੁਤ ਸਾਰੀ ਰਚਨਾ ਉਨ੍ਹਾਂ ਦੇ ਅੰਤਰੀਵ ਅਨੁਭਵ ਵਿਚੋਂ ਉਪਜ ਰਹੀ ਹੈ। 'ਆਤਮ ਮਾਰਗ' ਰਾਹੀਂ 'ਰਾਮ ਕੀ ਅੰਸ' ਦਾ ਅਨੁਭਵ ਆਪ ਨੇ ਮਾਣਨਾ ਹੈ ਅਤੇ ਘਰ ਘਰ ਦੇਣਾ ਹੈ ਇਹ ਸਾਡਾ ਸਭ ਦਾ ਪ੍ਰਥਮ ਫਰਜ਼ ਹੈ। ਇਹ ਅਨੁਭਵ ਕਿਵੇਂ ਪ੍ਰਾਪਤ ਹੋਵੇ? 'ਆਤਮ ਮਾਰਗ' ਇਸ ਸਮਸਿਆ ਦਾ ਹੀ ਸਮਾਧਾਨ ਹੈ।

*(ਡਾ.) ਜਗਜੀਤ ਸਿੰਘ*

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – ਸਮਾਂ ਸਵੇਰੇ 12.00 ਵਜੇ ਤੋਂ ਬਾਦ ਦੁਪਹਿਰ 4.00 ਵਜੇ ਤੱਕ – 6, 13, 20, 27 ਦਸੰਬਰ ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ** – 3 ਦਸੰਬਰ, ਦਿਨ ਵੀਰਵਾਰ, ਰਤਵਾੜਾ ਸਾਹਿਬ

**ਸੰਗਰਾਂਦ** - 15 ਦਸੰਬਰ, ਦਿਨ ਮੰਗਲਵਾਰ, ਰਤਵਾੜਾ ਸਾਹਿਬ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 18 ਦਸੰਬਰ, ਦਿਨ ਸ਼ੁਕਰਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

# ਕਿਵ ਸਚਿਆਰਾ ਹੋਈਐ?

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ - 57)*

ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੀਵਨ ਵਿਚ ਇਕ ਕਥਾ ਆਉਂਦੀ ਹੈ ਕਿ ਆਪ ਸਿੰਘਾਂ ਦੇ ਨਾਲ ਆਪਣੇ ਘੋੜੇ ਤੇ ਸਵਾਰ ਹੌਲੀ-ਹੌਲੀ ਚਲ ਰਹੇ ਸਨ। ਅੱਗੇ ਕੋਈ ਬਹੁਤ ਵੱਡਾ ਖੇਤ ਆ ਗਿਆ ਜਦੋਂ ਉਥੋਂ ਲੰਘਣ ਲੱਗੇ ਤਾਂ ਇਕ ਤਿਤਰ ਬਹੁਤ ਜ਼ੋਰ-ਜ਼ੋਰ ਦੀ ਬੋਲ ਰਿਹਾ ਸੀ। ਗੁਰੂ ਮਹਾਰਾਜ ਜੀ ਨੇ ਜਦੋਂ ਉਸ ਤਿਤਰ ਦੀ ਅਵਾਜ਼ ਸੁਣੀ ਤਾਂ ਆਪ ਨੇ ਇਕ ਸ਼ਬਦ ਪੜ੍ਹਿਆ -

***ਧਾਰਨਾ - ਭੂਮੀਆ ਭੂਮ ਉਪਰ ਨਿਤ ਲੁਝੈ,***
***ਛੋਡ ਚਲੇ ਤ੍ਰਿਸ਼ਨਾ ਨਹੀਂ ਬੁਝੇ- 2, 2.***
***ਛੋਡ ਚਲੇ ਤ੍ਰਿਸ਼ਨਾ ਨਹੀਂ ਬੁਝੇ - 2, 2.***
***ਭੂਮੀਆ ਭੂਮ ਉਪਰ ਨਿਤ ਲੁਝੈ.... - 2, 2.***

ਨਾਲ ਜਾਣ ਵਾਲੇ ਸਿੰਘ ਨੇ ਕਿਹਾ ਕਿ ਪਾਤਸ਼ਾਹ! ਸਾਨੂੰ ਵੀ ਇਸ ਸ਼ਬਦ ਦਾ ਰਹੱਸ ਦੱਸਣ ਦੀ ਕ੍ਰਿਪਾ ਕਰੋ ਕਿ ਆਪ ਨੇ ਇਸ ਮੌਕੇ ਤੇ ਇਹ ਸ਼ਬਦ ਕਿਉਂ ਪੜ੍ਹਿਆ? ਤਾਂ ਮਹਾਰਾਜ ਜੀ ਨੇ ਕਿਹਾ ਕਿ ਦੇਖੋ, ਇਹ ਤਿਤਰ ਕਿੰਨੇ ਜ਼ੋਰ ਨਾਲ ਬੋਲਦਾ ਹੈ, ਇਹ ਤਿੱਤਰ ਇਸ ਧਰਤੀ ਦਾ ਮਾਲਕ ਸੀ ਜਿਥੇ ਆਪਾਂ ਜਾ ਰਹੇ ਹਾਂ ਭਾਵੇਂ ਇਹ ਥੇਹ ਬਣ ਗਿਆ, ਲੋਕ ਉਜੜ, ਪੁਜੜ ਗਏ ਹਨ ਪਰ ਇਹ ਤਿਤਰ ਇਸ ਥਾਂ ਨੂੰ ਨਹੀਂ ਛਡਦਾ। ਇਹਦੀ ਇਕ ਅੱਖ ਕਾਣੀ ਹੈ ਤੁਸੀਂ ਐਂ ਕਰੋ ਸਾਰੇ ਘੇਰਾ ਪਾ ਲਓ ਅਤੇ ਇਸ ਨੂੰ ਜਿਉਂਦਾ ਫੜ ਕੇ ਸਾਡੇ ਸਾਮ੍ਹਣੇ ਲਿਆਓ। ਸਿੰਘਾਂ ਨੇ ਇਸ ਨੂੰ ਘੇਰਾ ਪਾ ਲਿਆ, ਇਹ ਛੁਪਦਾ ਫਿਰਦਾ ਹੈ, ਨਠਾ-ਨਠਾ ਕੇ ਥਕਾ ਦਿਤਾ ਕਿਉਂਕਿ ਤਿੱਤਰ ਤੇ ਮੋਰ ਦੀ ਉਡਾਰੀ ਬਹੁਤ ਘੱਟ ਹੋਇਆ ਕਰਦੀ ਹੈ। ਇਹ ਲੰਮੀ ਉਡਾਰੀ ਨਹੀਂ ਮਾਰ ਸਕਦੇ। ਜਦੋਂ ਗੁਰੂ ਮਹਾਰਾਜ ਜੀ ਦੇ ਪਾਸ ਲਿਆਂਦਾ ਗਿਆ ਤਾਂ ਸਿੰਘਾਂ ਨੇ ਦੇਖਿਆ ਕਿ ਇਹ ਤਾਂ ਸਚਮੁਚ ਹੀ ਇਕ ਅੱਖ ਤੋਂ ਕਾਣਾ ਹੈ, ਸਾਰਿਆਂ ਨੇ ਗੁਰੂ ਮਹਾਰਾਜ ਨੂੰ ਧੰਨ-ਧੰਨ ਕਰਕੇ ਨਮਸ਼ਕਾਰ ਕੀਤੀ। ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਇਹ ਤਾਂ ਕੋਈ ਕ੍ਰਿਪਾ ਹੀ ਹੋਈ ਹੈ ਕਿ ਇਹ ਤਿੱਤਰ ਆਪ ਨੇ ਮੰਗਵਾਇਆ ਹੈ, ਇਹ ਕੋਈ ਭਾਗਾਂ ਵਾਲਾ ਹੀ ਹੈ ਜਿਸ ਦਾ ਮੇਲ ਆਪ ਦੇ ਪਵਿੱਤਰ ਦਰਸ਼ਨ ਕਰਨ ਦਾ ਹੋਇਆ। ਆਪ ਹੀ ਜਾਣਦੇ ਹੋ ਇਸ ਗੱਲ ਨੂੰ, ਆਪ ਨਾਲ, ਮੇਲ ਕਿਉਂ ਹੋਇਆ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਇਹ ਇਸ ਥਾਂ ਦਾ ਰਾਜਾ ਸੀ, ਬਹੁਤ ਸਮਾਂ ਹੋਇਆ, ਉਸ ਵੇਲੇ ਇਹ ਇਥੇ ਰਾਜ ਕਰਿਆ ਕਰਦਾ ਸੀ ਇਸ ਨੇ ਮਰ-ਮਰ ਕੇ ਬਹੁਤ ਸਾਰੇ ਸਰੀਰ ਧਾਰਨ ਕੀਤੇ ਪਰ ਇਹ ਕਿਸੇ ਹਾਲਤ ਵਿਚ ਆਪਣੀ ਰਾਜਧਾਨੀ ਨੂੰ ਨਹੀਂ ਛਡਦਾ, ਇਹ ਮੋਹ ਦਾ ਬੰਨ੍ਹਿਆ ਹੋਇਆ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਹੈ, ਹੁਣ ਇਸ ਨੇ ਦਰਸ਼ਨ ਕੀਤੇ ਹਨ ਇਹਦੇ ਇਹ ਭਾਗ ਹਨ। ਹੁਣ ਇਸ ਦੇ ਜੰਮਣ ਮਰਨ ਦਾ ਚੱਕਰ ਜੋ ਸੀ ਕੱਟਿਆ ਗਿਆ। ਇਸ ਤਰ੍ਹਾਂ ਮਹਾਰਾਜ ਜੀ ਨੇ ਉਸ ਤਿੱਤਰ ਦਾ ਉਧਾਰ ਕੀਤਾ, ਆਪ ਨੇ ਫੁਰਮਾਨ ਕੀਤਾ ਕਿ ਵਾਸ਼ਨਾ ਕਿੰਨੇ-ਕਿੰਨੇ ਜਨਮ ਆਦਮੀ ਦੇ ਅੰਦਰੋਂ ਜਾਂਦੀ ਨਹੀਂ।

ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਇਕ ਹੋਰ ਨਗਰ ਵਿਚ ਜਾ ਰਹੇ ਸਨ, ਬਹੁਤ ਸਾਰੇ ਸਿੰਘ ਆਪ ਦੇ ਨਾਲ ਸਨ। ਗੁਰੂ ਮਹਾਰਾਜ ਜੀ ਮਾਲਵੇ ਵਿਚ ਅਲਪਾਣੇ ਪਿੰਡ ਪਹੁੰਚਦੇ ਹਨ, ਇਥੇ ਗੁਰੂ ਮਹਾਰਾਜ ਜੀ ਘੋੜਿਆਂ ਤੋਂ ਉਤਰੇ, ਸਾਥੀ ਸਿੰਘਾਂ ਨੇ ਜਲ ਪਾਣੀ ਛਕਿਆ। ਆਪ ਟਹਿਲਦੇ-ਟਹਿਲਦੇ ਇਕ ਥੇਹ ਉਪਰ ਚਲੇ ਗਏ। ਉਥੇ ਇਕ ਸੁੱਕੇ ਦਰਖਤ ਦੇ ਟਾਹਣੇ ਤੇ ਇਕ ਮੋਟਾ ਘੋਗੜ ਬੈਠਾ ਸੀ। ਗੁਰੂ ਮਹਾਰਾਜ ਜੀ ਨੇ ਤੀਰ ਮਾਰ ਕੇ ਉਸ ਨੂੰ ਮਾਰ ਦਿਤਾ। ਸਿੰਘਾਂ ਨੂੰ ਸੰਸਾ ਪੈ ਗਿਆ ਕਿ ਗੁਰੂ ਮਹਾਰਾਜ ਨੇ ਘੋਗੜ ਕਿਉਂ ਮਾਰ ਦਿਤਾ। ਸਾਰਿਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਨੇ ਘੋਗੜ ਨੂੰ ਕਿਉਂ ਮਾਰ ਦਿਤਾ? ਤਾਂ ਆਪ ਨੇ ਕਿਹਾ ਕਿ ਬਹੁਤ ਸਮਾਂ ਹੋਇਆ ਇਹ ਇਕ ਜਨਮ ਵਿਚ ਫੌਜਾਂ ਦਾ ਮਾਲਕ ਰਾਜਾ ਸੀ, ਇਹ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ। ਇਸ ਨਗਰ ਵਿਚ ਇਕ ਹੋਰ ਪ੍ਰੇਮੀ ਸਿੱਖ ਵਸਦਾ ਸੀ, ਉਸ ਨੇ ਗੁਰਸਿਖਾਂ ਨੂੰ ਪ੍ਰਸ਼ਾਦਾ ਵਰਜਿਆ ਅਤੇ ਬਹੁਤ ਹੀ ਪ੍ਰੇਮ ਨਾਲ ਪੂਰੀ ਸ਼ਰਧਾ ਨਾਲ ਛਕਾਇਆ। ਜਦੋਂ ਅਰਦਾਸ ਹੋਈ ਤਾਂ ਤ੍ਰਿਪਤੀ ਦੀ ਭੇਟਾ ਗੁਰੂ ਨੂੰ ਪ੍ਰਾਪਤ ਹੁੰਦੀ ਹੈ ਇਸ ਨੇ ਰਾਜੇ ਨੂੰ ਭੀ ਬੁਲਾਇਆ ਸੀ। ਸੰਗਤ ਪੰਗਤ ਵਿਚ ਬੈਠੇ ਰਾਜੇ ਦੀ ਨਜ਼ਰ ਵਿਕਾਰੀ ਹੋ ਗਈ ਅਤੇ ਉਸ ਨੇ ਇਸ ਪ੍ਰੇਮੀ ਦੀ ਲੜਕੀ ਨੂੰ ਆਪਣੇ ਘਰ ਵਸਾਉਣ ਨੂੰ ਕਿਹਾ। ਪਰ ਸੁਸ਼ੀਲ ਕੰਨਿਆ ਨੇ ਆਪਣੇ ਧਰਮ ਨੂੰ ਪਛਾਣਿਆ ਅਤੇ ਸਾਰੀ ਗੱਲ ਵਿਚਾਰੀ ਕਿ ਜੇ ਮੈਂ ਇਸ ਰਾਜੇ ਨੂੰ ਨਾਂਹ ਕਰਦੀ ਹਾਂ ਤਾਂ ਇਹ ਰਾਜਾ ਹੋ ਸਕਦਾ ਹੈ ਮੇਰੇ ਮਾਤਾ ਪਿਤਾ ਨੂੰ ਕੋਈ ਦੰਡ ਦੇਵੇ ਅਤੇ ਮੈਨੂੰ ਜ਼ਬਰਦਸਤੀ ਹੀ ਚੁਕ ਕੇ ਲੈ ਜਾਵੇ। ਉਸ ਨੇ ਕਿਹਾ ਕਿ ਮੈਂ ਤੇਰੇ ਆਵਾਂਗੀ ਜ਼ਰੂਰ ਪਰ ਮੈਂ ਤੇਰੇ ਕਲ੍ਹ ਨੂੰ ਆਵਾਂਗੀ। ਉਸ ਨੇ ਸਾਰੀ ਗੱਲ ਵਿਚਾਰੀ, ਉਹ ਦੂਸਰੇ ਦਿਨ ਉਸ ਰਾਜੇ ਦੇ ਪਾਸ ਚਲੀ ਜਾਂਦੀ ਹੈ ਅਤੇ ਉਸ ਨੂੰ ਬਹੁਤ ਤਰੀਕਿਆਂ ਨਾਲ ਵਰਜਦੀ ਹੈ ਕਿ ਪਰਾਈਆਂ ਇਸਤ੍ਰੀਆਂ ਨੂੰ ਧੱਕੇ ਨਾਲ ਆਪਣੀ ਕਾਮ ਵਾਸ਼ਨਾ ਦਾ ਸ਼ਿਕਾਰ ਬਣਾਉਣਾ ਬਹੁਤ ਹੀ ਬੁਰੀ ਗੱਲ ਹੈ, ਦੇਖ ਰਾਜਨ ਤੂੰ ਗੁਰੂ ਦਾ ਸਿੱਖ ਹੈਂ। ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥***
***ਭਾਈ ਗੁਰਦਾਸ ਜੀ, ਵਾਰ 6/8***
***ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥***
***ਭਾਈ ਗੁਰਦਾਸ ਜੀ, ਵਾਰ 29/11***

ਗੁਰੂ ਕਦੇ ਵੀ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਕਿ ਬੇਗਾਨੀਆਂ ਲੜਕੀਆਂ ਦੀ ਪੱਤ ਲਾਹੀ ਜਾਵੇ। ਜਦੋਂ ਰਾਜਾ ਨਾ ਸਮਝਿਆ ਉਸ ਵੇਲੇ ਇਸ ਲੜਕੀ ਨੇ ਜ਼ਹਿਰ ਖਾ ਲਈ ਅਤੇ ਰਾਜੇ ਨੂੰ ਸਰਾਪ ਦੇ ਦਿਤਾ ਅਤੇ ਕਿਹਾ ਕਿ ਦੇਖ ਰਾਜਨ! ਰਾਜਾ ਪਿਤਾ ਸਮਾਨ, ਦੂਜੀਆਂ ਲੜਕੀਆਂ ਦੀ ਪਤਿ ਦਾ ਰਾਖਾ ਹੁੰਦਾ ਹੈ। ਮੈਂ ਤੇਰੇ ਤੋਂ ਆਪਣਾ ਸਤਿ ਬਚਾਉਣ ਲਈ ਜ਼ਹਿਰ ਖਾਧੀ ਹੈ, ਤੂੰ ਐਸੀ ਦੁਸ਼ਟ ਭਾਵਨਾ ਰੱਖਦਾ ਹੈਂ, ਤੂੰ ਕਾਮ ਵਾਸ਼ਨਾ ਵਿਚ ਅੰਨ੍ਹਾ ਹੋਇਆ ਹੋਇਆ ਵਿਸ਼ੇ ਰੂਪ ਗੰਦ ਖਾਣ ਦੀ ਵਾਸ਼ਨਾ ਦੇ ਅਧੀਨ ਹੋਇਆ ਮੇਰਾ ਸਤਿ ਤੋੜਨਾ

ਚਾਹੁੰਦਾ ਹੈਂ, ਤੂੰ ਜਨਮਾਂ ਜਨਮਾਤਰਾਂ ਤਾਂਈ ਗੰਦ ਮੰਦ ਮਲੇਛ ਭੱਖੀ ਹੋਵੇਂ। ਜਾਹ, ਤੈਨੂੰ ਰੱਬ ਘੋਗੜ ਕਾਂ ਬਣਾਵੇ ਤਾਂ ਕਿ ਤੂੰ ਫੇਰ ਐਸਾ ਕਰਮ ਨਾ ਕਰੇਂ। ਗੁਰੂ ਮਹਾਰਾਜ ਨੇ ਸਿੰਘਾਂ ਨੂੰ ਦਸਿਆ ਕਿ ਉਸ ਕੁਮਾਰੀ ਕੰਨਿਆ (ਦੇਵੀ ਰੂਪ) ਦਾ ਸਰਾਪ ਲੱਗਿਆ, ਛੇਤੀ ਹੀ ਇਹ ਮਰ ਗਿਆ ਅਤੇ ਸੈਂਕੜੇ ਵਾਰ ਘੋਗੜ ਕਾਂ ਬਣ ਚੁਕਿਆ ਹੈ ਅਤੇ ਗੰਦ ਖਾਂਦਾ ਹੈ। ਕਿਉਂਕਿ ਗੁਰੂ ਪਿਆਰ ਵਿਚ ਰੱਤੇ ਹੋਏ ਗੁਰਸਿੱਖ ਦਾ ਬਚਨ ਕਦੇ ਵੀ ਅਨਥਾ ਨਹੀਂ ਹੁੰਦਾ ਉਹ ਜ਼ਰੂਰ ਫਲ ਦਿੰਦਾ ਹੈ –

*ਧਾਰਨਾ - ਭਾਵੇਂ ਚੰਦਰਮਾ ਨਾਸ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ।*
*ਮੇਰੇ ਪਿਆਰੇ, ਸੰਤਾਂ ਦਾ ਬੋਲ ਨਾ ਟਲੇ।*
*ਭਾਵੇਂ ਚੰਦਰਮਾ ਨਾਸ ਹੋ ਜਾਵੇ,............।*

*ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥*
*ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥*
*ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਨਿਬਾਧਾ॥*
*ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥*
*ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥*
*ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥*
*ਪੰਨਾ - 1204*

ਕਿਉਂਕਿ ਇਹ ਗੁਰੂ ਦਾ ਸਿੱਖ ਰਿਹਾ ਸੀ, ਇਸ ਨੇ ਜਦੋਂ ਸਾਡੇ ਦਰਸ਼ਨ ਕੀਤੇ ਤਾਂ ਇਹ ਪਛਤਾਵੇ ਦੇ ਬੋਲ ਬੋਲਿਆ ਅਤੇ ਇਸ ਨੂੰ ਗਿਆਨ ਹੋਇਆ ਕਿ ਗੁਰੂ ਆਏ ਹਨ। ਸੋ ਇਸ ਘੋਗੜ ਨੇ ਹੁਣ ਬਹੁਤ ਸਜ਼ਾ ਪਾ ਲਈ, ਹੁਣ ਅਸੀਂ ਇਸ ਨੂੰ ਬੀਬੀ ਦੇ ਬਚਨ ਤੋਂ ਬਰੀ ਕਰ ਦਿਤਾ ਹੈ। ਹੁਣ ਇਹ ਜਨਮ ਪ੍ਰਾਪਤ ਕਰਕੇ ਨੇਕੀ ਕਰਕੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਸਾਧਨ ਕਰਕੇ ਦਰਜਾ-ਬ-ਦਰਜਾ ਮੁਕਤੀ ਤਕ ਪਹੁੰਚ ਜਾਵੇਗਾ। ਐਸੇ ਬਚਨ ਸੁਣ ਕੇ ਸਾਰੇ ਗੁਰਸਿੱਖ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰਨ ਲੱਗੇ ਕਿ ਜਿਵੇਂ ਤੁਸੀਂ ਭਾਈ ਜੋਗਾ ਸਿੰਘ ਨੂੰ ਬਚਾਇਆ ਹੈ ਇਸ ਤਰ੍ਹਾਂ ਪਾਤਸ਼ਾਹ! ਤੁਸੀਂ ਸਾਡੀ ਵੀ ਰਾਖੀ ਕਰੋ ਸਾਡਾ ਮਨ ਭੀ ਵਿਸ਼ਿਆਂ ਵਿਚ ਨਾ ਪਵੇ।

ਸੋ ਇਸ ਤਰ੍ਹਾਂ ਦੇ ਨਾਲ ਵਾਸ਼ਨਾ ਬਹੁਤ ਦੇਰ ਤਕ ਚਲਦੀ ਹੈ, ਬੜਾ ਭਾਰੀ ਬੰਧਨ ਹੈ।

*ਧਾਰਨਾ - ਆਸਾ ਨਾ ਮਰਦੀ ਜੀ,*
*ਆਸਾ ਵਿਚ ਜੰਮ-ਜੰਮ ਮਰਦੈ।*
*ਆਸਾ ਵਿਚ ਜੰਮ-ਜੰਮ ਮਰਦੈ - 2, 2.*
*ਆਸਾ ਨਾ ਮਰਦੀ ਜੀ...........।*

*ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ॥*
*ਪੰਨਾ - 517*
*ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ॥*
*ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ॥*
*ਪੰਨਾ - 559*
*ਧਾਰਨਾ - ਆਸਾ ਅੰਦਰ ਸਭ ਕੋ, ਕੋਇ ਨਿਰਾਸਾ ਹੋਇ।*
*ਕੋਇ ਨਿਰਾਸਾ ਹੋਇ - 2, 2.*
*ਆਸਾ ਅੰਦਰ ਸਭ ਕੋ,............।*

*ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ॥*
*ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ॥*
*ਪੰਨਾ - 956*
*ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ॥*
*ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ॥*
*ਪੰਨਾ - 61*
*ਜਬ ਲਗ ਮਨੁ ਬੈਕੁੰਠ ਕੀ ਆਸ॥*
*ਤਬ ਲਗ ਹੋਇ ਨਹੀ ਚਰਨ ਨਿਵਾਸ॥ ਪੰਨਾ - 1161*

ਸੋ ਇਸ ਦਾ ਇਲਾਜ ਸਮਰੱਥ ਗੁਰੂ ਤੋਂ ਸ਼ਬਦ ਪ੍ਰਾਪਤ ਹੋ ਕੇ ਜਦੋਂ ਪੂਰੀਆਂ ਮਾਨਸਿਕ ਅਤੇ ਸਰੀਰਕ ਰਹਿਤਾਂ ਰੱਖ ਕੇ ਕਮਾਈ ਕਰਦਾ ਹੈ, ਗੁਰੂ ਦੀ ਕ੍ਰਿਪਾ ਨਾਲ ਇਸ ਨੂੰ ਸਰੂਪ ਦਾ ਗਿਆਨ ਹੁੰਦਾ ਹੈ ਤਾਂ ਉਸ ਵੇਲੇ ਆਸਾ, ਮਨਸਾ, ਕਰਮ, ਧਰਮ ਸਾਰੀਆਂ ਅਗਿਆਨ ਦੇ ਪਲੜੇ ਪਈਆਂ ਨਿਰਾਰਥਕ ਵਸਤੂਆਂ ਦਿਸਦੀਆਂ ਹਨ। ਪੜ੍ਹੋ –

*ਧਾਰਨਾ - ਸ਼ਬਦ ਜਲਾਉਂਦਾ ਹੈ,*
*ਆਸਾ ਤੇ ਮਨਸਾ ਤਾਈਂ -2, 2.*
*ਆਸਾ ਤੇ ਮਨਸਾ ਤਾਈਂ - 2, 2.*
*ਸ਼ਬਦ ਜਲਾਉਂਦਾ ਹੈ,...........।*

*ਕਿਤੁ ਬਿਧਿ ਪੁਰਖਾ ਜਨਮੁ ਵਟਾਇਆ॥*
*ਕਾਹੇ ਕਉ ਤੁਝੁ ਇਹੁ ਮਨੁ ਲਾਇਆ॥*
*ਕਿਤੁ ਬਿਧਿ ਆਸਾ ਮਨਸਾ ਖਾਈ॥*
*ਕਿਤੁ ਬਿਧਿ ਜੋਤਿ ਨਿਰੰਤਰਿ ਪਾਈ॥*
*ਬਿਨੁ ਦੰਤਾ ਕਿਉ ਖਾਈਐ ਸਾਰੁ॥*
*ਨਾਨਕ ਸਾਚਾ ਕਰਹੁ ਬੀਚਾਰੁ॥ ਪੰਨਾ - 940*

ਜਦੋਂ ਪੂਰਨ ਗਿਆਨ ਹੋ ਜਾਂਦਾ ਹੈ ਉਸ ਵੇਲੇ ਮਨੁੱਖ ਸਾਰੀਆਂ ਆਸ਼ਾਵਾਂ ਵਿਚੋਂ ਨਿਕਲ ਜਾਇਆ ਕਰਦਾ ਹੈ। ਮਾਇਆ ਐਨੀ ਪ੍ਰਬਲ ਹੈ ਕਿ ਜਨਮਾਂ ਜਨਮਾਂਤਰਾਂ ਤਕ ਵੀ ਇਸ ਦਾ ਨਾਸ਼ ਨਹੀਂ ਹੋਇਆ ਕਰਦਾ।

*ਧਾਰਨਾ - ਆਸਾ ਨਾ ਮਰਦੀ ਜੀ,*
*ਆਸਾ ਵਿਚ ਜੰਮਦਾ ਮਰਦੈ - 2, 2.*
*ਆਸਾ ਵਿਚ ਜੰਮਦਾ ਮਰਦੈ - 2, 2.*
*ਆਸਾ ਨ ਮਰਦੀ ਜੀ, ............।*

ਆਸ਼ਾਵਾਂ, ਵਾਸ਼ਨਾਵਾਂ ਕਿੰਨੀਆਂ ਪ੍ਰਬਲ ਹੁੰਦੀਆਂ ਹਨ ਇਕ ਸਾਖੀ ਨਾਲ ਪਤਾ ਲਗ ਜਾਏਗਾ।

ਸ੍ਰੀ ਰਾਮ ਚੰਦਰ ਜੀ ਮਹਾਰਾਜ, ਵਸ਼ਿਸ਼ਟ ਜੀ, ਵਿਸ਼ਵਾਮਿਤਰ ਤੇ ਹੋਰ ਮਹਾਂਰਿਸ਼ੀ ਸਤਿਸੰਗ ਵਿਚ ਬੈਠੇ ਹਨ, ਬਚਨ ਬਿਲਾਸ ਹੋ ਰਹੇ ਹਨ। ਅਚਾਨਕ ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉਚੀ ਉਚੀ ਹੱਸਣ ਲਗ ਗਏ। ਸਭ ਦਾ ਧਿਆਨ ਓਧਰ ਆਕਰਸ਼ਿਤ ਹੋ ਗਿਆ। ਉਸ ਵੇਲੇ ਵਸ਼ਿਸ਼ਟ ਜੀ ਨੇ ਪੁਛਿਆ ਹੇ ਰਾਮ ਜੀ! ਆਪ ਐਨੇ ਜ਼ੋਰ ਦੀ ਹੱਸੇ ਓਂ, ਕਾਰਨ ਕੀ ਹੈ? ਅਸੀਂ ਆਲਾ ਦੁਆਲਾ ਦੇਖਿਆ ਹੈ ਕੋਈ ਕਾਰਨ ਸਾਨੂੰ ਤਾਂ ਨਜ਼ਰ ਨਹੀਂ ਆਇਆ?

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਵਸ਼ਿਸ਼ਟ ਜੀ ਅਸੀਂ ਤਾਂ ਇਸ ਕੀੜੇ ਨੂੰ ਦੇਖ ਕੇ ਹੱਸੇ ਹਾਂ। ਧਿਆਨ ਨਾਲ

ਦੇਖਿਆ ਉਸ ਕੀੜੇ ਦੀਆਂ ਪਿਛਲੀਆਂ ਦੋ ਲੱਤਾਂ ਟੁਟੀਆਂ ਹੋਈਆਂ ਸੀ। ਪੇਟ ਦੇ ਭਾਰ ਦੀਵਾਰ ਦੇ ਉਪਰ ਚੜ੍ਹਨ ਦਾ ਯਤਨ ਕਰਦਾ ਹੈ, ਥੋੜ੍ਹਾ ਉਚਾ ਜਾਂਦਾ ਹੈ ਫੇਰ ਹੇਠਾਂ ਗਿਰ ਜਾਂਦਾ ਹੈ।

ਵਸ਼ਿਸ਼ਟ ਜੀ ਨੇ ਕਿਹਾ ਕਿ ਮਹਾਰਾਜ! ਇਹ ਤਾਂ ਕੋਈ ਹਸਣ ਦਾ ਕਾਰਨ ਨਹੀਂ ਹੋ ਸਕਦਾ ਕਿਉਂਕਿ ਇਸ ਕੀੜੇ ਦੀਆਂ ਲੱਤਾਂ ਟੁੱਟੀਆਂ ਹੋਈਆਂ ਨੇ ਇਸ ਕਰਕੇ ਇਹ ਦੀਵਾਰ ਤੇ ਚੜ੍ਹ ਨਹੀਂ ਸਕਦਾ ਤੇ ਗਿਰ ਜਾਂਦਾ ਹੈ। ਆਪ ਕ੍ਰਿਪਾ ਕਰਕੇ ਸਾਰਾ ਭੇਤ ਖੋਲ੍ਹ ਕੇ ਦੱਸੋ।

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, "ਵਸ਼ਿਸ਼ਟ ਜੀ! ਇਹ ਜੋ ਕੀੜਾ ਹੈ, ਇਹ ਅੱਜ ਤੋਂ ਪਹਿਲਾਂ 14 ਵਾਰੀ ਸਵਰਗ ਦੇ ਰਾਜਾ ਇੰਦਰ ਦੇ ਤਖਤ ਤੇ ਇੰਦਰਲੋਕ ਦਾ ਰਾਜਾ ਬਣ ਚੁਕਿਆ ਹੈ। ਭੋਗ ਦੀ ਵਾਸ਼ਨਾ ਇਸ ਨੂੰ 84 ਲੱਖ ਜੂਨਾਂ ਦੇ ਚੱਕਰ ਵਿਚ ਸੁੱਟ ਦਿੰਦੀ ਹੈ ਫੇਰ ਮੁੜ ਕੇ 84 ਲੱਖ ਜੂਨੀਆਂ 'ਚੋਂ ਘੁੰਮਦਾ ਹੋਇਆ ਮਾਨਸ ਦੇਹੀ ਪ੍ਰਾਪਤ ਕਰਦਾ ਹੈ, ਫੇਰ ਮੁੜ ਕੇ ਤਪ ਕਰਦਾ ਹੈ, ਯੱਗ ਕਰਦਾ ਹੈ, ਯੱਗ ਕਰਕੇ ਫੇਰ ਇੰਦਰ ਦੇ ਤਖਤ ਤੇ ਬੈਠਦਾ ਹੈ, ਮੁੜ ਕੇ ਫੇਰ ਥੱਲੇ ਨੂੰ ਚਲ ਪੈਂਦਾ ਹੈ। ਅਸੀਂ ਇਸ ਮੂਰਖ ਦੀ ਮਤਿ ਦੇਖ ਕੇ ਹੱਸੇ ਹਾਂ ਕਿ ਪਰਮਪਦ ਦੀ ਪ੍ਰਾਪਤੀ ਕਰਕੇ ਸਾਰੇ ਦੁਖਾਂ ਤੋਂ ਸਦਾ ਲਈ ਬਰੀ ਹੋਣ ਵਾਲੀ ਅਵਸਥਾ ਦੀ ਪ੍ਰਾਪਤੀ ਕਰਨ ਬਾਰੇ ਨਹੀਂ ਸੋਚਦਾ।

ਵਾਸ਼ਨਾ ਦਾ ਬੰਨ੍ਹਿਆ ਹੋਇਆ ਜੀਵ ਜੰਮਦਾ ਹੈ ਤੇ ਮਰਦਾ ਹੈ। ਹਰੇਕ ਬੰਦੇ ਨੂੰ ਧਨ ਦੀ ਵਾਸ਼ਨਾ ਲੱਗੀ ਹੋਈ ਹੈ ਕਿ ਮੇਰੇ ਕੋਲ ਬਹੁਤਾ ਧਨ ਹੋ ਜਾਵੇ। ਜਿਹਨੇ ਕੋਠੀ ਪਾ ਲਈ ਉਹ ਕਹਿੰਦਾ ਹੈ ਮੇਰੇ ਕੋਲ ਸਵਾਰੀ ਹੋ ਜਾਏ, ਸਵਾਰੀ ਹੋ ਗਈ ਫੇਰ ਕਹਿੰਦਾ ਹੈ ਮੇਰੀ ਫੈਕਟਰੀ ਲੱਗ ਜਾਏ, ਫੈਕਟਰੀ ਲਗ ਗਈ ਕਹਿੰਦਾ ਹੈ ਮੈਂ ਵੱਡਿਆਂ ਸ਼ਹਿਰਾਂ ਵਿਚ ਜਾ ਕੇ ਕੋਠੀਆਂ ਖਰੀਦ ਲਵਾਂ, ਇਸ ਤਰ੍ਹਾਂ ਇਹ ਵਾਸ਼ਨਾ ਵਧਦੀ ਹੀ ਜਾਂਦੀ ਹੈ –

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਪੰਨਾ - 1*

*ਬਿਨਾ ਸੰਤੋਖ ਨਹੀ ਕੋਊ ਰਾਜੈ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥ ਪੰਨਾ - 279*

ਸੋ ਦੂਸਰੀ ਵਾਸ਼ਨਾ ਹੋਇਆ ਕਰਦੀ ਹੈ ਪੁਤਰ ਦੀ। ਕਹਿੰਦਾ ਹੈ ਪੁੱਤਰ ਹੋ ਜਾਵੇ, ਪੁਤਰ ਹੋ ਜਾਵੇ, ਉਹਦੇ ਲਈ ਵੱਡੇ-ਵੱਡੇ ਕਰਮ ਕਰਦਾ ਹੈ।

ਤੀਸਰੀ ਹੋਇਆ ਕਰਦੀ ਹੈ ਦੇਹ ਵਾਸ਼ਨਾ – ਦੇਹ ਨੂੰ ਸ਼ਿੰਗਾਰਦਾ ਰਹਿੰਦਾ ਹੈ, ਦੇਹ ਨੂੰ ਮੈਂ ਮੰਨ ਕੇ ਆਪਣਾ ਆਪ ਆਤਮ ਸਰੂਪ ਭੁੱਲ ਕੇ ਇਸ ਵਾਸ਼ਨਾ ਵਿਚ ਪਿਆ ਰਹਿੰਦਾ ਹੈ, ਭੋਗਾਂ ਵਿਚ ਪਿਆ ਰਹਿੰਦਾ ਹੈ। ਇਸੇ ਤਰ੍ਹਾਂ ਚੌਥੀ ਸਾਸ਼ਤਰ ਵਾਸ਼ਨਾ, ਪੰਜਵੀਂ ਲੋਕ ਲਾਜ ਵਾਸ਼ਨਾ ਹੋਇਆ ਕਰਦੀ ਹੈ। ਸਾਸ਼ਤਰ ਵਾਸ਼ਨਾ 'ਚ ਕਿਤਾਬਾਂ ਪੜ੍ਹੀ ਜਾਂਦਾ ਹੈ। ਲੋਕ ਵਾਸ਼ਨਾ 'ਚ ਕੋਈ ਕੰਮ ਕਰਕੇ ਚਾਹੁੰਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ, ਮੈਨੂੰ ਬਹੁਤ ਚੰਗਾ ਕਹਿਣ। ਇਸ ਨੇ ਬਹੁਤ ਵਧੀਆ ਵਿਆਹ ਕੀਤਾ ਹੈ, ਬਹੁਤ ਵਧੀਆਂ ਇਸ ਦੀ ਕੋਠੀ ਹੈ। ਸੋ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਇਹ ਜੂਨੀਆਂ 'ਚ ਘੁੰਮਦਾ ਰਹਿੰਦਾ ਹੈ। ਕਾਰੋਬਾਰ ਦੀ ਵਾਸ਼ਨਾ, ਪੜ੍ਹਾਈ ਦੀ ਵਾਸ਼ਨਾ, ਅਨੁਸ਼ਠਾਨ ਵਾਸ਼ਨਾ। ਵਾਸ਼ਨਾਵਾਂ ਦਾ ਕੋਈ ਅੰਤ ਨਹੀਂ, ਬੇਅੰਤ ਵਾਸ਼ਨਾਵਾਂ ਨੇ, ਬੈਕੁੰਠ ਦੀ ਵਾਸ਼ਨਾ ਹੈ, ਸਵਰਗ ਦੀ ਵਾਸ਼ਨਾ ਹੈ –

*ਜਬ ਲਗ ਮਨ ਬੈਕੁੰਠ ਕੀ ਆਸ॥*
*ਤਬ ਲਗ ਹੋਇ ਨਹੀ ਚਰਨ ਨਿਵਾਸ॥ ਪੰਨਾ - 1161*

ਸੋ –

*ਆਸਾ ਅੰਦਰ ਜੰਮਿਆ ਆਸਾ ਰਸ ਰਸ ਖਾਇ॥*
*ਆਸਾ ਬੰਧਿ ਚਲਾਇਐ ਮੁਹੇ ਮੁਹਿ ਚੋਟਾ ਖਾਇ॥*
*ਪੰਨਾ - 61*

ਸੋ ਇਹ ਆਸਾ ਬੜਾ ਭਾਰੀ ਸੰਗਲ ਹੈ, ਜਿਹੜਾ ਗਿਆਨ ਨਹੀਂ ਹੋਣ ਦਿੰਦਾ ਤੇ ਆਸਾ ਦਾ ਇਲਾਜ ਕੀ ਹੈ। ਉਹਦਾ ਇਲਾਜ ਮਹਾਰਾਜ ਜੀ ਦਸਦੇ ਹਨ –

*ਧਾਰਨਾ - ਸ਼ਬਦ ਜਲਾਉਂਦਾ ਹੈ,*
*ਆਸਾ ਤੇ ਮਨਸਾ ਤਾਂਈ -2, 2.*
*ਆਸਾ ਤੇ ਮਨਸਾ ਤਾਂਈ - 2, 2.*
*ਸ਼ਬਦ ਜਲਾਉਂਦਾ ਹੈ,..........।*

ਸੋ ਸ਼ਬਦ ਦੀ ਪ੍ਰਾਪਤੀ ਤੋਂ ਬਿਨਾਂ ਇਹ ਵਾਸ਼ਨਾਵਾਂ ਜਲਿਆ ਨਹੀਂ ਕਰਦੀਆਂ। ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਪਹਿਲਾਂ ਦੱਸੀਆਂ ਹੋਈਆਂ ਰਹਿਤਾਂ ਦੇ ਮੁਤਾਬਿਕ ਇਹ ਸ਼ਬਦ ਦੀ ਕਮਾਈ ਕਰਦਾ ਹੈ, ਤਾਂ ਅੰਦਰਲਾ ਸ਼ਬਦ ਪ੍ਰਗਟ ਹੋ ਜਾਂਦਾ ਹੈ ਇਸ ਸ਼ਬਦ ਨੂੰ 'ਸੋ ਸ਼ਬਦ' ਵੀ ਆਖਿਆ ਜਾਂਦਾ ਹੈ। ਕਈ ਮਹਾਂਪੁਰਸ਼ ਇਸ ਨੂੰ 'ਸੋਹੰ ਹੰਸਾ' ਵੀ ਆਖਦੇ ਹਨ, ਕਈ ਯੋਗੀਰਾਜ ਇਸ ਨੂੰ ਓਅੰਕਾਰ ਦੀ ਧੁਨ ਆਖਦੇ ਹਨ।

ਗੁਰੂ ਨਾਨਕ ਪਾਤਸ਼ਾਹ ਸੁਮੇਰ ਪਰਬਤ ਉਪਰ ਜਾ ਕੇ ਸਿਧਾਂ ਨੂੰ ਮਿਲੇ, ਉਸ ਵੇਲੇ ਗੋਰਖਨਾਥ ਨੇ, ਉਸ ਦੇ ਅਨੁਆਈਆਂ ਨੇ ਬਹੁਤ ਪ੍ਰਸ਼ਨ ਕੀਤੇ ਜੋ ਸਿੱਧ ਗੋਸ਼ਟ ਵਿਚੋਂ ਵਿਚਾਰੇ ਜਾ ਸਕਦੇ ਹਨ, ਉਸ ਵਿਚ ਇਕ ਪ੍ਰਸ਼ਨ ਕੀਤਾ ਕਿ ਹੇ ਨਾਨਕ! ਇਹ ਤਾਂ ਦਸ –

*ਸੋ ਸ਼ਬਦ ਕਾ ਕਹਾ ਬਾਸੁ ਕਥੀਅਲੇ॥*

ਕਹਿਣ ਲੱਗੇ, "ਹੇ ਨਾਨਕ! ਉਹ ਸ਼ਬਦ ਕਿਥੇ ਵਸਦਾ ਹੈ ਜਿਸ ਨੇ ਸਾਰੇ ਸੰਸਾਰ ਨੂੰ ਧਾਰਿਆ ਹੋਇਆ ਹੈ। ਸਾਰੇ ਸੰਸਾਰ ਨੂੰ ਥੰਮਿਆ ਹੋਇਆ ਹੈ, ਉਹ ਓਅੰਕਾਰ ਕਿਥੇ ਰਹਿੰਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਹ ਸ਼ਬਦ ਸੁੰਨ ਵਿਚ (ਏਕੰਕਾਰ) ਵਿਚ ਰਹਿੰਦਾ ਹੈ, ਉਨ੍ਹਾਂ ਨੇ ਫੇਰ ਪੁਛਿਆ ਕਿ ਜਦੋਂ ਏਕੰਕਾਰ ਵੀ ਨਹੀਂ ਸੀ ਉਸ ਵੇਲੇ ਉਹ ਸ਼ਬਦ ਕਿਥੇ ਰਹਿੰਦਾ ਸੀ। ਮਹਾਰਾਜ ਜੀ ਕਹਿਣ ਲੱਗੇ ਕਿ ਉਸ ਵੇਲੇ ਨਿਰੰਕਾਰ ਜੀ ਅਫੁਰ ਅਵਸਥਾ ਵਿਚ ਸੀ। ਭਾਈ ਗੁਰਦਾਸ ਜੀ ਸਪਸ਼ਟ ਕਰਦਿਆਂ ਫੁਰਮਾਨ ਕਰਦੇ ਹਨ –

*ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ 26/2*

ਇਹੋ ਸ਼ਬਦ ਇਸ ਮਨੁੱਖ ਦੇ ਦਸਮ ਦੁਆਰ ਵਿਚ ਪਰਤੱਖ ਹੁੰਦਾ ਹੈ। ਇਸ ਨੂੰ ਅਫੁਰ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ ਫੁਰਮਾਨ ਹੈ –

*ਧਾਵਤੁ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*

*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ॥*
*ਇਉ ਕਹੈ ਨਾਨਕੁ ਸਤਿਗੁਰਿ ਮਿਲਿਐ*
*ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥*
*ਪੰਨਾ - 441*

ਉਸੇ ਥਾਂ ਉਪਰ ਨਾਮ ਦਾ ਵਾਸਾ ਵੀ ਆਖਦੇ ਹਨ -

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਦਸਵੇਂ ਵਿਚ ਵਾਹਿਗੁਰੂ ਜੀ ਦਾ ਵਾਸਾ ਹੈ, ਉਥੇ ਹੀ ਇਸ ਸ਼ਬਦ ਦਾ ਵਾਸਾ ਹੈ -

*ਜਗਤੁ ਉਪਾਇ ਖੇਲੁ ਰਚਾਇਆ॥*
*ਪਵਣੈ ਪਾਣੀ ਅਗਨੀ ਜੀਉ ਪਾਇਆ॥*
*ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ॥*
*ਪੰਨਾ - 1031*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਨਿਰੰਕਾਰ ਆਪਣੇ ਸਰੂਪ ਵਿਚ ਸਥਿਤ ਸੀ ਉਸ ਵੇਲੇ ਨਿਰੰਕਾਰ ਨੇ ਏਕੰਕਾਰ ਜੀ ਦਾ ਰੂਪ ਧਾਰਿਆ ਅਤੇ ਏਕੰਕਾਰ ਤੋਂ ਸ਼ਬਦ ਹੋਇਆ, ਉਸ ਸ਼ਬਦ ਦਾ ਅਸੀਂ ਜ਼ਿਕਰ ਕਰਦੇ ਹਾਂ ਕਿ ਜਦੋਂ ਉਹ ਸ਼ਬਦ ਸਾਧਨਾ ਕਰਕੇ ਪ੍ਰਗਟ ਹੋ ਜਾਂਦਾ ਹੈ, ਉਸ ਵੇਲੇ ਵਾਸ਼ਨਾਵਾਂ ਸੜ ਜਾਇਆ ਕਰਦੀਆਂ ਹਨ। ਮਨ ਅ-ਮਨ ਹੋ ਜਾਂਦਾ ਹੈ, ਵਾਸ਼ਨਾ ਖੈ ਹੋ ਜਾਂਦੀ ਹੈ, ਤਤ੍ਵ ਗਿਆਨ ਪ੍ਰਗਟ ਹੋ ਜਾਂਦਾ ਹੈ, ਇਥੇ ਕੋਈ ਫੁਰਨਾ ਨਹੀਂ ਹੁੰਦਾ, ਅਖੰਡ ਸਮਾਧੀ ਲਗਦੀ ਹੈ।

*ਗੁਰਮੁਖਿ ਅੰਤਰੁ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*
*ਪੰਨਾ - 1414*

ਗੁਰਸਿੱਖ ਪਿਆਰੇ ਕਿਉਂਕਿ ਗ੍ਰਿਹਸਤੀ ਹਨ ਇਹ ਲੰਮੀਆਂ ਸਮਾਧੀਆਂ ਲਾ ਕੇ ਨਹੀਂ ਬੈਠਦੇ, ਇਨ੍ਹਾਂ ਨੇ ਬੇਅੰਤ ਕਾਰਜ ਹੁਕਮ ਵਿਚ ਕਰਨੇ ਹੁੰਦੇ ਹਨ। ਵਾਹਿਗੁਰੂ ਜੀ ਨੇ ਅੰਦਰ ਐਸੀ ਘੜੀ ਦਿਤੀ ਹੈ ਇਕ ਮਿੰਟ ਤੇ ਸਕਿੰਟ ਦਾ ਵੀ ਫਰਕ ਨਹੀਂ ਪੈਂਦਾ, ਇਹ ਪ੍ਰਤਿਆ ਕੇ ਦੇਖਿਆ ਹੈ।

ਇਕ ਵਾਰੀ ਮੈਂ ਕੈਬਲਰੀ (ਰਸਾਲੇ) ਵਿਚ ਨੌਕਰੀ ਕਰਦਾ ਸੀ ਤਾਂ ਉਸ ਵੇਲੇ ਮੈਨੂੰ ਦੋ ਵਜੇ ਆਪਣੇ ਕਮਾਂਡਰ ਦੇ ਘਰ ਅਖੰਡਪਾਠ ਵਿਚ ਜਾਣਾ ਸੀ। ਢਾਈ ਮੀਲ ਤੇ ਉਨ੍ਹਾਂ ਦੀ ਕੋਠੀ ਸੀ। ਰਾਤ ਨੂੰ ਫੁਰਨਾ ਕਰ ਲੈਂਦਾ ਸੀ ਕਿ ਐਨੇ ਵਜੇ ਉਠਨਾ ਹੈ। ਠੀਕ ਉਸੇ ਸਮੇਂ ਮੇਰੀ ਸਵੇਰੇ ਜਾਗ ਖੁਲ੍ਹ ਜਾਣੀ। ਮੈਂ ਉਸੇ ਵੇਲੇ ਉਠ ਕੇ ਇਸ਼ਨਾਨ ਕਰਕੇ, ਸਾਇਕਲ ਉਪਰ ਚਲ ਪੈਂਦਾ ਸੀ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਜਾ ਕੇ ਸੀਸ ਨਿਵਾਉਣਾ ਤਾਂ ਉਪਰ ਲੱਗੀ ਘੜੀ ਵਲ ਦੇਖਣਾ ਠੀਕ 2 ਵੱਜੇ ਹੁੰਦੇ ਸੀ। ਸਾਰੇ ਹੈਰਾਨ ਸਨ ਕਿ ਇਹ ਕਿਵੇਂ ਟਾਈਮ ਤੇ ਆ ਜਾਂਦਾ ਹੈ। ਇਸ ਪਾਸ ਤਾਂ ਘੜੀ ਵੀ ਨਹੀਂ ਹੈ।

ਸੋ ਕੋਈ ਵੀ ਆਦਮੀ ਸ਼ੁਭ ਚਿਤ ਨਾਲ ਰਾਤ ਨੂੰ ਸੋਚ ਕੇ ਪੈ ਜਾਵੇ ਤਾਂ ਉਸੇ ਸਮੇਂ ਜਾਗ ਆ ਜਾਂਦੀ ਹੈ। ਬਾਕੀ ਉਠਣਾ ਨਾ ਉਠਣਾ ਉਸ ਦੀ ਆਪਣੀ ਮਰਜ਼ੀ ਹੁੰਦੀ ਹੈ। ਭਾਵੇਂ ਉਸੇ ਵੇਲੇ ਉਠ ਕੇ ਇਸ਼ਨਾਨ ਕਰ ਲਵੇ, ਭਾਵੇਂ ਸੁਸਤੀ ਕਰਕੇ ਪਿਆ ਰਹੇ ਇਹ ਤਾਂ ਆਪਣੀ ਮਰਜ਼ੀ ਹੈ। ਇਸੇ ਤਰ੍ਹਾਂ ਗੁਰਮੁਖ ਪਿਆਰੇ ਆਪਣੇ ਅੰਦਰ ਹੀ ਅਲਾਰਮ ਲਾ ਲੈਂਦੇ ਹਨ ਅਤੇ ਹੁਕਮ ਦੇ ਅੰਦਰ ਆਪਣੇ ਕਾਰਜ ਕਰਦੇ ਹਨ। ਸੋ ਉਸ ਸ਼ਬਦ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*
*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋਹ ਰਹਾ।*
*ਦਸਮ ਗ੍ਰੰਥ*

ਓਅੰਕਾਰ ਦੀ ਧੁਨ ਅਮਰ ਹੈ ਅਤੇ ਉਹ ਸਾਰੀ ਕੁਦਰਤ ਵਿਚ ਰਮੀ ਹੋਈ ਹੈ। ਬਹੁਤ ਜ਼ਿਆਦਾ ਸਾਧਨ ਕਰਨ ਉਪਰੰਤ ਉਹ ਧੁਨ ਦਰਖਤਾਂ ਵਿਚੋਂ, ਪਸ਼ੂਆਂ ਵਿਚੋਂ, ਬੰਦਿਆਂ ਵਿਚੋਂ ਆਮ ਸੁਣੀ ਜਾਂਦੀ ਹੈ। ਮਹਾਂਪੁਰਸ਼ਾਂ ਵਿਚ ਤਾਂ ਉਹ ਧੁਨ ਪੂਰੇ ਜ਼ੋਰ ਨਾਲ ਗਜਦੀ ਰਹਿੰਦੀ ਹੈ। ਉਸ ਦਾ ਕਿਸੇ ਵੀ ਸਰੀਰ ਤੋਂ ਅਭਾਵ ਨਹੀਂ ਹੋਇਆ ਕਰਦਾ। ਏਕੰਕਾਰ ਤੋਂ ਸ਼ਬਦ ਧੁਨ ਹੋਈ ਉਸ ਨੂੰ ਓਅੰਕਾਰ ਕਿਹਾ ਗਿਆ। ਪਹਿਲੇ ਅਚਾਰੀਆ ਉਸ ਨੂੰ 'ਓਅੰ' ਜਾਂ 'ਓਂ' ਕਹਿੰਦੇ ਸਨ ਜਿਸ ਤੋਂ ਸਾਰੇ ਆਕਾਰ ਬਣਾਏ ਗਏ। ਇਸ ਸ਼ਬਦ ਧੁਨ ਤੋਂ ਸਾਰੀ ਸ੍ਰਿਸ਼ਟੀ ਰਚੀ ਗਈ ਇਹ ਅਤਿ ਸੂਖਸ਼ਮ ਧੁਨ ਹਰ ਫਰਦੋ ਬਸ਼ਰ ਹਰ ਜੀਵ ਵਿਚ ਅਖੰਡ ਚਲ ਰਹੀ ਹੈ ਪਰ ਇਸ ਨੂੰ ਸੁਣਨ ਲਈ ਬਿਰਤੀ ਨੂੰ ਅਤਿ ਸੂਖਸ਼ਮ ਕਰਨਾ ਪੈਂਦਾ ਹੈ। ਅਨਹਦ ਸ਼ਬਦ ਨਾਲ ਜਦੋਂ ਨਾਮ ਦੀ ਅਰਾਧਨਾ ਕਰਦੇ ਹਾਂ ਉਸ ਵੇਲੇ ਸੂਖਸ਼ਮਤਾਈ ਬਹੁਤ ਗਹਿਰੀ ਹੋ ਜਾਂਦੀ ਹੈ ਜਦੋਂ ਸਾਡੀ ਬਿਰਤੀ ਇਸੇ ਸਰੀਰ ਵਿਚ ਗਹਿਰੀ ਚਲੀ ਜਾਂਦੀ ਹੈ ਤਾਂ ਓਅੰਕਾਰ ਦੀ ਧੁਨ ਲਗਾਤਾਰ ਸੁਣਦੀ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥ ਪੰਨਾ - 879*

ਜਦੋਂ ਉਹ ਧੁਨ ਪੈਦਾ ਹੋ ਜਾਂਦੀ ਹੈ, ਉਸ ਵੇਲੇ ਇਹ ਜਿਹੜੀਆਂ ਨਿਰਾਰਥਕ ਚੀਜ਼ਾਂ ਨੇ ਆਸਾ, ਮਨਸਾ, ਕਰਮ, ਧਰਮ ਸਭ ਅਗਿਆਨ ਦੇ ਪਲੜੇ ਵਿਚ ਮਾਨੋ ਨਿਰਾਰਥਕ ਵਸਤੂਆਂ ਦੇ ਵੱਟੇ ਪਾਏ ਹੋਏ ਹਨ। ਆਤਮਾ ਨਿਰਚਾਹ ਹੈ, ਉਸ ਨੂੰ ਕੋਈ ਵਾਸ਼ਨਾ ਨਹੀਂ ਹੈ। ਮੈਲੀਆਂ ਤੇ ਸ਼ੁਭ ਵਾਸ਼ਨਾਵਾਂ ਦੋਵੇਂ ਛੱਡੀਆਂ ਜਾਂਦੀਆਂ ਹਨ, ਆਤਮਾ ਨੂੰ ਕਿਸੇ ਦੀ ਵੀ ਲੋੜ ਨਹੀਂ ਹੈ। ਅੰਦਰ ਸ਼ਬਦ ਰੂਪੀ ਦੀਪਕ ਉਜਿਆਰਾ ਹੋ ਜਾਂਦਾ ਹੈ, ਅੰਦਰ ਗਿਆਨ ਦਾ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ। ਅਨੂਪ ਵਸਤੂ ਤਤ੍ਵ-ਤੂੰ ਦੀ ਪ੍ਰਾਪਤੀ ਹੋ ਜਾਂਦੀ ਹੈ ਫੇਰ ਉਸ ਨੂੰ ਆਪਣਾ ਆਪਾ ਹੀ ਨਜ਼ਰ ਆਉਂਦਾ ਹੈ, ਆਸਾ ਤੇ ਵਾਸ਼ਨਾਵਾਂ ਸਭ ਵਿਚ ਹੀ ਭਸਮ ਹੋ ਜਾਂਦੀਆਂ ਹਨ।

ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ, ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਬਾਦ ਹੋਏ ਹਨ। ਹੋਤੀ ਮਰਦਾਨ ਦੇ ਡੇਰੇ ਵਿਚ ਬਹੁਤ ਚੰਗੀਆਂ-ਚੰਗੀਆਂ ਗਊਆਂ ਸ਼ਰਧਾਲੂ ਭੇਟਾ ਕਰ ਜਾਇਆ ਕਰਦੇ ਸਨ ਅਤੇ ਉਨ੍ਹਾਂ ਦਾ ਦੁੱਧ ਘੀ ਦਰਸ਼ਨ ਕਰਨ ਵਾਲੀਆਂ ਸੰਗਤਾਂ ਨੂੰ ਲੰਗਰ ਵਿਚ ਵਰਤਾਇਆ ਜਾਂਦਾ ਸੀ। ਸਿੰਧ ਦਰਿਆ ਤੋਂ ਪਾਰ ਬਿਲੋਚਸਤਾਨ ਵਿਚ ਬਲੋਚ ਕੌਮ ਵਸਦੀ ਹੈ ਜਿਨ੍ਹਾਂ ਨੂੰ ਅਸੀਂ ਪਠਾਣ ਕਹਿ ਦਿੰਦੇ ਹਾਂ। ਉਹ ਰਾਤ ਨੂੰ ਆਏ ਤੇ ਗਊਆਂ ਖੋਲ੍ਹ ਕੇ ਲੈ ਗਏ। ਬਛੜੇ ਇਥੇ ਰਹਿ ਗਏ, ਸਵੇਰੇ ਇਹ ਆਪਣੀਆਂ ਮਾਵਾਂ ਨੂੰ ਰੰਬਣ ਲੱਗੇ। ਬਾਬਾ ਜੀ ਜਦੋਂ ਸਮਾਧੀ ਤੋਂ ਉਥਾਨ ਹੋਏ ਤਾਂ ਬਾਬਾ ਜੀ ਨੇ ਪੁਛਿਆ ਇਹ ਬਛੜੇ ਕਿਉਂ ਰੰਭਦੇ ਹਨ? ਉਸ ਵੇਲੇ ਸੇਵਾਦਾਰਾਂ

ਨੇ ਕਿਹਾ ਕਿ ਬਾਬਾ ਜੀ! ਗਊਆਂ ਤਾਂ ਬਿਲੋਚ ਲੈ ਗਏ। ਬਾਬਾ ਜੀ ਕਹਿਣ ਲੱਗੇ, "ਪ੍ਰੇਮੀਓ! ਐਂ ਕਰੋ ਇਹ ਬਛਰੂ ਆਪਣੀਆਂ ਮਾਵਾਂ ਨੂੰ ਮਿਲਣਾ ਲੋਚਦੇ ਹਨ ਇਥੇ ਇਕੱਲੇ ਕੀ ਕਰਨਗੇ, ਪਿਛੇ-ਪਿਛੇ ਪੈੜਾਂ ਦੇਖਦੇ ਚਲੇ ਜਾਓ ਅਤੇ ਇਨ੍ਹਾਂ ਨੂੰ ਇਨ੍ਹਾਂ ਦੀਆਂ ਮਾਵਾਂ ਕੋਲ ਛੱਡ ਆਓ। ਉਹ ਗਰੀਬ ਆਦਮੀ ਹਨ, ਦੁੱਧ ਦੀ ਉਨ੍ਹਾਂ ਨੂੰ ਲੋੜ ਹੈ, ਉਹ ਲੈ ਗਏ ਆਪਾਂ ਵੀ ਦੁਧ ਸੰਗਤਾਂ ਨੂੰ ਹੀ ਪਿਲਾਉਂਦੇ ਹਾਂ।

ਜਦੋਂ ਬਲੋਚ ਗਊਆਂ ਨੂੰ ਲਈਂ ਜਾ ਰਹੇ ਸਨ ਤਾਂ ਭਾਰਤ ਦੀ ਸਰਹੱਦ ਪਾਰ ਕਰਨ ਲੱਗੇ ਤਾਂ ਥਾਂ-ਥਾਂ ਤੇ ਫੌਜੀ ਚੌਂਕੀਆਂ ਸਨ, ਉਨ੍ਹਾਂ ਵਿਚ ਬਹੁਤ ਸਾਰੇ ਫੌਜੀ ਜਵਾਨ, ਆਫੀਸਰ ਹੋਤੀ ਮਰਦਾਨ ਆਇਆ ਕਰਦੇ ਸਨ। ਇਥੇ ਉਨ੍ਹਾਂ ਨੇ ਗਊਆਂ ਪਛਾਣ ਲਈਆਂ ਤੇ ਕਹਿਣ ਲੱਗੇ ਇਹ ਤਾਂ ਹੋਤੀ ਮਰਦਾਨ ਡੇਰੇ ਦੀਆਂ ਗਊਆਂ ਹਨ। ਉਨ੍ਹਾਂ ਨੇ ਬਲੋਚਾਂ ਨੂੰ ਫੜ ਲਿਆ ਅਤੇ ਗਊਆਂ ਸਮੇਤ ਡੇਰੇ ਲੈ ਗਏ। ਪੁਲਿਸ ਨੂੰ ਇਤਲਾਹ ਦਿਤੀ। ਪੁਲਿਸ ਡੇਰੇ ਆ ਗਈ, ਬਛਰੂ ਸਾਰੇ ਮਾਵਾਂ ਨੂੰ ਮਿਲ ਗਏ, ਦੁੱਧ ਕੱਢ ਲਿਆ ਅਤੇ ਲੰਗਰ ਵਿਚ ਵਰਤਾਉਣ ਲਈ ਭੇਜ ਦਿਤਾ। ਐਨੇ ਨੂੰ ਪੁਲਿਸ ਇੰਸਪੈਕਟਰ ਪਹੁੰਚ ਜਾਂਦੇ ਹਨ ਤਾਂ ਬਾਬਾ ਜੀ ਨੂੰ ਪੁਛਿਆ ਕਿ ਤੁਹਾਡੀਆਂ ਹਨ ਗਊਆਂ? ਤਾਂ ਆਪ ਨੇ ਕਿਹਾ ਕਿ ਨਹੀਂ ਸਾਡੀਆਂ ਨਹੀਂ ਹਨ।

"ਫੇਰ ਇਹ ਕਿਸਦੀਆਂ ਹਨ?"

ਬਾਬਾ ਜੀ ਕਹਿਣ ਲੱਗੇ, "ਪਿਆਰਿਓ! ਸੰਗਤ ਨੂੰ ਪੁਛ ਲਓ, ਉਹ ਦਸ ਦੇਣਗੇ ਕਿ ਇਨ੍ਹਾਂ ਦਾ ਮਾਲਕ ਕੌਣ-ਕੌਣ ਸੀ। ਸਾਡੇ ਇਥੇ ਕਿੱਲਿਆਂ ਤੇ ਪ੍ਰੇਮੀ ਬੰਨ੍ਹ ਜਾਂਦੇ ਹਨ ਅਤੇ ਸਾਡੇ ਪ੍ਰੇਮੀ ਸੇਵਾ ਕਰਦੇ ਹਨ, ਚਾਰਾ ਪਾਉਂਦੇ ਹਨ ਅਤੇ ਦੁਧ ਕੱਢ ਕੇ ਸੰਗਤਾਂ ਨੂੰ ਹੀ ਵਰਤਾ ਦਿੰਦੇ ਹਨ। ਇਹ ਲੋੜਵੰਦ ਸੀ, ਵਿਚਾਰੇ ਆਏ ਤੇ ਆ ਕੇ ਲੈ ਗਏ। ਸੋ ਇੰਸਪੈਕਟਰ ਜੀ ਜਿਨ੍ਹਾਂ ਕੋਲ ਵਾਧੂ ਸਨ ਉਹ ਖੁਰਲੀਆਂ ਤੇ ਬੰਨ੍ਹ ਗਏ ਜਿਨ੍ਹਾਂ ਨੂੰ ਲੋੜ ਸੀ ਉਹ ਖੋਲ੍ਹ ਕੇ ਲੈ ਗਏ। ਇਸ ਵਿਚ ਸਾਡਾ ਕੁਝ ਵੀ ਨਹੀਂ ਲਗਦਾ।

ਬਾਬਾ ਜੀ! ਅਸੀਂ ਤਾਂ ਇਸ ਉਪਰ ਕੇਸ ਬਣਾਉਣਾ ਹੈ। ਅਸੀਂ ਕਿਵੇਂ ਬਣਾਈਏ? ਬਾਬਾ ਜੀ ਕਹਿਣ ਲੱਗੇ, ਕਾਹਨੂੰ ਖੇਚਲ ਕਰਦੇ ਹੋ ਇਹ ਬਛਰੂ ਸਾਰੇ ਖੋਲ੍ਹ ਕੇ ਇਨ੍ਹਾਂ ਨੂੰ ਦੇ ਦੇਵੋ, ਇਹ ਲੈ ਜਾਣਗੇ। ਤੁਸੀਂ ਫੌਜ ਵਾਲਿਆਂ ਨੂੰ ਕਹਿ ਦਿਓ ਕਿ ਬਾਬਾ ਜੀ ਨੇ ਖੁਸ਼ੀ ਨਾਲ ਇਨ੍ਹਾਂ ਨੂੰ ਭੇਜਿਆ ਹੈ ਇਸ ਕਰਕੇ ਤੁਸੀਂ ਸਰਹੱਦੀ ਤੋਂ ਇਨ੍ਹਾਂ ਨੂੰ ਲੰਘ ਜਾਣ ਦਿਓ। ਪੁਲਿਸ ਵਾਲੇ ਚੁੱਪ ਕਰ ਰਹੇ ਕਿ ਇਥੇ ਤਾਂ ਕੋਈ ਮਾਲਕ ਹੀ ਨਹੀਂ ਹੈ।

ਇਹ ਜਿਹੜੇ ਬਲੋਚ ਸੀ ਫੇਰ ਵੀ ਇਨ੍ਹਾਂ ਦੇ ਅੰਦਰ ਆਤਮਾ ਤਾਂ ਸੀ ਹੀ ਨਾ। ਇਨ੍ਹਾਂ ਨੇ ਬਾਬਾ ਜੀ ਦੀ ਮੇਹਰਬਾਨੀ ਦੇਖ ਕੇ ਕਿਹਾ ਕਿ ਮਹਾਰਾਜ! ਸਾਡੀ ਭੁੱਲ ਦੀ ਖਿਮਾ ਕਰੋ। ਸੋ ਅਸੀਂ ਰੱਬ ਦੇ ਭੁਲਾਏ ਹੋਏ ਇਨ੍ਹਾਂ ਨੂੰ ਲੈ ਗਏ, ਹੁਣ ਤੁਸੀਂ ਗਊਆਂ ਇਥੇ ਹੀ ਰੱਖੋ। ਬਾਬਾ ਜੀ ਨੇ ਕਿਹਾ ਕਿ ਹੁਣ ਤੁਹਾਡੀ ਰਜ਼ਾ। ਬਾਬਾ ਜੀ ਨੇ ਕਿਹਾ ਕਿ ਪਿਆਰਿਓ! ਇਨ੍ਹਾਂ ਨੂੰ 20-20 ਸੇਰ ਪੱਕੇ ਚੌਲ ਤੋਲ ਕੇ ਦਿਓ।

ਸੋ ਇਹ ਦ੍ਰਿਸ਼ਟੀ ਹੁੰਦੀ ਹੈ ਉਨ੍ਹਾਂ ਨੇਤਰਾਂ ਦੀ ਜਿਨ੍ਹਾਂ ਦਾ ਮੋਤੀਆ ਬਿੰਦ ਉਤਰ ਜਾਂਦਾ ਹੈ। ਉਹ ਦੂਜਾ ਨਹੀਂ ਦੇਖਦੇ ਉਨ੍ਹਾਂ ਅੰਦਰ ਸ਼ਬਦ ਦੇ ਦੀਪਕ ਦਾ ਪ੍ਰਕਾਸ਼ ਹੋ ਜਾਂਦਾ ਹੈ।

*ਧਾਰਨਾ - ਰਹਿੰਦਾ ਹਨ੍ਹੇਰਾ ਹੈ ਸ਼ਬਦ ਦੇ ਬਾਝੋਂ ਅੰਦਰ-2, 2*
*ਸ਼ਬਦ ਦੇ ਬਾਝੋਂ ਅੰਦਰ - 2, 2.*
*ਰਹਿੰਦਾ ਹਨ੍ਹੇਰਾ ਹੈ,..........-2, 2.*

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰਿ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ - 124*

ਗੁਰੂ ਨਾਨਕ ਪਾਤਸ਼ਾਹ ਜਦੋਂ ਸਿੱਧਾਂ ਨੂੰ ਕੈਲਾਸ਼ ਪਰਬਤ ਤੇ ਮਿਲੇ ਤਾਂ ਉਨ੍ਹਾਂ ਸਿੱਧਾਂ ਨੇ ਸਵਾਲ ਕੀਤਾ ਕਿ ਹੇ ਨਾਨਕ! ਤੂੰ ਕਹਿੰਦਾ ਹੈਂ ਕਿ ਗ੍ਰਹਿਸਤੀਆਂ ਨੂੰ ਮੈਂ ਪਾਰ ਉਤਾਰ ਦੇਵਾਂਗਾ, ਗ੍ਰਹਿਸਤੀਆਂ ਦੀਆਂ ਤਾਂ ਆਸ਼ਾਵਾਂ ਹੀ ਖਤਮ ਨਹੀਂ ਹੁੰਦੀਆਂ।

ਸਿਧਾਂਤ ਇਹ ਹੈ ਕਿ ਜਿਸ ਦੇ ਅੰਦਰੋਂ ਵਾਸ਼ਨਾਵਾਂ ਖਤਮ ਨਾ ਹੋਣ, ਆਸ਼ਾਵਾਂ ਦਾ ਠਾਠਾਂ ਮਾਰਦਾ ਦਰਿਆ ਖਤਮ ਨਾ ਹੋਵੇ ਉਹ ਕਿਸੇ ਤਰ੍ਹਾਂ ਨਾਲ ਵੀ ਭਿਆਨਕ ਸਾਗਰ ਨੂੰ ਪਾਰ ਨਹੀਂ ਕਰ ਸਕਿਆ ਕਰਦਾ। ਗ੍ਰਹਿਸਤੀਆਂ ਦੀਆਂ ਆਸ਼ਾਵਾਂ ਦੇਖੋ, ਪਹਿਲਾਂ ਕਹਿੰਦਾ ਹੈ ਕਿ ਮੇਰੇ ਪੁੱਤਰ ਨਹੀਂ ਹੋਇਆ, ਜੇ ਪੁੱਤਰ ਹੋ ਗਿਆ, ਫੇਰ ਕਹਿੰਦਾ ਹੈ ਕਿ ਇਹ ਬਿਮਾਰ ਨਾ ਹੋਵੇ, ਫੇਰ ਇਹਨੂੰ ਸਾਰੇ ਪਿਆਰ ਕਰਨ, ਇਹ ਪੜ੍ਹੇ ਬਹੁਤ ਵਧੀਆ, ਫੇਰ ਇਹਦੀ ਸਿਹਤ ਬਹੁਤ ਵਧੀਆ ਰਹੇ, ਇਸ ਦਾ ਵਿਆਹ ਚੰਗੇ ਅਮੀਰ ਘਰ ਵਿਚ ਹੋਵੇ, ਫੇਰ ਇਹਦੇ ਵੀ ਪੁੱਤਰ ਹੋ ਜਾਵੇ, ਫੇਰ ਉਹ ਵੀ ਇਹੀ ਕੰਮ ਕਰੇ, ਮੁਕਦਾ ਹੈ ਇਹ ਸਿਲਸਿਲਾ ਕਿਤੇ?

ਹੇ ਨਾਨਕ ਜੀ! ਅਜਿਹੀਆਂ ਵਾਸ਼ਨਾਵਾਂ ਵਾਲਿਆਂ ਨੂੰ ਤੁਸੀਂ ਕਿਸ ਤਰ੍ਹਾਂ ਪਾਰ ਉਤਾਰੋਂਗੇ ਜਦੋਂ ਤਕ ਤਿਆਗ ਨਹੀਂ ਹੁੰਦਾ ਉਦੋਂ ਤਕ ਕਿਸ ਤਰ੍ਹਾਂ ਤਾਰੋਂਗੇ? ਗੁਰੂ ਮਹਾਰਾਜ ਜੀ ਕਹਿਣ ਲੱਗੇ, "ਸਿਧੋ! ਠੀਕ ਹੈ ਤੁਹਾਡੀ ਗੱਲ, ਪਰ ਮੈਂ ਆਪਣੇ ਗੁਰਸਿਖਾਂ ਨੂੰ ਤਾਰਨ ਲਈ ਸ਼ਬਦ ਦਾ ਪ੍ਰਕਾਸ਼ ਕੀਤਾ ਹੈ। ਸ਼ਬਦ ਦੇ ਨਾਲ ਇਹ ਵਾਸ਼ਨਾਵਾਂ ਜਲ ਜਾਣਗੀਆਂ ਫੇਰ ਇਨ੍ਹਾਂ ਦਾ ਜੋ ਜੀਵਨ ਹੋਵੇਗਾ ਉਹ ਪਰਾਲਬਧ ਤੇ ਸ਼ਾਕਰ ਰਹਿ ਕੇ ਹੁਕਮ ਮੁਤਾਬਿਕ ਹੋਵੇਗਾ। ਦੇਖੋ, ਜਿਵੇਂ ਸੱਪ ਦੀ ਕੁੰਜ ਬਾੜ ਤੇ ਪਾਈ ਹੋਵੇ ਉਹ ਹਵਾ ਦੇ ਵੇਗ ਨਾਲ ਹਿਲਦੀ ਰਹਿੰਦੀ ਹੈ ਇਵੇਂ ਇਨ੍ਹਾਂ ਵਿਚ ਵਾਸ਼ਨਾ ਕੋਈ ਨਹੀਂ ਹੋਵੇਗੀ ਪਰ ਇਹ ਪਰਾਲਬਧ ਦੇ ਵੇਗ ਨਾਲ ਸਾਰੇ ਕਾਰਜ ਹੁਕਮ ਵਿਚ ਕਰਨਗੇ।" ਸੋ ਅਸਲੀ ਸਵਾਲ ਜਵਾਬ ਇਸ ਤਰ੍ਹਾਂ ਹੈ -

*ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥*
*ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥*
*ਪੰਨਾ - 356*

ਹੇ ਨਾਨਕ! ਆਹ ਜਨਮ ਤੂੰ ਕਿਵੇਂ ਵਟਾ ਦਿਤਾ, ਗ੍ਰਹਿਸਤੀਆਂ ਨੂੰ ਕਿਵੇਂ ਬਦਲ ਦਿਤਾ? ਤੇਰਾ ਜਨਮ ਕਿਸ ਤਰ੍ਹਾਂ ਨਾਲ ਵਟ ਗਿਆ, ਤੂੰ ਕਿਹੜੀ ਚੀਜ਼ ਨਾਲ ਮਨ ਲਾਇਆ ਹੈ? ਆਸਾ ਤੇ ਮਨਸਾ ਨੂੰ ਕਿਵੇਂ ਤੂੰ ਖਾ ਲਿਆ? ਇਹ ਤਾਂ ਖਾਧੀ ਨਹੀਂ ਜਾਂਦੀ। ਸਿੱਧਾਂ ਨੇ ਵੱਡੀਆਂ-ਵੱਡੀਆਂ ਸਮਾਧੀਆਂ ਲਾਈਆਂ ਹਨ ਬਹੁਤ ਸਾਧਨਾਵਾਂ ਕੀਤੀਆਂ ਹਨ ਇਨ੍ਹਾਂ ਤੋਂ ਵੀ ਵਾਸ਼ਨਾ ਨਹੀਂ ਖਾਈ ਗਈ, ਤੂੰ ਤਾਂ ਗ੍ਰਹਿਸਤੀ ਹੈਂ ਕਿਹੜੇ ਵੇਲੇ ਤੂੰ ਸਾਧਨ ਕੀਤੇ?

*ਕਿਤੁ ਬਿਧਿ ਆਸਾ ਮਨਸਾ ਖਾਈ॥*
*ਕਿਤੁ ਬਿਧਿ ਜੋਤਿ ਨਿਰੰਤਰਿ ਪਾਈ॥*
*ਬਿਨੁ ਦੰਤਾ ਕਿਉ ਖਾਈਐ ਸਾਰੁ॥ ਪੰਨਾ - 940*

ਹੇ ਨਾਨਕ! ਜਿਹੜੇ ਬਚਨ ਅਸੀਂ ਕਹੇ ਹਨ ਇਹ ਸਮਝ ਕਿ ਇਹ ਕਰੜਾ ਫੌਲਾਦ ਹੈ, ਇਹ ਕਦੇ ਦੰਦਾਂ ਤੋਂ ਵੀ ਖਾਇਆ ਜਾ ਸਕਦਾ ਹੈ ਇਹ ਤਾਂ ਭਾਰੀ ਲੋਹਾ ਹਨ –

*ਨਾਨਕ ਸਾਚਾ ਕਰਹੁ ਬੀਚਾਰੁ॥ ਪੰਨਾ - 940*

ਹੇ ਨਾਨਕ! ਤੂੰ ਸੱਚੀ ਗੱਲ ਦੱਸ।

ਮਹਾਰਾਜ ਜੀ ਕਹਿਣ ਲੱਗੇ ਸਾਡਾ ਗੁਰੂ ਨਿਰੰਕਾਰ ਹੈ, ਅਸੀਂ ਦੁਨੀਆਦਾਰੀ ਦਾ ਆਪਣਾ ਜਨਮ ਖਤਮ ਕਰਕੇ ਵਾਹਿਗੁਰੂ ਦੇ ਘਰ ਵਿਚ ਬਦਲ ਲਿਆ ਹੈ –

*ਸਤਿਗੁਰ ਕੈ ਜਨਮੈ ਗਵਨੁ ਮਿਟਾਇਆ॥*
*ਅਨਹਤਿ ਰਾਤੇ ਇਹੁ ਮਨੁ ਲਾਇਆ॥ ਪੰਨਾ - 940*

ਅਸੀਂ ਉਸ ਅਵਸਥਾ ਵਿਚ ਜਿਸ ਨੂੰ ਅਨਹਦ ਅਵਸਥਾ ਕਹਿੰਦੇ ਹਨ ਜੋ ਪ੍ਰਮ ਸੁੰਨ ਹੈ ਤੁਹਾਡੇ ਵਰਗੀ ਸੁੰਨ ਨਹੀਂ, ਸਾਡਾ ਸੁੰਨ ਜੋ ਮੈਂ ਕਹਿ ਰਿਹਾ ਹਾਂ ਉਹ ਸਤਿ ਚਿਤ ਅਨੰਦ ਹੈ, ਹੋਂਦ ਹੈ, being ਹੈ, ਉਹ 'ਨਹੀਂ' ਨਹੀਂ ਹੈ। ਅਸੀਂ ਉਸ ਪਰਮ ਸਤਾ ਉਤੇ ਆਪਣਾ ਮਨ ਲਾਇਆ ਹੋਇਆ ਹੈ। ਉਸ ਅਵਸਥਾ ਬਾਰੇ ਫੁਰਮਾਨ ਹੈ –

*ਅਨਹਤਿ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸ ਹੀ ਜੈਸੇ॥ ਪੰਨਾ - 943*

ਅਸੀਂ ਉਸ ਨਿਰੰਕਾਰ ਵਿਚ ਆਪਣਾ ਮਨ ਲਾਇਆ ਹੋਇਆ ਹੈ। ਜੋ ਨਿਰੋਲ ਅਦ੍ਵੈਤ ਹੈ ਹੋਰ ਦੂਜਾ ਕੋਈ ਨਹੀਂ ਹੈ, ਉਹ ਆਪੇ ਆਪ ਹੈ। ਅਸੀਂ ਉਸ ਵਿਚ ਰਹਿੰਦੇ ਹਾਂ, ਇਹ ਆਸਾ ਤੇ ਮਨਸਾ ਸ਼ਬਦ ਨੇ ਖਤਮ ਕਰ ਦਿਤੀਆਂ। ਉਸ ਨਿਰੰਕਾਰ ਨੇ ਸਾਡੇ ਅੰਦਰ ਪੂਰਨ ਗਿਆਨ ਦੀ ਜੋਤ ਜਲਾ ਦਿਤੀ ਹੈ।

*ਮਨਸਾ ਆਸਾ ਸਬਦ ਜਲਾਈ॥ ਪੰਨਾ - 940*

ਉਸ ਜੋਤ ਨੇ ਤਿੰਨਾਂ ਗੁਣਾਂ ਨੂੰ ਖਤਮ ਕਰ ਦਿਤਾ। ਇਸ ਤਰ੍ਹਾਂ ਇਹ ਕਰੜਾ ਫੌਲਾਦ ਖਾ ਲਿਆ –

*ਤ੍ਰੈ ਗੁਣ ਮੇਟੇ ਖਾਈਐ ਸਾਰੁ॥*
*ਨਾਨਕ ਤਾਰੇ ਤਾਰਣਹਾਰੁ॥ ਪੰਨਾ - 940*

ਇਸ ਤਰ੍ਹਾਂ ਇਹ ਜੋ ਬੰਧਨ ਹੈ ਜਿਸ ਨੂੰ ਵਾਸ਼ਨਾਵਾਂ ਦਾ ਬੰਧਨ ਕਿਹਾ ਹੈ ਇਹਦਾ ਇਲਾਜ ਗੁਰੂ ਦਾ ਸ਼ਬਦ ਹੈ। ਸਾਰੀਆਂ ਆਸ਼ਾਵਾਂ ਬਿਨਾਂ ਆਸਾ ਕੀਤੇ ਗੁਰੂ ਦੇ ਸ਼ਬਦ ਨਾਲ ਪੂਰੀਆਂ ਹੋ ਜਾਂਦੀਆਂ ਹਨ ਅਤੇ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ, ਕਿਉਂਕਿ ਵਾਸ਼ਨਾਵਾਂ ਦੀ ਮੰਗ ਕਦੇ ਖਤਮ ਨਹੀਂ ਹੁੰਦੀ –

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਪੰਨਾ - 1*

ਸੋ ਇਸ ਤਰੀਕੇ ਨਾਲ ਅਸੀਂ ਗੁਰਸਿੱਖਾਂ ਨੂੰ ਰਸਤਾ ਦਿਖਾ ਦਿਤਾ ਹੈ ਕਿ ਗ੍ਰਹਿਸਤ ਵਿਚ ਰਹਿੰਦਿਆਂ, ਨੌਕਰੀਆਂ ਚਾਕਰੀਆਂ ਕਰਦਿਆਂ, ਹੋਰ ਧੰਧੇ ਨਿਭਾਉਂਦਿਆਂ ਕਿਸ ਤਰ੍ਹਾਂ ਵਾਸ਼ਨਾਵਾਂ 'ਚੋਂ ਨਿਕਲਿਆ ਜਾਂਦਾ ਹੈ।

ਇਹ ਜੀਵ ਆਤਮਾ ਨੂੰ ਛੇਵਾਂ ਬੰਧਨ ਆਸਾਵਾਂ ਤੇ ਵਾਸ਼ਨਾਵਾਂ ਦਾ ਹੈ ਇਸ ਦਾ ਇਲਾਜ ਗੁਰੂ ਦਾ ਸ਼ਬਦ ਹੈ। ਸੋ ਇਸ ਤੋਂ ਪਿਛੋਂ ਹੋਰ ਦੋ ਸੰਗਲ ਸਾਨੂੰ ਪਏ ਹੋਏ ਹਨ ਪਹਿਲਾ ਹੈ ਜੰਮਣ ਮਰਨ ਦਾ। ਜਿੰਨੇ ਵੀ ਆਪਾਂ ਸਤਿਸੰਗ ਵਿਚ ਬੈਠੇ ਹਾਂ, ਕ੍ਰੋੜਾਂ ਖਰਬਾਂ ਸਾਲਾਂ ਤੋਂ ਚਲਦੇ ਹੀ ਆ ਰਹੇ ਹਾਂ, ਜੰਮ ਪੈਂਦੇ ਹਾਂ, ਮਰ ਜਾਂਦੇ ਹਨ, ਫੇਰ ਜੰਮ ਪੈਂਦੇ ਹਾਂ, ਇਸ ਦੁਖ ਨੂੰ ਕੋਈ ਕੱਟਣ ਵਾਲਾ ਨਹੀਂ ਹੈ? ਇਸ ਤਰ੍ਹਾਂ ਫੁਰਮਾਨ ਕਰਦੇ ਹਨ–

*ਧਾਰਨਾ - ਜਨਮ ਮਰਨ ਦਾ ਭਾਰੀ ਦੁਖ ਲੱਗਿਆ,*
*ਕੱਟੇ ਕਿਹੜਾ ਵੈਦ ਪਿਆਰਿਓ!*
*ਜਨਮ ਮਰਨ ਦਾ ਭਾਰੀ ਦੁਖ ਲੱਗਿਆ,....2*

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਪੰਨਾ - 156*

ਕਿੰਨੇ ਜਨਮ 84 ਲੱਖ ਜੂਨਾਂ ਦੇ ਭੋਗ–ਭੋਗ ਕੇ ਚੱਕਰ ਖਾ ਕੇ ਅਸੀਂ ਤੁਰੇ ਜਾਂਦੇ ਹਾਂ –

*ਘਰ ਦਰ ਫਿਰਿ ਥਾਕੀ ਬਹੁਤੇਰੇ॥*
*ਜਾਤਿ ਅਸੰਖ ਅੰਤ ਨਹੀ ਮੇਰੇ॥*
*ਕੇਤੇ ਮਾਤ ਪਿਤਾ ਸੁਤ ਧੀਆ॥*
*ਕੇਤੇ ਗੁਰ ਚੇਲੇ ਫੁਨਿ ਹੂਆ॥*
*ਕਾਚੇ ਗੁਰ ਤੇ ਮੁਕਤਿ ਨ ਹੂਆ॥ ਪੰਨਾ - 932*

ਪ੍ਰਸ਼ਨ ਆਉਂਦਾ ਹੈ ਕਿ ਆਉਣਾ ਜਾਣਾ ਕਿਵੇਂ ਖਤਮ ਹੋਵੇ ਅਤੇ ਪ੍ਰਭੂ ਦਾ ਮੇਲਾ ਕਿਵੇਂ ਹੋਵੇ, ਜਨਮ ਮਰਨ ਦਾ ਬਹੁਤ ਦੁਖ ਇਸ ਜੀਵ ਦੇ ਗਲ ਪਿਆ ਹੋਇਆ ਹੈ। –

*ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ॥*
*ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ॥*
*ਪੰਨਾ - 422*

ਆਉਣ ਜਾਣ ਦਾ ਜੋ ਦੁਖ ਹੈ ਉਹ ਬਹੁਤ ਹੀ ਬੁਰਾ ਹੈ। ਆਦਮੀ ਦੇ ਗਲ ਤੋਂ ਲਹਿੰਦਾ ਨਹੀਂ ਹੈ, ਇਹ ਜਨਮ ਧਾਰਦਾ ਹੈ, ਆਪਣੀ ਦੁਨੀਆਂ ਬਣਾਉਂਦਾ ਹੈ। ਸੋਹਣੇ ਦਿਨ ਕੱਟਣ ਲਗਦਾ ਹੈ, ਐਨੇ ਨੂੰ ਕਾਲ ਆ ਜਾਂਦਾ ਹੈ ਫੇਰ ਕਿਸੇ ਗਰਭ ਵਿਚ ਬਸੇਰਾ ਮਿਲ ਜਾਂਦਾ ਹੈ –

*ਧਾਰਨਾ - ਕਾਟੋ ਮੇਰਾ ਇਕ ਦੁਖ ਰਾਮਰਾਇ - 2, 2.*
*ਇਕ ਦੁਖ ਮੇਰਾ ਕਾਟੋ ਰਾਮਰਾਇ -2 , 2.*
*ਕਾਟੋ ਮੇਰਾ ਇਕ ਦੁਖ.......2.*

*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥*
*ਅਗਨਿ ਦਹੈ ਅਰੁ ਗਰਭ ਬਸੇਰਾ॥ ਪੰਨਾ - 329*

ਜਿਵੇਂ ਹਲਟ ਦੀਆਂ ਟਿੰਡਾਂ ਘੁੰਮਦੀਆਂ ਹਨ ਇਸੇ ਤਰ੍ਹਾਂ ਨਾਲ ਅਸੀਂ ਕਦੇ ਸਵਰਗ ਵਿਚ ਜਾਂਦੇ ਹਾਂ ਕਦੇ ਨਰਕ ਵਿਚ

ਜਾਂਦੇ ਹਾਂ, ਮਹਾਰਾਜ ਜੀ ਕਹਿੰਦੇ ਹਨ ਇਸ ਦਾ ਇਲਾਜ ਹੈ ਪਿਆਰਿਆ!

*ਧਾਰਨਾ - ਪਿਆਰੇ ਜੇ ਤੈਂ ਭਵਜਲ ਲੰਘਣਾ*
*ਗਾ ਲੈ ਗੁਣ ਹਰੀ ਦੇ - 2, 2.*
*ਗਾ ਲੈ ਗੁਣ ਹਰੀ ਦੇ - 2, 2.*
*ਪਿਆਰੇ ਜੇ ਤੈਂ ਭਵਜਲ ਲੰਘਣਾ........-2*

*ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ॥*
*ਮਹਾ ਭਉਜਲੁ ਲੰਘੀਐ ਸਦਾ ਹਰਿ ਗੁਣ ਗਾਉ॥*
*ਪੰਨਾ - 405*

ਸਦਾ ਗੁਣ ਗਾ ਪ੍ਰਮੇਸ਼ਰ ਦੇ, ਵਾਹਿਗੁਰੂ ਦਾ ਨਾਮ ਜਪ ਕੇ ਸੁਣਨ, ਮੰਨਣ, ਨਿਧਿਆਸਣ ਰਾਹੀਂ ਸਰੂਪ ਦੀ ਪ੍ਰਾਪਤੀ ਹੁੰਦੀ ਹੈ, ਜਨਮ ਮਰਨ ਦਾ ਚੱਕਰ ਕੱਟ ਹੋ ਜਾਂਦਾ ਹੈ। ਬਾਣੀ ਗਾਵੋ, ਬਾਣੀ ਸੁਣੋ, ਬਾਣੀ ਮੰਨੋ, ਬਾਣੀ ਕਮਾਓ, ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰੋ, ਉਨ੍ਹਾਂ ਦੀ ਮਿਹਰਦੇ ਨਾਲ ਆਪਣੇ ਸਰੂਪ ਦਾ ਗਿਆਨ ਹੋ ਜਾਇਆ ਕਰਦਾ ਹੈ। ਫੇਰ ਪ੍ਰਭੂ ਦੀ ਨਦਰ ਹੋ ਜਾਇਆ ਕਰਦੀ ਹੈ। ਇਹ ਚੱਕਰ ਕੇਵਲ ਇਸ ਕਰਕੇ ਹੈ ਕਿ ਇਹ ਜੀਵ ਹਉਮੈ ਦੀ ਬਿਮਾਰੀ ਤੋਂ ਸਵਸਥ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ ਹਨ ਕਿ ਪਹਿਲਾਂ ਸਰੀਰ ਨੂੰ ਸਮਝ। ਸੋ ਇਹ ਜਿਹੜਾ ਸੰਗਲ ਹੈ ਉਹ ਇਸ ਤਰੀਕੇ ਨਾਲ ਕੱਟ ਹੁੰਦਾ ਹੈ –

*ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨੁ॥*
*ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ॥*
*ਪੰਨਾ - 940*

*ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ॥*
*ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ॥*
*ਪੰਨਾ - 789*

ਜਦੋਂ ਵਾਹਿਗੁਰੂ ਹਿਰਦੇ ਵਿਚ ਸਮਾਅ ਗਿਆ ਉਸ ਵੇਲੇ ਇਸ ਨਾਮ ਦਾ ਹਉਮੈ ਨਾਲ ਵਿਰੋਧ ਕਰਕੇ ਹਉਮੈ ਨਹੀਂ ਰਿਹਾ ਕਰਦੀ। ਜਦੋਂ ਹਉਮੈ ਹਟ ਗਈ ਫੇਰ ਇਹ ਪ੍ਰਮੇਸ਼ਰ ਨਾਲ ਇਕਮਿਕ ਹੋ ਜਾਂਦਾ ਹੈ, ਆਪਣੇ ਸਰੂਪ ਵਿਚ ਵਾਸਾ ਹੋ ਜਾਂਦਾ ਹੈ। ਇਹ ਜੋ ਸਰੀਰ ਹੈ ਇਹ ਇਕ ਬਹੁਤ ਵੱਡਾ ਭਾਰੀ ਬੰਧਨ ਹੈ ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ –

*ਧਾਰਨਾ - ਪੁਤਰੀ ਤੇਰੀ ਜੀ, ਬਿਧ ਕਰ ਥਾਟੀ - 2, 2.*
*ਪੁਤਰੀ ਤੇਰੀ ਬਿਧ ਕਰ ਥਾਟੀ -2, 2.*
*ਪੁਤਰੀ ਤੇਰੀ ਜੀ, ਬਿਧ ਕਰ ਥਾਟੀ - 2, 2.*

ਸੋ ਸਰੀਰ ਦੇ ਬੰਧਨ ਨੂੰ ਵੀ ਖੰਡਤ ਕਰ ਦੇ, ਪਹਿਲਾਂ ਤਾਂ ਅੱਠ ਬੰਧਨ ਖਤਮ ਕਰ ਦਿਤੇ ਹਨ।

ਕਿਉਂਕਿ ਜਿੰਨੀ ਦੇਰ ਤਕ ਦੇਹ ਅਧਿਆਸ ਨਹੀਂ ਟੁੱਟਦਾ ਓਨੀਂ ਦੇਰ ਤਕ ਆਤਮ ਸ਼ਾਖਸ਼ਾਤਕਾਰ ਨਹੀਂ ਹੁੰਦਾ। ਆਤਮ ਦਰਸ਼ਨ ਵਿਚ ਇਹ ਸਰੀਰ ਬੰਧਨ ਹੁੰਦਾ ਹੈ। ਇਹ ਦੇਹ ਰੂਪੀ ਬੰਧਨ ਦਾ ਵੀ ਖੰਡਨ ਕਰੋ –

*ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥*
*ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥*
*ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰ ਪੀਰੁ॥*
*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥*
*ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥*
*ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥*
*ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥*
*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥*
*ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥*
*ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥*
*ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥*
*ਪੰਨਾ - 146*

*ਪੁਤਰੀ ਤੇਰੀ ਬਿਧਿ ਕਰਿ ਥਾਟੀ॥*
*ਜਾਨੁ ਸਤਿ ਕਰਿ ਹੋਇਗੀ ਮਾਟੀ॥ ਪੰਨਾ - 374*

ਆਹ ਜਿਹੜਾ ਸਰੂਰ ਰੂਪੀ ਪੁਤਲਾ ਹੈ ਇਹ ਪੰਜਾਂ ਤੱਤਾਂ ਦਾ mixture (ਮਿਲਵਾਂ ਰੂਪ) ਹੈ ਕਈ ਚੀਜ਼ਾਂ ਦਾ। ਇਹ ਅਕਾਸ਼, ਹਵਾ, ਮਿੱਟੀ, ਪਾਣੀ ਨੂੰ ਮਿਲਾ ਕੇ ਬਣਾਇਆ ਹੋਇਆ ਹੈ ਇਸ ਨੂੰ ਪੰਜਾਂ ਤੱਤਾਂ ਦਾ ਸਰੀਰ ਆਖਿਆ ਜਾਂਦਾ ਹੈ। ਇਸ ਵਿਚ ਜੋ ਪੰਜ ਗਿਆਨ ਇੰਦਰੇ ਹਨ ਇਨ੍ਹਾਂ ਵਿਚ 25 ਪ੍ਰਕ੍ਰਿਤੀਆਂ ਦਾ ਸੁਮੇਲ ਹੈ। ਅੱਖ ਵਿਚ ਅੱਧਾ ਤੱਤ ਅਗਨ ਦਾ ਹੈ ਅਤੇ 1/8,1/8 ਬਾਕੀ ਚਾਰ ਤੱਤ ਹਨ, ਇਸੇ ਤਰ੍ਹਾਂ ਕੰਨ ਵਿਚ ਅੱਧਾ ਤੱਤ ਅਕਾਸ਼ ਦਾ ਹੈ ਬਾਕੀ ਦੇ 1/8,1/8 ਹਨ, ਰਸਨਾ ਵਿਚ ਅੱਧਾ ਤੱਤ ਪਾਣੀ ਦਾ ਹੈ ਅਤੇ ਉਸ ਤਰ੍ਹਾਂ ਨਾਲ ਬਾਕੀ ਤੱਤ ਹਨ। ਸਪਰਸ਼ ਵਿਚ ਅੱਧਾ ਤੱਤ ਹਵਾ ਦਾ ਹੈ ਬਾਕੀ ਪਹਿਲਾਂ ਵਾਂਗੂੰ ਹਨ। ਨਾਸਕਾ ਵਿਚ ਜਿਸਨੂੰ ਸੁੰਘਣ ਸ਼ਕਤੀ ਆਖਦੇ ਹਨ ਉਸ ਵਿਚ ਸੁੰਘਣ ਤੱਤ ਮਿੱਟੀ ਦਾ ਹੈ ਬਾਕੀ ਉਸੇ ਤਰ੍ਹਾਂ ਹਨ। ਇਸੇ ਤਰ੍ਹਾਂ 25 ਪ੍ਰਕ੍ਰਿਤੀਆਂ ਨਾਲ ਇਹ ਗਿਆਨ ਇੰਦ੍ਰੇ ਹੋਂਦ ਵਿਚ ਆਏ। ਇਸ ਸਰੀਰ ਦੇ ਬਣਾਉਣ ਲਈ ਸਿਆਣਿਆਂ ਦੇ ਮਤ ਅਨੁਸਾਰ 2 ਖਰਬ 15 ਅਰਬ ਸੈਲ ਲੱਗੇ ਹੋਏ ਹਨ। ਜਿਵੇਂ ਆਪਾਂ ਕੋਈ ਬਹੁਤ ਵੱਡਾ ਮਕਾਨ ਬਣਾਉਣਾ ਹੋਵੇ, ਉਹ ਮੀਲਾਂ ਵਿਚ ਹੋਣ ਕਰਕੇ ਉਸ ਵਿਚ ਕਿੰਨੀਆਂ ਹੀ ਇੱਟਾਂ ਲੱਗਿਆ ਕਰਦੀਆਂ ਹਨ। ਇਸੇ ਤਰ੍ਹਾਂ ਇਸ ਵਿਚ 2 ਖਰਬ 15 ਅਰਬ ਸੈਲ ਲੱਗੇ ਹੋਏ ਹਨ ਅਤੇ 9 ਦਰਵਾਜ਼ੇ ਲੱਗੇ ਹੋਏ ਹਨ ਜਿਹੜੇ ਪ੍ਰਗਟ ਹਨ, ਇਨ੍ਹਾਂ ਵਿਚੋਂ ਮਨ ਉਡਾਰੀਆਂ ਲਾਉਂਦਾ ਹੈ। ਸੰਸਾਰ ਦਾ ਕਾਰਜ ਵੀ ਇਨ੍ਹਾਂ ਦਰਵਾਜ਼ਿਆਂ ਰਾਹੀਂ ਹੁੰਦਾ ਹੈ, ਇਸ ਵਿਚ ਜਿਹੜਾ ਇਹ ਮਨ ਬੁੱਧੀ ਵਾਸ਼ਨਾਵਾਂ ਤੇ ਵਿਸ਼ਿਆਂ ਨਾਲ ਰਲ ਕੇ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਅਤੇ ਆਪਣੇ ਘਰ ਨੂੰ ਵੀ ਭੁੱਲ ਜਾਂਦਾ ਹੈ ਅਤੇ ਬਾਹਰ ਹੀ ਬਾਹਰ ਘੁੰਮਦਾ ਰਹਿੰਦਾ ਹੈ। ਆਤਮ ਵਸਤੂ ਜੋ ਉਪਮਾ ਤੋਂ ਰਹਿਤ ਹੈ ਉਸ ਨੂੰ ਇਹ ਪ੍ਰਾਪਤ ਨਹੀਂ ਕਰ ਸਕਦਾ –

*ਧਾਰਨਾ - ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਵਸਤ ਅਨੂਪ ਨ ਪਾਈ -2, 2.*
*ਵਸਤ ਅਨੂਪ ਨ ਪਾਈ -2 , 2.*
*ਨਉ ਘਰ ਦੇਖਿ ਜੁ ਕਾਮਨਿ ਭੂਲੀ -2 , 2.*

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*
*ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ॥*
*ਪੰਨਾ - 339*

ਸੋ ਇਸ ਤਰ੍ਹਾਂ ਦੇ ਨਾਲ ਯੋਗ ਮਤ ਵਾਲੇ ਦਸਦੇ ਹਨ ਕਿ ਇਸ ਵਿਚ 72 ਕ੍ਰੋੜ, 72 ਲੱਖ, 72 ਹਜ਼ਾਰ 210 ਅਤਿ ਸੂਖਸ਼ਮ blood channel ਹਨ ਜਿਨ੍ਹਾਂ ਰਾਹੀਂ ਖੂਨ ਘੁੰਮਦਾ ਹੈ। ਸਾਢੇ ਤਿੰਨ ਕਰੋੜ ਮਸਾਮ ਹਨ, ਜਿਨ੍ਹਾਂ ਰਾਹੀਂ ਮੈਲ ਪਸੀਨੇ ਨਾਲ ਇਸ ਸਰੀਰ ਵਿਚੋਂ ਨਿਕਲਦੀ ਹੈ। ਇਸ ਸਰੀਰ ਵਿਚੋਂ

ਦਸਵੇਂ ਦੁਆਰ ਰਾਹੀਂ ਪ੍ਰਾਪਤ ਹੋਣ ਵਾਲਾ ਨਿਜ ਘਰ ਹੈ ਜਿਸ ਨੂੰ ਸੱਚਾ ਮਹਿਲ ਆਖਿਆ ਜਾਂਦਾ ਹੈ। ਜੋ ਬ੍ਰਹਿਮੰਡ ਵਿਚ ਹੈ ਉਹ ਸਾਰਾ ਇਸ ਵਿਚ ਹੈ, ਸਾਰੇ ਬ੍ਰਹਿਮੰਡ ਵਿਚ ਵਾਹਿਗੁਰੂ ਜੀ ਇਕ ਰਸ ਪਰੀਪੂਰਨ ਹਨ, ਇਸ ਸਰੀਰ ਵਿਚ ਵੀ ਹਨ–

*ਪੁਤਰੀ ਤੇਰੀ ਬਿਧਿ ਕਰਿ ਥਾਟੀ॥*
*ਜਾਨੁ ਸਤਿ ਕਰਿ ਹੋਇਗੀ ਮਾਟੀ॥* *ਪੰਨਾ - 374*

ਮਹਾਰਾਜ ਕਹਿੰਦੇ ਹਨ ਕਿ ਪਿਆਰਿਆ! ਇਹ ਗੱਲ ਤੂੰ ਹਿਰਦੇ ਵਿਚ ਧਾਰਨ ਕਰ ਲੈ, ਇਹ ਤੇਰਾ ਸਰੀਰ ਹੈ ਇਹਨੇ ਮਿੱਟੀ ਬਣ ਜਾਣਾ ਹੈ, ਇਸ ਕਰਕੇ ਤੂੰ ਮੂਲ ਨੂੰ ਸੰਭਾਲ, ਇਸ ਤੋਂ ਅਚੇਤ ਨਾ ਰਹਿ –

*ਮੂਲੁ ਸਮਾਲਹੁ ਅਚੇਤ ਗਵਾਰਾ॥* *ਪੰਨਾ - 374*

ਇਹਦੇ ਵਿਚ ਜਿਹੜਾ ਮੂਲ ਹੈ, ਪ੍ਰਮੇਸ਼ਰ ਦਾ ਨਾਮ ਓਹਦੀ ਸੰਭਾਲ ਕਰ।

*ਇਤਨੇ ਕਉ ਤੁਮ ਕਿਆ ਗਰਬੇ॥* *ਪੰਨਾ - 374*

ਤੂੰ ਇਹਦਾ ਹੀ ਹੰਕਾਰ ਕਰੀ ਜਾਂਦਾ ਹੈਂ ਕਿ ਓਹਦੀ ਗੋਰੀ ਮਿੱਟੀ ਹੈ, ਕਾਲੀ ਮਿੱਟੀ ਹੈ। ਪਿਆਰਿਆ! ਮਿੱਟੀ ਭਾਵੇਂ ਕਿਹੋ ਜਿਹੀ ਹੋਵੇ –

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥*
*ਅਵਰ ਵਸਤੁ ਤੁਝ ਪਾਹਿ ਅਮਾਨ॥* *ਪੰਨਾ - 374*

ਇਸਦੀ ਖੁਰਾਕ ਐਨੀ ਹੈ, ਤੂੰ ਮਹਿਮਾਨ ਵਾਂਗੂੰ ਇਸ ਸੰਸਾਰ ਵਿਚ ਰਹਿੰਦਾ ਹੈਂ, ਬੇਇਮਾਨੀਆਂ ਕਰਕੇ, ਇਸ ਦੇਹ ਲਈ ਤੂੰ ਧੋਖੇ ਕਰਕੇ ਚੀਜ਼ਾਂ ਇਕੱਠੀਆਂ ਕਰ ਲੈਂਦਾ ਹੈਂ, ਬੈਂਕਾਂ ਵਿਚ ਇਕੱਠਾ ਕੀਤਾ ਪੈਸਾ ਇਥੇ ਹੀ ਰਹਿ ਜਾਣਾ ਹੈ। ਇਹ ਕੱਚੀ ਦੇਹੀ ਹੈ –

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥* *ਪੰਨਾ - 374*

ਇਹ ਤਾਂ garbage bag ਹੈ (ਕੂੜੇ ਦਾ ਥੈਲਾ) ਇਸ ਵਿਚ ਵਿਸ਼ਟਾ ਪਿਆ ਹੈ, ਹੱਡੀਆਂ ਪਈਆਂ ਨੇ, ਲਹੂ ਪਿਆ ਹੈ, ਮਿੱਝ ਪਈ ਹੈ, ਮਲ-ਮੂਤਰ ਪਿਆ ਹੈ। ਪਿਆਰਿਆ! ਇਹਦੇ ਵਿਚੋਂ ਜੇ ਤੂੰ ਆਤਮਾ ਨੂੰ ਨਹੀਂ ਪਛਾਣ ਸਕਿਆ ਤਾਂ ਇਹ ਸਦਾ ਨਾਪਾਕ ਦੇਹੀ ਹੈ –

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥*
*ਕਹੁ ਨਾਨਕ ਗੁਰ ਕਉ ਕੁਰਬਾਨੁ॥*
*ਜਿਸ ਤੇ ਪਾਈਐ ਹਰਿ ਪੁਰਖੁ ਗੁਮਾਨ॥* *ਪੰਨਾ - 374*

ਜਿਵੇਂ ਕਿ ਫੁਰਮਾਨ ਆਉਂਦਾ ਹੈ –

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥* *ਪੰਨਾ - 309*

ਕੁਰਬਾਨ ਜਾਂਦੇ ਹਾਂ ਉਸ ਗੁਰੂ ਤੋਂ ਜਿਸ ਨੇ ਇਸ ਦੇਹੀ ਵਿਚ ਉਹ ਘਰ ਦਿਖਾ ਦਿਤਾ ਜਿਸ ਵਿਚ ਇਹ ਸੱਚਾ ਮਹੱਲ ਹੈ ਅਤੇ ਵਾਹਿਗੁਰੂ ਜੀ ਦਾ ਵਾਸਾ ਹੈ ਕਿਉਂਕਿ ਗੁਰੂ ਨੇ ਉਹ ਘਰ ਦਿਖਾਉਣਾ ਹੀ ਹੈ।

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਨੁ॥* *ਪੰਨਾ - 1291*

ਉਸ ਘਰ ਦੀਆਂ ਨਿਸ਼ਾਨੀਆਂ ਹਨ ਪੰਜ ਸ਼ਬਦਾਂ ਦੀਆਂ ਧੁਨਕਾਰਾਂ ਉਥੇ ਹੁੰਦੀਆਂ ਹਨ ਇਹ ਨਿਸ਼ਾਨੀ ਹੈ ਉਸ ਥਾਂ ਦੀ, ਉਸ ਥਾਂ ਵਿਸਮਾਦ ਹੀ ਵਿਸਮਾਦ ਹੈ। ਵਾਹਿਗੁਰੂ ਦੀ ਦਰ ਉਪਰ ਨਿਰੰਤਰ ਕੀਰਤਨ ਦੀਆਂ ਧੁਨਾਂ ਹੋ ਰਹੀਆਂ ਹਨ ਜਿਸ ਦੇ ਬਾਰੇ ਆਪ ਫੁਰਮਾਨ ਕਰਦੇ ਹਨ –

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
*ਪੰਨਾ - 1291*

ਸੋ ਮਹਾਰਾਜ ਜੀ ਕਹਿੰਦੇ ਹਨ ਕਿ ਜੇ ਤੂੰ ਇਹ ਗੱਲ ਬੁੱਝ ਲਵੇਂ ਤਾਂ ਤੂੰ ਪਾਕ ਹੈਂ।

ਇਹ ਸਰੀਰ ਕੀ ਹੈ –

*ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ॥*
*ਪੰਨਾ - 1354*

ਪਾਣੀ ਦੇ ਨਾਲ ਕੱਚਾ ਕਿਲਾ ਬਣਾਇਆ ਹੋਇਆ ਹੈ ਇਹਦੇ ਉਤੇ ਚੰਮ ਦੇ ਨਾਲ ਤੇ ਲਹੂ ਦੇ ਨਾਲ ਲੇਪ ਕੀਤਾ ਹੋਇਆ ਹੈ –

*ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥*
*ਪੰਨਾ - 1354*

ਹਵਾ ਨੇ ਇਸ ਨੂੰ ਥੰਮਿਆ ਹੋਇਆ ਹੈ, ਇਹਦੇ ਵਿਚ 9 ਦੁਆਰਿਆਂ ਦੀ ਕੰਧ ਕੀਤੀ ਹੋਈ ਹੈ –

*ਗੋਬਿੰਦ ਨਾਮੰ ਨਹ ਸਿਮਰੰਤਿ*
*ਅਗਿਆਨੀ ਜਾਨੰਤਿ ਅਸਥਿਰੰ॥*
*ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ॥*
*ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ॥*
*ਪੰਨਾ - 1354*

ਅਗਿਆਨੀ ਪੁਰਸ਼ ਇਸ ਨੂੰ ਸਦੀਵੀ ਰਹਿਣ ਵਾਲਾ ਜਾਣ ਕੇ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ ਅਤੇ ਜਨਮ ਮਰਨ ਦੇ ਚੱਕਰਾਂ ਵਿਚ ਪੈ ਕੇ ਨਰਕਾਂ ਨੂੰ ਭੋਗਦਾ ਹੈ। ਆਪਾਂ ਇਸ ਦੀਵਾਨ ਵਿਚ ਬਹੁਤ ਲੰਮੀ ਵਿਚਾਰ ਕੀਤੀ ਹੈ। ਇਸ ਨੂੰ ਫੇਰ ਵਿਚਾਰੋ ਨਹੀਂ ਤਾਂ ਇਹ ਯਾਦਾਸ਼ਤ ਵਿਚੋਂ ਲਹਿ ਜਾਵੇਗੀ। ਇਹ ਐਨੀ ਲੰਮੀ ਚੌੜੀ ਵਿਚਾਰ ਇਸ ਕਰਕੇ ਕੀਤੀ ਹੈ ਕਿ ਸਾਨੂੰ ਵੀ ਆਤਮ ਪਦ ਦੀ ਪ੍ਰਾਪਤੀ ਹੋ ਜਾਵੇ ਅਤੇ ਸਚਿਆਰੇ ਹੋ ਜਾਈਏ। ਸਾਨੂੰ ਵੀ ਪਤਾ ਲਗ ਜਾਵੇ ਕਿ ਆਤਮਾ ਕੀ ਹੈ।

(ਬਾਕੀ ਪੰਨਾ 13 ਤੇ)

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਪਰਮ ਪਾਵਨ ਤਿੱਬਤ ਵਿਚ ਮੇਰੇ ਪਰਮ ਗੁਰੂਦੇਵ

1939 ਵਿਚ ਮੈਂ ਤਿੱਬਤ ਜਾਣਾ ਚਾਹੁੰਦਾ ਸੀ, ਤਿੱਬਤ ਦੀ ਹੱਦ ਜਿਥੇ ਮੈਂ ਗੁਰੂਦੇਵ ਨਾਲ ਰਹਿੰਦਾ ਸੀ ਉਥੋਂ ਕੇਵਲ ਨੌ ਮੀਲ ਸੀ ਪਰ ਮੈਨੂੰ ਮਾਨਾਦੱਰਾ ਲੰਘ ਕੇ ਜਾਣ ਦੀ ਆਗਿਆ ਨਹੀਂ ਸੀ। ਸੱਤ ਸਾਲ ਬਾਦ ਮੈਂ ਇਕ ਹੋਰ ਯਤਨ ਕੀਤਾ, 1946 ਵਿਚ ਮੈਂ ਲਹਾਸਾ ਜੋ ਤਿੱਬਤ ਜੀ ਰਾਜਧਾਨੀ ਹੈ ਉਥੇ ਜਾਣ ਦੀ ਤਿਆਰੀ ਕੀਤੀ? ਦਾਰਜਲਿੰਗ ਤੋਂ, ਕਾਲਿਮਪੋਂਗ, ਸਿਕਮ, ਪੀਡੌਂਗ, ਗਿਆਨ ਸੀ ਤੇ ਸ਼ੀਗਾਟਸੀ ਤੋਂ ਹੋ ਕੇ। ਮੇਰਾ ਤਿੱਬਤ ਜਾਣ ਤੋਂ ਮੰਤਵ ਸੀ ਗੁਰੂਦੇਵ ਦੇ ਗੁਰੂ ਨੂੰ ਮਿਲਣ ਦਾ ਤੇ ਕੁਝ ਹੋਰ ਬੜੇ ਕਠਨ ਅਭਿਆਸ ਕਰਨ ਦਾ, ਉਨ੍ਹਾਂ ਕੋਲ ਰਹਿਣ ਦਾ ਉਨ੍ਹਾਂ ਦੀ ਦੇਖ ਰੇਖ ਹੇਠ।

ਕੁਝ ਦਿਨ ਮੈਂ ਦਾਰਜਲਿੰਗ ਠਹਿਰਿਆ ਤੇ ਕੁਝ ਲੋਕਾਂ ਨੂੰ ਭਾਸ਼ਨ ਦਿਤੇ, ਅੰਗਰੇਜ਼ਾਂ ਨੇ ਸੋਚਿਆ ਮੈਂ ਇਨਕਲਾਬੀ ਹਾਂ ਤੇ ਮੈਂ ਲਹਾਸਾ ਜਾ ਕੇ ਉਥੇ ਅੰਗ੍ਰੇਜ਼ਾਂ ਦੇ ਖਿਲਾਫ ਗੜਬੜ ਕਰਨਾ ਚਾਹੁੰਦਾ ਹਾਂ ਉਨ੍ਹਾਂ ਨੂੰ ਮੇਰੇ ਸਫਰ ਦਾ ਪੂਰਾ ਪ੍ਰੋਗਰਾਮ ਤਾਂ ਪਤਾ ਸੀ ਪਰ ਮੈਂ ਕਿਉਂ ਜਾ ਰਿਹਾ ਹਾਂ ਇਹ ਪਤਾ ਨਹੀਂ ਸੀ। ਦੱਸ ਦਿਨ ਬਾਦ ਮੈਂ ਕਾਲਿਮਪੋਂਗ ਚਲਾ ਗਿਆ ਤੇ ਇਕ ਮੱਠ ਵਿਚ ਰਿਹਾ ਜਿਥੇ ਰਹਿ ਕੇ ਮੈਂ ਕੁੰਗ ਫੂ ਤੇ ਹੋਰ ਇਹੋ ਜਿਹੀਆਂ ਕਲਾਂ ਸਿਖੀਆਂ। ਕੁੰਗ ਫੂ ਦੇ ਬਜ਼ੁਰਗ ਅਧਿਆਪਕ ਕੋਲ ਰਹਿ ਕੇ ਮੈਂ ਸਿਕਮ ਚਲਾ ਗਿਆ ਤੇ ਦਲਾਈਲਾਮਾ ਦੇ ਇਕ ਰਿਸ਼ਤੇਦਾਰ ਕੋਲ ਰਿਹਾ, ਸਿਕਮ ਦੇ ਰਾਜਸੀ ਅਫਸਰ ਸ੍ਰੀ ਹੋਪਕਿਨਸਨ ਨੂੰ ਡਰ ਸੀ ਕਿ ਮੈਂ ਤਿਬਤੀਆਂ ਨੂੰ ਅੰਗਰੇਜ਼ਾਂ ਨੂੰ ਵਰਗਲਾ ਦਿਆਂਗਾ, ਮੈਂ ਉਨ੍ਹਾਂ ਨੂੰ ਬਹੁਤ ਵਾਰੀ ਮਿਲਿਆ ਪਰ ਉਹ ਮੈਨੂੰ ਤਿੱਬਤ ਜਾਣ ਦੀ ਆਗਿਆ ਹੀ ਨਾ ਦੇਣ। ਉਹ ਸੋਚਦੇ ਸਨ ਮੈਂ ਕਾਂਗਰਸ ਦਾ ਇਕ ਜਾਸੂਸ ਹਾਂ, ਜਿਹੜੀ ਉਦੋਂ ਅੰਗਰੇਜ਼ਾਂ ਦੇ ਵਿਰੁੱਧ ਲੜ ਰਹੀ ਸੀ, ਉਸ ਵੇਲੇ ਭਾਰਤ ਵਿਚ ਦੋ ਟੋਲੀਆਂ ਸੀ ਇਕ ਮਹਾਤਮਾ ਗਾਂਧੀ ਦੀ ਜਿਹੜੇ ਅਹਿੰਸਾ ਵਿਚ ਵਿਸ਼ਵਾਸ਼ ਰਖਦੇ ਸਨ ਤੇ ਸਭ ਕੁਝ ਸਹਿ ਕੇ ਨਾ ਮਿਲਵਰਤਣ ਦੇ ਤਰੀਕੇ ਵਰਤਦੇ ਸਨ, ਦੂਸਰੇ ਖਾੜਕੂ ਸਨ। ਮੈਂ ਤਾਂ ਕਿਸੇ ਦਾ ਵੀ ਮੈਂਬਰ ਨਹੀਂ ਸੀ ਪਰ ਉਸ ਰਾਜਸੀ ਅਫਸਰ ਨੂੰ ਮੇਰੇ ਕੋਲ ਦੋ ਚਿੱਠੀਆਂ ਮਿਲੀਆਂ ਸਨ ਇਕ ਪੰਡਤ ਨਹਿਰੂ ਦੀ ਤੇ ਦੂਸਰੀ ਮਹਾਤਮਾ ਗਾਂਧੀ ਦੀ। ਭਾਵੇਂ ਇਹ ਚਿੱਠੀਆਂ ਦਾ ਰਾਜਸਿਕਤਾ ਨਾਲ ਕੋਈ ਸਬੰਧ ਨਹੀਂ ਸੀ ਪਰ ਉਹ ਅਫਸਰ ਹੋਰ ਵੀ ਸ਼ੱਕੀ ਹੋ ਗਿਆ। ਮੈਂ ਘਰ ਕੈਦ ਕਰ ਦਿਤਾ ਗਿਆ, ਮੈਨੂੰ ਸਾਰੇ ਆਰਾਮ ਸਨ ਪਰ ਦੋ ਮਹੀਨੇ ਮੈਨੂੰ ਬਾਹਰ ਨਹੀਂ ਨਿਕਲਣ ਦਿਤਾ ਗਿਆ। ਨਾ ਮੈਂ ਕਿਸੇ ਨੂੰ ਚਿੱਠੀ ਲਿਖ ਸਕਦਾ ਸੀ ਨਾ ਕੋਈ ਮੈਨੂੰ ਮਿਲ ਸਕਦਾ ਸੀ ਉਹ ਰਾਜਸੀ ਅਫਸਰ ਕਹਿੰਦਾ ਸੀ ਮੈਂ ਸਾਬਤ ਤਾਂ ਨਹੀਂ ਕਰ ਸਕਦਾ ਕਿ ਤੂੰ ਕੁਝ ਕੀਤਾ ਹੈ ਪਰ ਮੈਨੂੰ ਤੇਰੇ ਤੇ ਰਾਜਸੀ ਜਾਸੂਸ ਹੋਣ ਦਾ ਸ਼ੱਕ ਹੈ। ਜਦੋਂ ਤਕ ਮੈਨੂੰ ਤੇਰੇ ਬਾਰੇ ਰਿਪੋਰਟ ਨਾ ਮਿਲੇ ਮੈਂ ਤੈਨੂੰ ਛੱਡ ਨਹੀਂ ਸਕਦਾ। ਘਰ ਦੇ ਬਾਹਰ 24 ਘੰਟੇ ਇਕ ਗਾਰਡ ਹੁੰਦਾ ਸੀ। ਇਕ ਗੱਲ ਹੋਈ ਜਿੰਨੀ ਦੇਰ ਮੈਂ ਉਥੇ ਰਿਹਾ ਮੈਨੂੰ ਤਿੱਬਤ ਦੀ ਭਾਸ਼ਾ ਸਿਖਣ ਦਾ ਅਵਸਰ ਮਿਲ ਗਿਆ ਤੇ ਮੈਂ ਤਿੱਬਤੀਆਂ ਨਾਲ ਚੰਗੀ ਗੱਲਬਾਤ ਕਰਨ ਲਗ ਪਿਆ ਜਦੋਂ ਵੀ ਮੈਨੂੰ ਉਨ੍ਹਾਂ ਦੇ ਦੇਸ਼ ਜਾਣ ਦਾ ਮੌਕਾ ਮਿਲਿਆ ਮੈਂ ਚੰਗੀ ਗੱਲਬਾਤ ਕਰ ਸਕਾਂਗਾ।

ਮੈਂ ਕਈ ਅਫਸਰਾਂ ਨੂੰ ਬੇਨਤੀ ਕੀਤੀ ਪਰ ਉਸ ਰਾਜਸੀ ਅਫਸਰ ਨੂੰ ਕੋਈ ਵੀ ਚਿੱਠੀ ਨਹੀਂ ਮਿਲੀ ਕਿ ਉਹ ਮੈਨੂੰ ਛੱਡ ਦੇਵੇ। ਸੋ ਦੋ ਮਹੀਨੇ ਬਾਅਦ ਮੈਂ ਫੈਸਲਾ ਕੀਤਾ ਮੈਂ ਚੁੱਪ ਚਾਪ ਇਥੋਂ ਚਲਾ ਜਾਵਾਂ ਮੈਂ ਇਕ ਲੰਮਾ ਕੋਟ ਖਰੀਦਿਆ ਉਹ ਵੀ ਇਕ ਗਾਰਡ ਪਾਸੋਂ (ਉਹ ਬਹੁਤ ਪੁਰਾਣਾ ਤੇ ਗੰਦਾ ਸੀ) ਇਕ ਬਹੁਤ ਹੀ ਠੰਢੀ ਰਾਤ ਨੂੰ ਗਿਆਰ੍ਹਾਂ ਵਜੇ ਜਦੋਂ ਗਾਰਡ ਸ਼ਰਾਬ ਪੀ ਕੇ ਸੁੱਤਾ ਪਿਆ ਸੀ ਮੈਂ ਲੰਮਾ ਕੋਟ ਪਾ ਕੇ ਪੀਡੌਂਗ ਤੋਂ ਨਿਕਲ ਪਿਆ। ਉਹ 15 ਜੁਲਾਈ ਦਾ ਦਿਨ ਸੀ ਜਾਣ ਤੋਂ ਪਹਿਲਾਂ ਮੈਂ ਇਕ ਚਿੱਠੀ ਲਿਖ ਕੇ ਰੱਖ ਦਿਤੀ ਸੀ ਜਿਸ ਵਿਚ ਮੈਂ ਲਿਖਿਆ ਸੀ ਮੈਂ ਦਿੱਲੀ ਜਾ ਰਿਹਾ ਹਾਂ ਇਹ ਲਿਖਣ ਵਿਚ ਮੇਰੀ ਆਤਮਾ ਨੇ ਕੋਈ ਦੁੱਖ ਨਹੀਂ ਮਨਾਇਆ ਕਿ ਮੈਂ ਗਲਤ ਲਿਖ ਰਿਹਾ ਹਾਂ ਕਿਉਂਕਿ ਮੈਨੂੰ ਪੱਕਾ ਯਕੀਨ ਸੀ ਕਿ ਉਹ ਅਫਸਰ ਠੀਕ ਨਹੀਂ ਕਰ ਰਿਹਾ ਕਿ ਉਹ ਮੈਨੂੰ ਤਿੱਬਤ ਜਾਣ ਤੋਂ ਰੋਕ ਰਿਹਾ ਹੈ। ਮੈਨੂੰ ਤਿੰਨ ਦਿਨ ਲੱਗੇ ਜਦੋਂ ਮੈਂ ਆਖਰੀ ਹੱਦ ਤੇ ਪਹੁੰਚਿਆ। ਗੋਰਖਾ ਸਿਪਾਹੀ ਸਨ ਪਰ ਉਹ ਸਿੱਕਮ ਸਰਕਾਰ ਨੇ ਲਗਾਏ ਹੋਏ ਸਨ। ਉਹ ਮੇਰੇ ਬਾਰੇ ਜਾਨਣਾ ਚਾਹੁੰਦੇ ਸਨ ਤੇ ਉਨ੍ਹਾਂ ਨੇ ਮੇਰੀ ਜਾਣਕਾਰੀ ਵੀ ਪੁੱਛੀ ਮੈਂ ਉਨ੍ਹਾਂ ਨਾਲ ਨੇਪਾਲੀ ਵਿਚ ਗੱਲ ਕੀਤੀ, ਮੈਂ ਬੜੀ ਚੰਗੀ ਨੇਪਾਲੀ ਬੋਲ ਲੈਂਦਾ ਸੀ ਉਨ੍ਹਾਂ ਨੇ ਸੋਚਿਆ ਮੈਂ ਨੇਪਾਲ ਤੋਂ ਹਾਂ, ਉਨ੍ਹਾਂ ਨੇ ਮੈਨੂੰ ਹੱਦ ਪਾਰ ਕਰ ਲੈਣ ਦਿਤੀ।

ਹਾਲੇ ਮੈਂ ਬਹੁਤ ਕਠਿਨਾਈਆਂ ਦਾ ਸਾਮ੍ਹਣਾ ਕਰਨਾ ਸੀ, ਮੈਂ ਬਿਲਕੁਲ ਸ਼ਾਕਾਹਾਰੀ ਸੀ ਉਥੇ ਮਾਸ ਤੋਂ ਬਿਨਾਂ ਘੱਟ ਹੀ ਖਾਣ ਨੂੰ ਕੁਝ ਮਿਲਦਾ ਹੈ ਮੈਨੂੰ ਸਾਰੇ ਤਿੱਬਤ ਵਿਚ ਇਕ ਵੀ ਸ਼ਾਕਾਹਾਰੀ ਨਹੀਂ ਮਿਲਿਆ। ਉਥੇ ਵੀ ਅਬਹਵਾ ਤੇ ਉਚਾਈ ਦੇ ਕਾਰਣ ਹਰ ਕੋਈ ਮਾਸ ਮੱਛੀ ਤੇ ਹੀ ਰਹਿੰਦਾ ਸੀ ਮੈਨੂੰ ਵੀ ਅੰਡੇ ਸ਼ੁਰੂ ਕਰਨੇ ਪਏ, ਮੈਨੂੰ ਭਾਵੇਂ ਕੁਛ ਕੁ ਮੌਸਮੀ ਸਬਜ਼ੀਆਂ ਮਿਲ ਗਈਆਂ ਮੈਂ ਕਦੀ ਸੋਚ ਹੀ ਨਹੀਂ ਸਕਦਾ ਕੀ ਮਾਸ ਮੱਛੀ ਵੀ ਖਾਧੀ ਜਾਵੇ ਕਿਉਂਕਿ ਮੇਰਾ ਖਾਣਾ ਬਦਲ ਗਿਆ ਮੈਨੂੰ ਜਲਾਬ ਲਗ ਗਏ, ਮੇਰੀ ਸਿਹਤ ਬਹੁਤ ਗਿਰ ਗਈ ਪਰ ਮੈਂ ਇਸ ਗੱਲ ਵਿਚ ਦ੍ਰਿੜ੍ਹ ਸੀ ਕਿ ਮੈਂ ਕੁਝ ਮਠਾਂ ਵਿਚ ਤਾਂ ਅਵੱਸ਼ ਜਾਣਾ ਹੀ ਹੈ ਤੇ ਆਪਣੀ ਯਾਤਰਾ ਨੂੰ ਸਫਲ ਬਣਾਉਣਾ ਹੀ ਹੈ, ਉਹ ਸੀ ਗੁਰੂ ਦੇ ਗੁਰੂ ਕੋਲ ਰਹਿਣਾ ਤੇ ਕੁਝ ਹੋਰ ਸਿਖਣਾ।

ਜਿਥੇ ਵੀ ਮੈਂ ਰਾਤ ਲਈ ਠਹਿਰਦਾ, ਲੋਕੀ ਮੇਰੀ ਤਲਾਸ਼ੀ ਲੈਂਦੇ ਮੇਰੀਆਂ ਚੀਜ਼ਾਂ ਦੇਖਦੇ ਮੇਰੇ ਕੋਲ ਤਾਂ ਕੁਝ ਵੀ ਨਹੀਂ ਸੀ, ਕੁਝ ਬਿਸਕੁਟ ਸਨ, ਕੁਝ ਛੋਲੇ ਤੇ ਪਾਣੀ ਦੀ ਬੋਤਲ ਜਿਹੜੀ ਮੈਨੂੰ ਇਕ ਸਿਪਾਹੀ ਨੇ ਦਿਤੀ ਸੀ ਸਰਹੱਦ ਤੇ ਮੇਰੇ ਕੋਲ 2000 ਰੁਪਏ ਸਨ ਜਿਹੜੇ ਕਿ ਇਹੋ ਜਿਹੇ ਸਫਰ ਲਈ ਕੋਈ ਬਹੁਤੇ

ਨਹੀਂ ਸਨ, ਉਹ ਮੈਂ ਜੁਰਾਬਾਂ ਦੇ ਅੰਦਰ ਬੰਨ੍ਹੇ ਹੋਏ ਸਨ, ਮੈਂ ਆਪਣੇ ਬੂਟ ਕਿਸੇ ਦੇ ਸਾਮ੍ਹਣੇ ਨਹੀਂ ਸੀ ਉਤਾਰਦਾ। ਮੈਂ ਦੱਸ ਪੰਦਰਾਂ ਮੀਲ ਰੋਜ਼ ਤੁਰਦਾ, ਕਦੀ ਪੈਦਲ, ਕਦੀ ਖੱਚਰ ਤੇ ਮੈਂ ਲੋਕਾਂ ਨੂੰ ਮਿਲਦਾ ਗੱਲਾਂ ਕਰਦਾ ਮੈਂ ਉਨ੍ਹਾਂ ਨਾਲ ਜੋਤਿਸ਼ ਦੀ ਗੱਲ ਕਰਦਾ ਭਾਵੇਂ ਮੇਰੀ ਆਤਮਾ ਮੈਨੂੰ ਲਾਹਨਤ ਪਾਉਂਦੀ, ਪਰ ਤਿੱਬਤੀਆਂ ਨੂੰ ਇਹ ਸਭ ਕੁਝ ਸੁਣਨਾ ਚੰਗਾ ਲਗਦਾ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਮੈਂ ਇਨ੍ਹਾਂ ਬਾਰੇ ਕੁਝ ਜਾਣਦਾ ਹਾਂ ਉਹ ਖੁਸ਼ ਹੋ ਕੇ ਮੈਨੂੰ ਖੱਚਰ ਦੇ ਦਿੰਦੇ, ਕਈ ਵਾਰੀ ਮੇਰੇ ਸਾਮ੍ਹਣੇ ਭੋਟੀਆ ਕੁੱਤੇ ਮੇਰੇ ਸਾਮ੍ਹਣੇ ਆਏ (ਇਹ ਕੁੱਤੇ ਪਿੰਡਾਂ ਦੀ ਰੱਖਿਆ ਲਈ ਰੱਖੇ ਜਾਂਦੇ ਹਨ) ਥੱਕਣ ਦੇ ਬਾਵਜੂਦ, ਹਰ ਤਰ੍ਹਾਂ ਦੀ ਅੜਚਣ ਦੇ ਬਾਵਜੂਦ ਵੀ ਮੈਨੂੰ ਇਸ ਤਰ੍ਹਾਂ ਲਗਦਾ ਕੋਈ ਤਾਕਤ ਮੈਨੂੰ ਬੁਲਾ ਰਹੀ ਹੈ। ਹਿਮਾਲੀਆ ਦੇ ਸੰਤਾਂ ਦੇ ਬਾਰੇ ਕੁਝ ਹੋਰ ਜਾਨਣ ਲਈ ਕੋਈ ਬੁਲਾ ਰਿਹਾ ਹੈ, ਮੈਂ ਸੋਚਦਾ ਸੀ ਮੈਂ ਭਾਰਤ ਵਾਪਸ ਨਹੀਂ ਆਵਾਂਗਾ ਕਿਉਂਕਿ ਅੰਗ੍ਰੇਜ਼ਾਂ ਨੇ ਮੈਨੂੰ ਜ਼ਰੂਰ ਕੈਦ ਕਰ ਲੈਣਾ ਸੀ।

ਮੈਂ ਹਿੰਮਤ ਕਰਕੇ ਇਹ ਔਖਾ ਸਫਰ ਪੂਰਾ ਕਰ ਲਿਆ, ਪਹਾੜ ਨਦੀਆਂ, ਬਰਫ ਦੇ ਤੋਦੇ ਲੰਘਦਾ ਹੋਇਆ ਬਿਨਾਂ ਕਿਸੇ ਸਾਧਨ ਦੇ, ਬਿਨਾਂ ਕਿਸੇ ਰਸਤਾ ਦੱਸਣ ਵਾਲੇ ਦੇ, ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਣ ਕਰਕੇ ਗੁਰੂਦੇਵ ਤੇ ਆਪਣੀ ਡੋਰ ਛੱਡ ਦਿਤੀ ਇਹ ਸੋਚ ਕੇ ਉਹ ਆਪੇ ਹੀ ਮੇਰੀ ਰੱਖਿਆ ਕਰਨਗੇ, ਜੇ ਮੈਂ ਰਸਤਾ ਭੁੱਲ ਵੀ ਗਿਆ। ਉਨ੍ਹਾਂ ਦਿਨਾਂ ਵਿਚ ਮੈਂ ਨਿਰਭੈ ਹੁੰਦਾ ਸੀ, ਮੈਨੂੰ ਮਰਨ ਤੋਂ ਡਰ ਨਹੀਂ ਸੀ ਲਗਦਾ, ਮੇਰੇ ਅੰਦਰ ਤੀਬਰ ਇੱਛਾ ਸੀ ਕਿ ਗੁਰੂਦੇਵ ਦੇ ਗੁਰੂ ਦੇ ਦਰਸ਼ਨ ਕਰ ਸਕਾਂ, ਮੈਂ ਸੋਚਦਾ ਸੀ ਇਹ ਮੇਰੀ ਇਕ ਪ੍ਰਮੁੱਖ ਡਿਊਟੀ ਹੈ ਕਿ ਮੈਂ ਕੁਝ ਦੇਰ ਉਨ੍ਹਾਂ ਨਾਲ ਰਹਿ ਸਕਾਂ, ਉਹ ਇਕਾਂਤ ਕਰਕੇ ਹੀ ਤਿੱਬਤ ਰਹਿੰਦੇ ਸਨ ਤੇ ਨਾਲ ਕੁਝ ਕੁ ਬੜੇ ਸੰਪੰਨ ਯੋਗੀਆਂ ਨੂੰ ਅੱਗੇ ਰਾਹ ਦਿਖਾਉਣ ਲਈ ਉਹ ਉਥੇ ਸਨ, ਮੇਰੀ ਬੜੀ ਇੱਛਾ ਸੀ ਉਨ੍ਹਾਂ ਨੂੰ ਮਿਲਣ ਦੀ, ਮੈਨੂੰ ਪਤਾ ਲੱਗਾ ਸੀ ਕਿ ਹਰੀਆਖਾਨ ਬਾਬਾ ਤੇ ਹਿਮਾਲੀਆ ਦੇ ਹੋਰ ਸੰਤ ਉਨ੍ਹਾਂ ਨੂੰ ਪੂਜਦੇ ਸਨ ਤੇ ਬਹੁਤ ਸਾਰਿਆਂ ਨੇ ਉਨ੍ਹਾਂ ਤੋਂ ਸਿਖਿਆ ਵੀ ਪ੍ਰਾਪਤ ਕੀਤੀ ਸੀ। ਹਰੀਆਖਾਨ ਬਾਬਾ ਜੋ ਕਮਾਂਓ ਵਿਚ ਬੜੇ ਮਸ਼ਹੂਰ ਸਨ ਕਈ ਉਨ੍ਹਾਂ ਨੂੰ ਸਦੀਵੀ ਵੀ ਕਹਿੰਦੇ ਹਨ ਉਨ੍ਹਾਂ ਨੂੰ ਮੇਰੇ ਗੁਰੂਦੇਵ ਦੇ ਗੁਰੂ ਨੇ ਹੀ ਸਿਖਿਆ ਦਿਤੀ ਸੀ ਇਸ ਗੱਲ ਨੇ ਮੇਰੀ ਇਛਿਆ ਹੋਰ ਪ੍ਰਬਲ ਕਰ ਦਿਤੀ ਤੇ ਮੈਨੂੰ ਇਹ ਸਾਹਸ ਦਿਤਾ।

ਦੋ ਮਹੀਨੇ ਬਾਅਦ ਮੈਂ ਲਹਾਸਾ ਪਹੁੰਚਿਆ। ਬੜਾ ਹੀ ਔਖਾ ਉਥੇ ਮੈਂ ਇਕ ਕੈਥੋਲਿਕ ਪਾਦਰੀ ਨੂੰ ਮਿਲਿਆ ਉਹ ਮੈਨੂੰ ਆਪਣੇ ਛੋਟੇ ਜਿਹੇ ਘਰ ਲੈ ਗਿਆ ਜਿਹੜਾ ਇਕ ਗਿਰਜੇ ਦਾ ਵੀ ਕੰਮ ਦਿੰਦਾ ਸੀ। ਉਸ ਨਾਲ ਦੋ ਹੋਰ ਮਿਸ਼ਨਰੀ ਰਹਿੰਦੇ ਸਨ, ਲਹਾਸਾ ਵਿਚ ਇਹ ਤਿੰਨ ਮਿਸ਼ਨਰੀ ਹੀ ਸਨ ਤੇ ਉਨ੍ਹਾਂ ਉਤੇ ਅੰਗਰੇਜ਼ ਸਰਕਾਰ ਦੀ ਕੜੀ ਨਿਗ੍ਹਾ ਸੀ, ਮੈਂ ਉਨ੍ਹਾਂ ਨਾਲ ਦਸ ਦਿਨ ਰਿਹਾ, ਆਰਾਮ ਕੀਤਾ ਥੋੜ੍ਹੀ ਤਾਕਤ ਆਈ ਉਦੋਂ ਤਕ ਰਾਜਸੀ ਅਫਸਰ ਨੂੰ ਤੇ ਸਿਕਮ ਪੁਲਿਸ ਨੂੰ ਇਹ ਪਤਾ ਲਗ ਚੁਕਾ ਸੀ ਕਿ ਮੈਂ ਤਿੱਬਤ ਪਹੁੰਚ ਗਿਆ ਹਾਂ ਤੇ ਮੇਰਾ ਕੇਸ ਸੀ.ਆਈ.ਡੀ. ਨੂੰ ਦੇ ਦਿਤਾ ਗਿਆ ਸੀ।

***'ਚਲਦਾ'***

□ □ □ □ □ □ □

(ਪੰਨਾ 11 ਦੀ ਬਾਕੀ)

ਸੋ ਸਾਡਾ ਜੋ ਸਰੂਪ ਹੈ ਉਸ ਨੂੰ ਸਮਝੋ, ਸਾਧਸੰਗਤ ਜੀ!

*ਧਾਰਨਾ - ਆਤਮ ਤੇਰਾ ਰੂਪ ਹੈ,*
*ਦੇਹੀ ਕਿਉਂ ਮੰਨਦੈਂ ਆਪ ਨੂੰ - 2, 2.*
*ਦੇਹੀ ਕਿਉਂ ਮੰਨਦੈਂ ਆਪ ਨੂੰ - 2, 2.*
*ਆਤਮ ਤੇਰਾ ਰੂਪ ਹੈ,.........-2*

*ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥*
*ਪੰਨਾ - 441*
*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥*
*ਆਵਤ ਜਾਤ ਨ ਦੀਸਹੀ ਨ ਪਰ ਪੰਖੀ ਤਾਹਿ॥*
*ਪੰਨਾ - 550*
*ਪੰਚ ਤਤੁ ਮਿਲਿ ਕਾਇਆ ਕੀਨੀ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ॥*
*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ॥ ਪੰਨਾ - 1030*

ਸੋ ਸਾਡਾ ਅਸਲੀ ਸਰੂਪ ਆਤਮਾ ਹੈ, ਅਸੀਂ ਭੁੱਲ ਕੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨ ਕੇ ਦੁਖੀ ਹੁੰਦੇ ਹਾਂ। ਜਨਮ ਮਰਨ ਦੇ ਚੱਕਰ ਕੱਟਦੇ ਹਾਂ। ਮਹਾਤਮਾ ਇਹਨੂੰ ਦਸਦੇ ਹਨ ਕਿ ਜਿਵੇਂ ਸਰੀਰ ਦੀ ਛਾਇਆ ਸੂਰਜ ਦੇ ਨਾਲ ਹੁੰਦੀ ਹੈ, ਪਰ ਉਸ ਛਾਇਆ ਵਿਚ ਕੋਈ ਅਹੰਬੁੱਧੀ ਨਹੀਂ ਧਾਰਦਾ। ਸ਼ੀਸ਼ੇ ਦੇ ਸਾਮ੍ਹਣੇ ਖੜ੍ਹੇ ਹੁੰਦੇ ਹਾਂ ਆਪਣਾ ਹੀ ਪਰਛਾਵਾਂ ਨਜ਼ਰ ਆਉਂਦਾ ਹੈ ਅਤੇ ਆਪਣੇ ਸਰੂਪ ਨੂੰ ਕੋਈ ਨਹੀਂ ਕਹਿੰਦਾ ਕਿ ਮੈਂ ਹਾਂ। ਪਰ ਐਡੇ ਮੂਰਖ ਹਾਂ ਅਸੀਂ ਕਿ ਇਹ ਸਰੀਰ ਮਾਤਾ ਪਿਤਾ ਦੀ ਸਤਾਂ ਧਤਾ ਤੋਂ ਬਣਿਆ ਹੈ ਇਹਦੇ ਵਿਚ ਅਸੀਂ ਅਹੰ ਬੁੱਧੀ ਧਾਰਨ ਕਰਦੇ ਹਾਂ। ਮਨ ਬੁੱਧੀ ਵਾਲਾ ਪੁਰਸ਼ ਕਹਿੰਦਾ ਹੈ ਕਿ ਮੈਂ ਹਾਂ। ਉਹਨੂੰ ਲੱਖ ਸਮਝਾਈਏ ਪਰ ਉਸ ਦਾ ਦੇਹ ਅਧਿਆਸ ਨਹੀਂ ਟੁਟਦਾ।

ਪਿਆਰੀ ਸਾਧਸੰਗਤ ਜੀ! ਆਪਾਂ ਬਹੁਤ ਦਿਨਾਂ ਤੋਂ ਭਾਈ ਤਿਲੋਕਾ ਤੇ ਰਾਜਕੁਮਾਰੀ ਦਾ ਪ੍ਰਸੰਗ ਸੁਣ ਰਹੇ ਹਾਂ। ਇਹ ਜੋ ਵਿਚਾਰਾਂ ਸਾਰੀਆਂ ਹੋਈਆਂ ਹਨ ਇਹ ਸੰਖੇਪ ਰੂਪ ਵਿਚ ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਸਮਝਾਈਆਂ ਤਾਂ ਕਿ ਉਸ ਨੂੰ ਪਤਾ ਲਗ ਜਾਵੇ ਕਿ ਮੇਰਾ ਸਰੂਪ ਕੀ ਹੈ? ਪਹਿਲਾਂ ਪਹਿਲਾਂ ਉਸ ਨੇ ਜਦੋਂ ਕਿਹਾ ਸੀ ਕਿ ਤੂੰ ਆਤਮਾ ਹੈਂ ਤਾਂ ਰਾਜਕੁਮਾਰੀ ਚੀਕਾਂ ਮਾਰ-ਮਾਰ ਕੇ ਰੋਈ ਸੀ ਕਿ ਨਹੀਂ ਮੇਰੇ ਤਾਂ ਮਾਤਾ-ਪਿਤਾ, ਸਹੇਲੀਆਂ ਸਭ ਹਨ, ਮੈਂ ਆਤਮਾ ਨਹੀਂ ਬਣਨਾ। ਪਰ ਗੁਰਮੁਖ ਪਿਆਰੇ ਨੇ ਉਸ ਨੂੰ ਬਹੁਤ ਤਰੀਕਿਆਂ ਨਾਲ ਸਮਝਾ ਕੇ ਇਹ ਗੱਲ ਨਿਰਣੇ ਕਰਾ ਦਿਤੀ ਕਿ ਮੈਂ ਸਰੀਰ ਨਹੀਂ ਹਾਂ ਅਤੇ ਇਹ ਵੀ ਨਿਰਣੇ ਕਰਾ ਦਿਤਾ ਕਿ ਜੇ ਤੂੰ ਮੇਰੇ ਨਾਲ ਮਰ ਗਈ ਤਾਂ ਤੇਰਾ ਤੇ ਮੇਰਾ ਮੇਲ ਬਿਲਕੁਲ ਨਹੀਂ ਹੋਣਾ ਕਿਉਂਕਿ ਮੈਂ ਹੋਰ ਦੇਸ਼ ਦਾ ਵਾਸੀ ਹਾਂ। ਤੂੰ ਮਾਇਆ ਮੰਡਲ ਦੀ ਵਸਨੀਕ ਹੈਂ। ਸੋ ਅਗਲੀ ਵਿਚਾਰ ਅਗਲੇ ਦੀਵਾਨ ਵਿਚ ਕੀਤੀ ਜਾਵੇਗੀ।

□ □ □ □ □ □ □

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਦਰਬਾਰ ਵਿਚ ਸਸ਼ੋਭਤ ਹੋ। ਕਲਜੁਗ ਦੇ ਸਮੇਂ ਵਿਚ ਸਭ ਤੋਂ ਦੁਰਲਭ ਸਤਿਸੰਗ ਦੀ ਪ੍ਰਾਪਤੀ ਹੈ। ਦੋ ਕਰਮਾਂ ਨੂੰ ਗੁਰੂ ਮਹਾਰਾਜ ਜੀ ਨੇ ਪ੍ਰੋੜ੍ਹਤਾ ਦਿਤੀ ਹੈ ਜਿਸ ਨਾਲ ਜੀਵ ਦਾ ਉਧਾਰ ਹੋ ਜਾਇਆ ਕਰਦਾ ਹੈ, ਇਕ ਹਰੀ ਦਾ ਕੀਰਤਨ ਕਰਨਾ ਦੂਸਰਾ ਸਾਧੂ ਦੀ ਸੰਗਤ ਦੀ ਪ੍ਰਾਪਤੀ ਹੋ ਜਾਣੀ। ਕਿਉਂਕਿ ਕਲਜੁਗ ਵਿਚ ਕੇਵਲ ਨਾਮ ਸਾਧਨ ਹੀ ਉਤਮ ਸਾਧਨ ਹੈ ਜਿਸ ਵਿਚ ਜੀਵ ਦੀ ਮੁਕਤੀ ਹੋ ਜਾਂਦੀ ਹੈ ਅਤੇ ਗੁਰੂ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥*
*ਪੰਨਾ - 1185*

ਪਹਿਲੇ ਜੁਗਾਂ ਅੰਦਰ ਬੜੇ ਕਰੜੇ ਸਾਧਨ ਹੋਇਆ ਕਰਦੇ ਸਨ ਪਰ ਕਲਜੁੱਗ ਵਿਚ ਗੁਰੂ ਮਹਾਰਾਜ ਜੀ ਨੇ ਜੀਵ ਦੇ ਉਧਾਰ ਲਈ ਸਾਧੂ ਦੀ ਸੰਗਤ ਅਤੇ ਹਰਿ ਕੀਰਤ ਨੂੰ ਬਹੁਤ ਹੀ ਮਹਾਨਤਾ ਦਿਤੀ ਹੈ ਕਿਉਂਕਿ ਸਾਧੂ ਦੀ ਸੰਗਤ ਨਾਲ ਜੀਵ ਦਾ ਉਧਾਰ ਹੋ ਜਾਂਦਾ ਹੈ ਅਤੇ ਨਾਮ ਚਲ ਪੈਂਦਾ ਹੈ, ਕਲਜੁਗ ਵਿਚ ਇਹ ਅਮੁੱਲ ਵਸਤੂ ਹੈ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਜੀ ਪੰਜੇ ਪਾਂਡਵਾਂ ਸਮੇਤ ਦਿੱਲੀ ਬੈਠੇ ਸਨ, ਉਸ ਵੇਲੇ ਆਪ ਨੇ ਬਚਨ ਕੀਤਾ ਕਲਜੁੱਗ ਦੇ ਅੰਦਰ ਸਾਧੂਆਂ ਦੀ ਸੰਗਤ ਬਹੁਤ ਮਹਾਨਤਾ ਰਖਦੀ ਹੈ ਪਰ ਇਹ ਪ੍ਰਾਪਤ ਸਿਰਫ ਭਾਗਾਂ ਵਾਲਿਆਂ ਨੂੰ ਹੋਇਆ ਕਰਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
*ਪੰਨਾ - 642*

ਇਸ ਉਪਰ ਪੰਜੇ ਭਰਾ ਇਕ ਦਮ ਸੁਣਦੇ ਸਾਰ ਬੋਲ ਉਠੇ ਕਿ ਹੇ ਪ੍ਰਭੂ! ਸਤਿਸੰਗ ਤਾਂ ਖੁਲ੍ਹੇ ਆਮ ਹੋਇਆ ਕਰਦਾ ਹੈ ਇਸ ਵਿਚ ਕਿਸੇ ਨੂੰ ਰੁਕਾਵਟ ਨਹੀਂ ਹੈ ਕਿ ਉਹ ਸਤਿਸੰਗ ਵਿਚ ਨਾ ਆ ਸਕੇ। ਹਰ ਵਰਗ ਦਾ ਪ੍ਰੇਮੀ, ਸਾਧੂ ਸੰਗਤ ਵਿਚ ਅਨੰਦ ਮਾਣ ਸਕਦਾ ਹੈ। ਸਾਧੂ ਦੀ ਸੰਗਤ ਵਰਨਾਂ ਆਸ਼ਰਮਾਂ ਤੋਂ ਉਪਰ ਹੁੰਦੀ ਹੈ, ਇਸ ਵਿਚ ਇਹ ਹੁੰਦਾ ਹੀ ਨਹੀਂ ਕਿ ਕੋਈ ਨਾ ਆ ਸਕੇ। ਇਹ ਕਿਵੇਂ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ, ਇਹ ਤਾਂ ਹਰ ਜੀਵ ਕਰ ਸਕਦਾ ਹੈ।

ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਨਹੀਂ ਭਾਈ! ਕਲਜੁੱਗ ਛੇਤੀ ਹੀ ਆ ਰਿਹਾ ਹੈ, ਇਸ ਵਿਚ ਜੀਵ ਦੇ ਤਰਨ ਦਾ ਸਾਧਨ ਸਤਿਸੰਗ ਦੀ ਪ੍ਰਾਪਤੀ ਹੈ। ਵੈਸੇ ਤਾਂ ਸੰਗਤ ਸਤਿਜੁਗ ਤੋਂ ਚਲੀ ਆ ਰਹੀ ਹੈ, ਉਸ ਦੀ ਬਹੁਤ ਮਹਾਨਤਾ ਹੈ। ਇਥੋਂ ਤਕ ਕਿ ਬੈਕੁੰਠਪਤੀ ਵੀ ਆਪਣੇ ਆਸਣ ਤੋਂ ਉਠ ਕੇ ਸਤਿਸੰਗ ਵਿਚ ਆ ਕੇ ਸਤਿਸੰਗ ਦਾ ਅਨੰਦ ਮਾਣਦੇ ਹਨ। ਸਤਿਸੰਗ ਸਿਰਫ ਉਹ ਹੋਇਆ ਕਰਦਾ ਹੈ ਜਿਥੇ ਬੈਠ ਕੇ ਪ੍ਰਭੂ ਦੇ ਪਿਆਰੇ ਕੇਵਲ ਹਰੀ ਦੇ ਗੁਣ ਗਾਉਣ। ਉਸ ਦੀ ਬਹੁਤ ਹੀ ਮਹਾਨਤਾ ਹੋਇਆ ਕਰਦੀ ਹੈ। ਸਤਿਸੰਗ ਵਿਚ ਆ ਕੇ ਜੇ ਕੋਈ ਜੀਵ ਇਛਿਆ ਵੀ ਕਰਦਾ ਹੈ, ਉਹ ਵੀ ਉਸਦੀ ਪੂਰੀ ਹੋ ਜਾਇਆ ਕਰਦੀ ਹੈ। ਉਸ ਦਿਨ ਦਿੱਲੀ ਨੁਮਾਇਸ਼ ਲਗਣ ਕਰਕੇ ਭਾਰੀ ਮੇਲਾ ਸੀ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਚਲੋ ਭਾਈ! ਅੱਜ ਨੁਮਾਇਸ਼ ਵੇਖ ਆਈਏ, ਫੇਰ ਕਦੇ ਇਸ ਗੱਲ ਦਾ ਨਿਰਣਾ ਕਰਾਂਗੇ। ਪੰਜੇ ਪਾਂਡਵ ਨੁਮਾਇਸ਼ ਵਿਚ ਘੁੰਮਦੇ ਰਹੇ ਜਦੋਂ ਵਾਪਸ ਆਏ ਤਾਂ ਫਿਰ ਸਾਰੇ ਕ੍ਰਿਸ਼ਨ ਮਹਾਰਾਜ ਜੀ ਪਾਸ ਇਕੱਠੇ ਹੋਏ। ਨੁਮਾਇਸ਼ ਦੀ ਗੱਲ ਚਲ ਪਈ। ਭੀਮ ਨੇ ਕਿਹਾ ਕਿ ਮੈਂ ਮਲ ਯੁੱਧ ਦੇਖਦਾ ਰਿਹਾ, ਹੋਰ ਕਿਤੇ ਨਹੀਂ ਗਿਆ। ਅਰਜਨ ਨੇ ਕਿਹਾ ਕਿ ਮੈਂ ਭੀ ਤੀਰ ਅੰਦਾਜ਼ਾਂ ਦੇ ਖੇਲ੍ਹ ਵੇਖਦਾ ਰਿਹਾ। ਬਾਕੀ ਸਾਰਿਆਂ ਨੇ ਭੀ ਆਪੋ ਆਪਣੀ ਗੱਲ ਕੀਤੀ। ਜਦੋਂ ਕ੍ਰਿਸ਼ਨ ਮਹਾਰਾਜ ਨੂੰ ਕਿਹਾ ਕਿ ਆਪ ਭੀ ਦੱਸੋ ਆਪ ਨੇ ਕੀ ਵੇਖਿਆ। ਆਪ ਨੇ ਫੁਰਮਾਨ ਕੀਤਾ ਕਿ ਮੈਂ ਤਾਂ ਜਮਨਾ ਤੀਰ ਸਤਿਸੰਗ ਵਿਚ ਬੈਠਾ ਰਿਹਾ ਅਤੇ ਹਰੀ ਜਸ ਕਰਦੇ ਰਹੇ। ਫੇਰ ਉਨ੍ਹਾਂ ਪਾਂਡਵਾਂ ਨੂੰ ਪੁਛਿਆ ਕਿ ਤੁਸੀਂ ਕਿਉਂ ਨਾ ਸਤਿਸੰਗ ਵਿਚ ਆਏ ਤਾਂ ਉਨ੍ਹਾਂ ਨੇ ਕਿਹਾ ਕਿ ਸਤਿਸੰਗ ਹੁੰਦਾ ਤਾਂ ਅਸੀਂ ਭੀ ਵੇਖਿਆ ਸੀ, ਅਸਾਨੂੰ ਹੋਰ ਚੀਜ਼ਾਂ ਵੇਖਣ ਤੋਂ ਹੀ ਵਿਹਲ ਨਹੀਂ ਮਿਲਿਆ। ਸੋ ਆਪ ਨੇ ਕਿਹਾ ਪਿਆਰਿਓ! ਸਤਿਸੰਗ ਦੀ ਪ੍ਰਾਪਤੀ ਪ੍ਰਭੂ ਕਿਰਪਾ ਕਰਕੇ ਹੀ ਹੋਇਆ ਕਰਦੀ ਹੈ।

ਇਕ ਕਥਾ ਆਉਂਦੀ ਹੈ ਕਿ ਇਕ ਰਾਜਾ ਬਹੁਤ ਪ੍ਰਤਾਪੀ ਸੀ ਪਰ ਉਹ ਨਾਸਤਕ ਬਿਰਤੀ ਦਾ ਹੋ ਜਾਣ ਕਰਕੇ ਸਾਧੂਆਂ ਮਹਾਂਪੁਰਸ਼ਾਂ ਨਾਲ ਨਫਰਤ ਕਰਿਆ ਕਰਦਾ ਸੀ ਅਤੇ ਉਸ ਨੇ ਰਾਜਸੀ ਹੁਕਮ ਦੇ ਕੇ ਸਤਿਸੰਗ ਬੰਦ ਕਰਵਾ ਦਿਤੇ ਸਨ ਕਿ ਕੋਈ ਬੰਦਾ ਸਤਿਸੰਗ ਵਿਚ ਨਹੀਂ ਜਾ ਸਕੇ। ਐਲਾਨ ਕਰ ਦਿਤਾ ਸੀ ਕਿ ਜੇ ਕਿਤੇ ਸਤਿਸੰਗ ਹੁੰਦੀ ਹੋਈ ਤਾਂ ਉਹ ਸਤਿਸੰਗ ਰਾਜ ਵਿਰੁੱਧ ਮੰਨਿਆ ਜਾਵੇਗਾ ਅਤੇ ਦੰਡ ਦਿਤਾ ਜਾਵੇਗਾ। ਉਸ ਰਾਜੇ ਨੇ ਨਾਸਤਕ ਮਤ ਵਿਚ ਆ ਕੇ ਸਤਿਸੰਗ ਸਮਾਗਮ ਬੰਦ ਕਰਾ ਦਿਤਾ ਪਰ ਸਤਿਸੰਗ ਕਰਨ ਵਾਲੇ ਪ੍ਰੇਮੀਆਂ ਨੇ ਰਾਤ ਦੇ ਹਨ੍ਹੇਰੇ ਵਿਚ ਸਤਿਸੰਗ ਕਰਨਾ ਸ਼ੁਰੂ ਕਰ ਦਿਤਾ। ਜਿਵੇਂ ਹੁਣ ਤੁਸੀਂ ਦੂਰ-ਦਰਾਜ਼ ਤੋਂ ਚਲ ਕੇ ਪੂਰੇ ਦੋ ਵਜੇ ਸਵੇਰੇ ਸਤਿਸੰਗ ਸਮਾਗਮ ਵਿਚ ਪਹੁੰਚ ਜਾਂਦੇ ਹੋ, ਇਸੇ ਤਰ੍ਹਾਂ ਉਸ ਸਮੇਂ ਦੇ ਪ੍ਰਾਣੀ ਵੀ ਅਨੇਕ ਵਿਘਨਾਂ ਰੁਕਾਵਟਾਂ ਦੇ ਹੁੰਦਿਆਂ ਹੋਇਆਂ ਵੀ ਪਹੁੰਚ ਜਾਇਆ ਕਰਦੇ ਸੀ, ਕਿਸੇ ਗੁਪਤ ਥਾਂ ਸਤਿਸੰਗ ਹੋਇਆ ਕਰਦਾ ਸੀ। ਮਹਾਂਪੁਰਸ਼ਾਂ ਦੀ ਜੋ ਬਾਣੀ ਹੋਇਆ ਕਰਦੀ ਹੈ ਉਸ ਦਾ ਗਾਇਨ ਕੀਤਾ ਜਾਂਦਾ ਸੀ ਉਸ ਨੂੰ ਗੁਰਬਾਣੀ ਕਿਹਾ ਜਾਂਦਾ ਸੀ, ਉਹ ਪੂਰੇ ਪਿਆਰ ਵਿਚ ਆ

ਕੇ ਗਾਈ ਜਾਂਦੀ ਸੀ ਅਤੇ ਵਿਚਾਰ ਕੀਤੀ ਜਾਂਦੀ ਸੀ। ਇਸ ਤਰ੍ਹਾਂ ਇਹ ਸਮਾਗਮ ਚਲ ਰਹੇ ਸਨ। ਹੁਣ ਵੀ ਦੇਖੋ ਕਿ ਤੁਸੀਂ ਰਾਤਾਂ ਨੂੰ ਚਲਦੇ ਹੋ, ਕਿੰਨਾ ਖਤਰਾ ਮੁਲ ਲੈਂਦੇ ਹੋ ਕਿਉਂਕਿ ਹੁਣ ਬਹੁਤ ਜ਼ਿਆਦਾ ਗੜਬੜ ਵੱਧ ਜਾਣ ਕਰਕੇ ਪੁਲਿਸ ਵਾਲੇ ਕਰਮਚਾਰੀਆਂ ਨੂੰ, ਫੌਜ ਵਾਲਿਆਂ ਨੂੰ ਹੁਕਮ ਹੈ ਕਿ ਉਹ ਗੋਲੀ ਮਾਰ ਸਕਦੇ ਹਨ। ਕਿੰਨੀ ਵਾਰੀ ਤੁਹਾਨੂੰ ਆਉਂਦਿਆਂ ਨੂੰ ਰੋਕਿਆ ਜਾਂਦਾ ਹੈ, ਕਿੰਨੀ ਪੁਛਗਿੱਛ ਕੀਤੀ ਜਾਂਦੀ ਹੈ। ਤਾਮਿਲਨਾਡੂ, ਆਸਾਮ ਵਲੋਂ ਜੋ ਪੁਲਿਸ ਆਈ ਹੈ ਉਹ ਇਥੇ ਦੀ ਬੋਲੀ ਨੂੰ ਨਹੀਂ ਸਮਝਦੀ, ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਸਤਿਸੰਗ ਕੀ ਹੁੰਦਾ ਹੈ। ਪਰ ਉਨ੍ਹਾਂ ਨੂੰ ਐਨਾ ਪਤਾ ਲਗ ਜਾਂਦਾ ਹੈ ਕਿ ਇਹ ਭਗਵਾਨ ਦੇ ਭਜਨ ਕਰਨ ਵਾਲੇ ਜਾ ਰਹੇ ਹਨ ਕਿਉਂਕਿ ਤੁਹਾਡੀ ਬੋਲੀ, ਤੁਹਾਡੀ ਹਲੀਮੀ ਉਨ੍ਹਾਂ ਨੂੰ ਪ੍ਰਭਾਵਿਤ ਕਰ ਲੈਂਦੀ ਹੈ। ਇਸੇ ਤਰ੍ਹਾਂ ਨਾਲ ਉਸ ਰਾਜੇ, ਜਿਸ ਦਾ ਨਾਮ ਹਰੀਚੰਦ ਸੀ, ਦੀ ਰਾਣੀ ਅਜਿਹੇ ਰਾਜਸੀ ਘਰਾਣੇ ਵਿਚੋਂ ਆਈ ਜਿਥੇ ਸਾਧੂਆਂ ਨੂੰ ਬੁਲਾ ਕੇ ਸਤਿਸੰਗ ਕੀਤਾ ਜਾਂਦਾ ਸੀ ਅਤੇ ਹਰੀ ਦੀ ਕਥਾ ਸਦਾ ਹੀ ਹੁੰਦੀ ਰਹਿੰਦੀ ਸੀ। ਸਤਿਸੰਗ ਤੋਂ ਬਿਨਾਂ ਉਸ ਨੂੰ ਜੀਉਣਾ ਐਨਾ ਔਖਾ ਸੀ ਜਿਵੇਂ ਮੱਛੀ ਪਾਣੀ ਬਿਨਾਂ ਨਹੀਂ ਰਹਿ ਸਕਦੀ। ਫੁਰਮਾਨ ਹੈ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

ਉਸ ਦਾ ਵਿਆਹ ਰਾਜੇ ਹਰੀਚੰਦ ਨਾਲ ਹੋ ਗਿਆ, ਐਥੇ ਉਸ ਨੇ ਪਤਾ ਕੀਤਾ ਕਿ ਸਤਿਸੰਗ ਕਿਥੇ ਹੁੰਦਾ ਹੈ। ਉਸ ਨੂੰ ਪਤਾ ਲੱਗਿਆ ਕਿ ਇਹ ਰਾਜਾ ਨਾਸਤਕ ਹੈ, ਇਸ ਨੇ ਸਾਰੇ ਸਤਿਸੰਗ ਧਾਮ ਬੰਦ ਕਰਾ ਦਿਤੇ ਹਨ। ਉਹ ਵਿਚਾਰੀ ਬਹੁਤ ਹੀ ਦੁਖੀ ਹੋਈ। ਉਸ ਨੇ ਆਪਣੇ ਪੁਛ ਜਾਰੀ ਰੱਖੀ। ਅਖੀਰ ਇਕ ਭੇਤ ਵਾਲੀ ਬੀਬੀ ਨੇ ਦਸਿਆ ਕਿ ਮਹਾਰਾਣੀ ਸਾਹਿਬਾ! ਮੈਂ ਵੀ ਸਤਿਸੰਗ ਵਿਚ ਜਾਂਦੀ ਹਾਂ ਪਰ ਸਤਿਸੰਗ ਵਿਚ ਜਾਣਾ ਬਹੁਤ ਹੀ ਖਤਰਨਾਕ ਕੰਮ ਹੈ, ਜੇ ਰਾਜੇ ਨੂੰ ਪਤਾ ਲਗ ਜਾਵੇ ਜਾਂ ਇਸ ਦੀ ਪੁਲਿਸ ਨੂੰ ਪਤਾ ਲਗ ਜਾਵੇ ਤਾਂ ਇਹ ਸਤਿਸੰਗ ਕਰਨ ਵਾਲੇ ਨੂੰ ਬਹੁਤ ਹੀ ਖੇਦ ਪਹੁੰਚਾਉਂਦੇ ਹਨ ਉਹ ਸਤਿਸੰਗ ਅੱਧੀ ਰਾਤ ਤੋਂ ਪਿਛੋਂ ਸ਼ੁਰੂ ਹੁੰਦਾ ਹੈ ਅਤੇ ਹਨ੍ਹੇਰੇ-ਹਨ੍ਹੇਰੇ ਹੀ ਖਤਮ ਹੋ ਜਾਂਦਾ ਹੈ। ਇਸ ਰਾਣੀ ਦਾ ਨਾਮ ਤਾਰਾਲੋਚਨ ਰਾਣੀ ਸੀ, ਇਹ ਪਤੀਵਰਤਾ ਅਤੇ ਆਪਣੇ ਪਤੀ ਨੂੰ ਪਿਆਰ ਕਰਨ ਵਾਲੀ ਸੀ। ਇਸ ਨੇ ਪਿਆਰ ਨਾਲ ਆਪਣੇ ਪਤੀ ਦਾ ਮਨ ਮੋਹ ਲਿਆ ਸੀ। ਉਹ ਇਸ ਉਪਰ ਕਿਸੇ ਕਿਸਮ ਦਾ ਸ਼ੱਕ ਨਹੀਂ ਸੀ ਕਰਦਾ ਪਰ ਸਤਿਸੰਗ ਦਾ ਉਸ ਨੂੰ ਪਤਾ ਨਹੀਂ ਲੱਗਿਆ।

ਇਸ ਨੇ ਐਸਾ ਪ੍ਰਬੰਧ ਬਣਾਇਆ ਕਿ ਇਕ ਗੋਲੀ, ਜਿਸ ਉਪਰ ਇਸ ਨੂੰ ਪੂਰਾ ਵਿਸ਼ਵਾਸ਼ ਸੀ ਉਸ ਨਾਲ ਸਤਿਸੰਗ ਤੇ ਜਾਣ ਦੀ ਸਲਾਹ ਕੀਤੀ ਅਤੇ ਅੱਧੀ ਰਾਤ ਢਲਦੇ ਹੀ ਇਸ਼ਨਾਨ ਕਰਕੇ, ਸਾਦੇ ਵਸਤਰਾਂ ਵਿਚ ਉਸ ਸਤਿਸੰਗ ਤੇ ਬਿਖਮ ਥਾਵਾਂ ਵਿਚੋਂ ਲੰਘ ਕੇ ਪਹੁੰਚ ਜਾਂਦੀ। ਸਤਿਸੰਗ ਸ਼ਹਿਰ ਦੇ ਨੇੜੇ ਹੀ ਪਹਾੜੀਆਂ ਦੀ ਓਟ ਵਿਚ ਕੰਦਰਾਂ ਵਿਚ ਹੋਇਆ ਕਰਦਾ ਸੀ। ਇਸ ਨੇ ਹਰ ਰੋਜ਼ ਹੀ ਇਹ ਨੇਮ ਨਿਭਾਉਣਾ ਸ਼ੁਰੂ ਕੀਤਾ। ਮਹੱਲ ਦੇ ਪਿਛਲੇ ਪਾਸੇ ਇਕ ਗੁਪਤ ਦਰਵਾਜ਼ਾ ਸੀ ਜਿਸ ਦਾ ਕਿਸੇ ਨੂੰ ਭੇਤ ਨਹੀਂ ਸੀ। ਰਾਜਾ ਤੇ ਰਾਣੀ ਨੂੰ ਹੀ ਭੇਤ ਸੀ। ਇਹ ਉਸ ਥਾਂ ਤੋਂ ਲੰਘ ਕੇ ਸਤਿਸੰਗ ਵਿਚ ਪਹੁੰਚ ਜਾਇਆ ਕਰਦੀ ਸੀ। ਇਕ ਦਿਨ ਰਾਜੇ ਨੂੰ ਅਚਾਨਕ ਜਾਗ ਆ ਗਈ। ਮਹਾਰਾਣੀ ਦਾ ਪਲੰਘ ਖਾਲੀ ਵੇਖ ਕੇ ਹੈਰਾਨ ਹੋ ਗਿਆ। ਰਾਜੇ ਦੇ ਮਨ ਵਿਚ ਬਹੁਤ ਸਾਰੀਆਂ ਵੀਚਾਰਾਂ ਲੰਘੀਆਂ, ਉਸ ਨੂੰ ਇਹ ਤਾਂ ਵਿਸ਼ਵਾਸ਼ ਸੀ ਕਿ ਰਾਣੀ ਪਤੀਵਰਤਾ ਇਸਤ੍ਰੀ ਹੈ, ਕਿਸੇ ਗਲਤ ਥਾਂ ਤੇ ਤਾਂ ਜਾ ਹੀ ਨਹੀਂ ਸਕਦੀ ਪਰ ਆਪਣੀਆਂ ਅੱਖਾਂ ਨਾਲ ਦੇਖਣਾ ਚਾਹੁੰਦਾ ਸੀ ਕਿ ਉਹ ਕਿਥੇ ਜਾਂਦੀ ਹੈ।

ਦੂਸਰੇ ਦਿਨ ਰਾਜੇ ਨੇ ਆਪਣੇ ਆਪ ਨੂੰ ਜਾਗਦੇ ਰੱਖਿਆ, ਉਪਰੋਂ ਅੱਖਾਂ ਬੰਦ ਕਰਕੇ ਸੁੱਤਾ ਪਿਆ ਸੀ ਜਦੋਂ ਰਾਣੀ ਉਠੀ ਇਸ਼ਨਾਨ ਕੀਤਾ, ਸਾਦੇ ਵਸਤਰ ਪਹਿਨੇ ਜਿਸ ਤੋਂ ਕੋਈ ਇਸ ਨੂੰ ਪਹਿਚਾਣ ਨਹੀਂ ਸੀ ਸਕਦਾ ਕਿ ਇਹ ਮਹਾਰਾਣੀ ਹੈ ਉਹ ਗੋਲੀ ਨੂੰ ਨਾਲ ਲੈ ਕੇ ਗੁਪਤ ਦਰਵਾਜੇ ਤੋਂ ਨਿਕਲੀ ਅਤੇ ਥੋੜ੍ਹੀ ਦੂਰ ਗਲੀਆਂ ਵਿਚ ਚਲ ਕੇ ਰਸਤਾ ਇਕ ਪਾਸੇ ਨੂੰ ਮੁੜਦਾ ਸੀ। ਛੋਟੀਆਂ-ਛੋਟੀਆਂ ਪਹਾੜੀਆਂ ਤੇ ਨਾਲਿਆਂ ਵਿਚੀਂ ਲੰਘਦੀ ਹੋਈ ਉਸ ਥਾਂ ਪਹੁੰਚ ਗਈ ਜਿਥੇ ਸਤਿਸੰਗ ਹੋਇਆ ਕਰਦਾ ਸੀ। ਇਹ ਰਾਜਾ ਵੀ ਭੇਸ ਵਟਾ ਕੇ ਬੀਰ ਯਾਤਰਾ ਵਾਲੀ ਵਰਦੀ ਪਹਿਨ ਕੇ ਰਾਣੀ ਦੇ ਪਿਛੇ ਕੁਝ ਫਾਸਲੇ ਤੇ ਚਲਦਾ ਰਿਹਾ, ਉਸ ਥਾਂ ਚਲਾ ਗਿਆ ਜਿਥੇ ਸਤਿਸੰਗ ਹੋ ਰਿਹਾ ਸੀ, ਕੀ ਦੇਖਦਾ ਹੈ ਬਹੁਤ ਹੀ ਪਿਆਰਾ ਵਾਤਾਵਰਣ ਹੈ, ਚਿਤ ਮੱਲੋਮੱਲੀ ਜੁੜਦਾ ਜਾਂਦਾ ਹੈ, ਰਾਣੀ ਨੇ ਮਹਾਂਪੁਰਸ਼ਾਂ ਨੂੰ ਜਾ ਕੇ ਨਮਸ਼ਕਾਰ ਕੀਤੀ ਅਤੇ ਇਕ ਪਾਸੇ ਜਾ ਕੇ ਐਉਂ ਬੈਠ ਗਈ ਜਿਵੇਂ ਕੋਈ ਮਹਾਨ ਯੋਗੀ ਸਮਾਧੀ ਵਿਚ ਬੈਠਾ ਹੋਵੇ, ਨਿਮੀ-ਨਿਮੀ ਰੋਸ਼ਨੀ ਸਾਰਿਆਂ ਦੇ ਚਿਹਰਿਆਂ ਤੇ ਪੈ ਰਹੀ ਸੀ। ਹਰੀਚੰਦ ਵੀ ਪਿਛੇ ਬੈਠ ਗਿਆ ਅਤੇ ਮਨ ਹੀ ਮਨ ਵਿਚ ਸੋਚਣ ਲੱਗਿਆ ਕਿ ਕਿਹੋ ਜਿਹਾ ਸ਼ਾਂਤ ਵਾਤਾਵਰਣ ਹੈ, ਕਿਸ ਤਰ੍ਹਾਂ ਦੇ ਮਧੁਰ-ਮਧੁਰ ਭਜਨ ਗਾਏ ਜਾ ਹੋ ਰਹੇ ਹਨ ਅਤੇ ਸਾਰੇ ਸ਼ਰਧਾਲੂਆਂ ਤੇ ਖਾਸ ਕਿਸਮ ਦਾ ਅਸਰ ਹੋ ਰਿਹਾ ਹੈ। ਇਸਦਾ ਚਿਤ ਵੀ ਜੁੜਨਾ ਸ਼ੁਰੂ ਹੋ ਗਿਆ ਅਤੇ ਕਲਪਨਾਵਾਂ ਮਨ ਵਿਚੋਂ ਨਿਕਲਣੀਆਂ ਸ਼ੁਰੂ ਹੋ ਗਈਆਂ। ਇਸ ਨੂੰ ਕੁਝ ਰਸ ਆਇਆ, ਕੁਝ ਸਰੂਰ ਆਇਆ। ਕਾਫੀ ਦੇਰ ਬੈਠਣ ਪਿਛੋਂ ਇਸ ਨੇ ਮਨ ਹੀ ਮਨ ਵਿਚ ਫੈਸਲਾ ਕੀਤਾ ਕਿ ਇਹ ਮਾਹੌਲ ਬਹੁਤ ਹੀ ਸੁਖਾਵਾਂ ਹੈ, ਇਥੇ ਸਾਰੀਆਂ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ, ਇਸ ਦੀ ਨਾਸਤਕ ਮਤ ਨੂੰ ਢਾਹ ਲੱਗੀ ਅਤੇ ਖਿਆਲ ਆਇਆ ਕਿ ਇਹ ਸਤਿਪੁਰਸ਼ਾਂ ਦੇ ਜੋ ਬਚਨ ਹਨ, ਉਹ ਸਤਿ ਹਨ, ਕਮਾਏ ਹੋਏ ਬਚਨ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਸ ਕੈ ਅੰਤਰਿ ਬਸੈ ਨਿਰੰਕਾਰੁ॥*
*ਤਿਸ ਕੀ ਸੀਖ ਤਰੈ ਸੰਸਾਰੁ॥* *ਪੰਨਾ - 269*

ਉਹ ਚਸ਼ਮੇ ਦੇ ਵਿਚੋਂ ਨਿਕਲਣ ਵਾਲੇ ਪਾਣੀ ਦੀ ਤਰ੍ਹਾਂ ਨਿਰਮਲ ਹੁੰਦੇ ਹਨ ਅਤੇ ਸਭ ਤੇ ਅਸਰ ਕਰਦੇ ਹਨ। ਵੈਸੇ ਵੀ ਮਹਾਂਪੁਰਸ਼ਾਂ ਦੀ ਬਾਣੀ ਵਿਚ ਪ੍ਰੇਰਨਾ, ਸੇਧ ਹੁੰਦੀ ਹੈ ਅਤੇ ਸਭ ਦੇ ਭਲੇ ਦੀ ਲੋਚਾ ਹੁੰਦੀ ਹੈ। ਮਧੁਰਤਾ ਹਦ ਤੋਂ ਜ਼ਿਆਦਾ ਹੁੰਦੀ ਹੈ ਜੋ ਬੋਲਦੇ ਹਨ ਮਿੱਠਾ ਬੋਲਦੇ ਹਨ, ਸਭ ਨੂੰ ਮੋਹ

ਲਿਆ ਕਰਦੇ ਹਨ। ਇਸ ਸਮੁੱਚੇ ਵਾਤਾਵਰਣ ਦਾ ਅਸਰ ਰਾਜੇ ਹਰੀਚੰਦ ਤੇ ਬਹੁਤ ਪਿਆ। ਇਸ ਨੇ ਸੋਚਿਆ ਕਿ ਮੈਂ ਗਲਤ ਕੀਤਾ ਕਿ ਸਤਿਸੰਗ ਬੰਦ ਕਰਾ ਦਿਤੇ, ਇਹ ਤਾਂ ਜੀਵਨ ਲਈ ਅਤਿ ਜ਼ਰੂਰੀ ਹਨ। ਕਿੰਨੇ ਸ਼ਾਂਤ ਦਿਸਦੇ ਹਨ ਜੋ ਪੁਰਸ਼ ਸਤਿਸੰਗ ਕਰਦੇ ਹਨ, ਇਨ੍ਹਾਂ ਤੋਂ ਕਦੀ ਬਦੀ ਨਹੀਂ ਹੋ ਸਕਦੀ, ਇਹ ਲੋਭੀ ਨਹੀਂ ਹੋ ਸਕਦੇ, ਹੰਕਾਰੀ ਨਹੀਂ ਹੋ ਸਕਦੇ, ਚਾਲਾਕ ਨਹੀਂ ਹੋ ਸਕਦੇ। ਇਨ੍ਹਾਂ ਦੇ ਖਿਆਲ ਕਿੰਨੇ ਮਾਨਵਤਾ ਦੇ ਭਲੇ ਲਈ ਨਿਕਲ ਰਹੇ ਹਨ। ਦੂਜਾ ਜੋ ਸਤਿਸੰਗ ਦਾ ਵਾਤਾਵਰਣ ਸੀ ਉਸ ਵਿਚ ਵੈਸੇ ਵੀ ਸ਼ੁਧ ਖਿਆਲਾਂ ਦਾ ਓਰਾ ਹੋਇਆ ਕਰਦਾ ਹੈ, ਉਸ ਓਰੇ ਵਿਚ ਜੋ ਵੀ ਆ ਜਾਂਦਾ ਹੈ ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਸਤਿਸੰਗ ਦੀ ਸਮਾਪਤੀ ਹੁੰਦੀ, ਇਹ ਰਾਜਾ ਅਛੋਪਲੇ ਹੀ ਉਠਿਆ ਅਤੇ ਰਾਣੀ ਦੀ ਇਕ ਖੜਾਂਵ ਚੁੱਕ ਲਈ ਅਤੇ ਇਕ ਉਥੇ ਹੀ ਛੱਡ ਦਿਤੀ। ਇਸ ਦੀ ਆਸਾ ਇਹ ਸੀ ਕਿ ਮੈਂ ਰਾਣੀ ਨੂੰ ਪੁਛਾਂਗਾ ਕਿ ਤੇਰੀ ਦੂਜੀ ਖੜਾਂਵ ਕਿਥੇ ਹੈ। ਇਸ ਤਰ੍ਹਾਂ ਗੱਲ ਚਲ ਪਵੇਗੀ। ਮੈਂ ਹੁਣ ਇਸ ਗੱਲ ਤੋਂ ਨਰਾਜ਼ ਨਹੀਂ ਕਿ ਉਹ ਸਤਿਸੰਗ ਵਿਚ ਕਿਉਂ ਆਈ। ਪਰ ਮੈਂ ਇਸ ਗੱਲ ਤੋਂ ਨਰਾਜ਼ ਹਾਂ ਕਿ ਮੈਨੂੰ ਪੁਛ ਕੇ ਕਿਉਂ ਨਹੀਂ ਆਈ। ਰਾਜਾ ਹਰੀ ਚੰਦ ਖੜਾਂਵ ਆਪਣੇ ਕਪੜੇ ਵਿਚ ਵਲੇਟ ਕੇ ਲੈ ਗਿਆ ਅਤੇ ਆਪਣੇ ਪਲੰਘ ਉਪਰ ਜਾ ਕੇ ਸੌਂ ਗਿਆ।

ਇਧਰ ਥੋੜ੍ਹੇ ਸਮੇਂ ਪਿਛੋਂ ਸਤਿਸੰਗ ਦੀ ਸਮਾਪਤੀ ਹੋਈ, ਮਹਾਰਾਣੀ ਨੇ ਜਦੋਂ ਖੜਾਵਾਂ ਪਾਉਣੀਆਂ ਚਾਹੀਆਂ ਤਾਂ ਉਹ ਹੈਰਾਨ ਹੋ ਗਈ ਕਿ ਉਸਦੀ ਇਕ ਖੜਾਂਵ ਨਹੀਂ ਸੀ। ਉਸ ਨੇ ਸਤਿਸੰਗੀਆਂ ਨਾਲ ਗੱਲ ਕੀਤੀ ਕਿ ਮੇਰੀ ਖੜਾਂਵ ਗਲਤੀ ਨਾਲ ਤਾਂ ਨਹੀਂ ਕਿਸੇ ਨੇ ਪਾ ਲਈ। ਉਸ ਦੇ ਮਨ ਵਿਚ ਇਹ ਖਿਆਲ ਨਹੀਂ ਆਇਆ ਕਿ ਖੜਾਂਵ ਚੁਕੀ ਗਈ। ਅੱਜਕਲ੍ਹ ਵਾਤਾਵਰਣ ਬਦਲਿਆ ਹੋਇਆ ਹੈ। ਸੋਹਣੀ ਜੁੱਤੀ ਦੇਖ ਕੇ ਚੁਕ ਲੈਂਦੇ ਹਨ, ਲੰਗਰ ਦੇ ਬਰਤਨ ਚੁਕ ਲੈਂਦੇ ਹਨ, ਹੋਰ ਭੀ ਜੋ ਕੁਝ ਹੱਥ ਆਇਆ, ਉਹ ਵੀ ਲੈ ਜਾਂਦੇ ਹਨ। ਦੇਖਣ ਨੂੰ ਬਹੁਤ ਹੀ ਭਲੇ ਬੰਦੇ ਹੁੰਦੇ ਹਨ। ਤੁਹਾਨੂੰ ਪਤਾ ਹੀ ਹੈ ਕਿ ਆਪਣੇ ਲੰਗਰ ਵਿਚ ਜਿਨ੍ਹਾਂ ਲੋਕਾਂ ਨੇ ਭਾਂਡੇ ਚੁਕੇ ਸਨ ਜਦੋਂ ਪਤਾ ਲੱਗਿਆ ਕਿ ਉਹ ਤਾਂ ਪੂਰੀ ਰਹਿਤ ਬਹਿਤ ਦਾ ਪਾਖੰਡ ਕਰੇ ਹੋਏ ਸਨ। ਅਸਾਥੋਂ ਸਾਰਿਆਂ ਤੋਂ ਵੀ ਰਹਿਤ ਬਹਿਤ ਵਿਚ ਪੱਕੇ ਨਜ਼ਰ ਆਉਂਦੇ ਸਨ। ਇਹ ਕਲਜੁਗ ਦਾ ਪ੍ਰਭਾਵ ਹੈ ਪਰ ਉਸ ਸਮੇਂ ਵਿਚ ਦੇਵਤਿਆਂ ਵਰਗੇ ਲੋਕ ਹੋਇਆ ਕਰਦੇ ਸਨ। ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ ਕਿ ਕਲਜੁੱਗ ਵਿਚ ਬੰਦਾ ਪ੍ਰੇਤ ਵਰਗਾ ਹੋ ਗਿਆ।

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ***
***ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪੁਰ ਤ੍ਰੇਤੈ ਮਾਣਸ ਵਰਤਹਿ***
***ਵਿਰਲੈ ਹਉਮੈ ਮਾਰੀ॥*** *ਪੰਨਾ - 1132*

ਉਸ ਸਮੇਂ ਜੋ ਲੋਕ ਸਨ ਉਹ ਸਾਧੂ ਹੀ ਹੋਇਆ ਕਰਦੇ ਸਨ ਜਦੋਂ ਰਾਣੀ ਨੂੰ ਖੜਾਂਵ ਨਾ ਮਿਲੀ ਤਾਂ ਉਸ ਨੇ ਮਹਾਂਪੁਰਸ਼ਾਂ ਨੂੰ ਕਿਹਾ ਕਿ ਮਹਾਂਪੁਰਸ਼ੋ! ਰਾਜਾ ਜੀ ਮੇਰੇ ਵਾਸਤੇ ਵਲਾਇਤ ਤੋਂ ਇਹ ਖਾਸ ਜੋੜਾ ਲਿਆਏ ਸਨ। ਉਹ ਮੈਂ ਸਤਿਸੰਗ ਵਿਚ ਪਾ ਕੇ ਆਉਂਦੀ ਸੀ ਪਰ ਉਨ੍ਹਾਂ ਵਿਚੋਂ ਇਕ ਖੜਾਂਵ ਪਤਾ ਨਹੀਂ ਕਿਥੇ ਗਈ। ਜੇ ਮਹਾਰਾਜਾ ਸਾਹਿਬ ਨੂੰ ਪਤਾ ਲੱਗਿਆ ਤਾਂ ਉਹ ਨਰਾਜ਼ ਹੋਣਗੇ ਅਤੇ ਜੇ ਮੈਂ ਇਹ ਦਸਿਆ ਕਿ ਮੈਂ ਸਤਿਸੰਗ ਵਿਚ ਜਾਂਦੀ ਹਾਂ ਤਾਂ ਆਪ ਨੂੰ ਪਤਾ ਹੀ ਹੈ ਕਿ ਉਨ੍ਹਾਂ ਦੇ ਹੁਕਮ ਦੇ ਮੁਤਾਬਿਕ ਕੋਈ ਸਤਿਸੰਗ ਨਹੀਂ ਲਗ ਸਕਦਾ। ਮੈਨੂੰ ਡਰ ਹੈ ਕਿ ਉਹ ਸਤਿਸੰਗ ਨਾ ਬੰਦ ਕਰਾ ਦੇਣ ਅਤੇ ਸਤਿਸੰਗੀਆਂ ਦਾ ਨਿਰਾਦਰ ਨਾ ਹੋਵੇ। ਉਸ ਸਮੇਂ ਸਾਰੇ ਸਤਿਸੰਗੀ ਗੰਭੀਰ ਹੋ ਗਏ ਅਤੇ ਸਭ ਨੇ ਪ੍ਰਭੂ ਪਾਸ ਖੜ੍ਹੇ ਹੋ ਕੇ ਅਰਦਾਸ ਕੀਤੀ। ਉਨ੍ਹਾਂ ਦਾ ਨਿਸ਼ਚਾ ਸੀ ਕਿ ਪ੍ਰਭੂ ਆਪਣੇ ਪਿਆਰਿਆਂ ਦੀ ਅਰਦਾਸ ਸੁਣਦੇ ਹਨ। ਕਿਉਂਕਿ ਪ੍ਰਭੂ ਦੀ ਜੁਗਾਂ ਜੁਗਾਂਤਰਾਂ ਤੋਂ ਆਦਤ ਬਣੀ ਹੋਈ ਹੈ ਕਿ ਉਹ ਆਪਣੇ ਪਿਆਰਿਆਂ ਦੀ ਰਾਖੀ ਕਰਦੇ ਹਨ। ਇਕ ਮਨ ਇਕ ਚਿਤ ਹੋ ਕੇ ਸਭ ਨੇ ਅਰਦਾਸ ਕੀਤੀ ਤਾਂ ਕੀ ਦੇਖਿਆ ਕਿ ਹੂ-ਬ-ਹੂ ਉਨੀਂ ਹੀ ਵਰਤੀ ਹੋਈ, ਉਹੋ ਜਿਹੀ ਹੀ ਖੜਾਂਵ ਪਹਿਲੀ ਖੜਾਂਵ ਨਾਲ ਆ ਕੇ ਜੁੜ ਗਈ। ਰਾਣੀ ਨੇ ਖੜਾਵਾਂ ਪਾ ਲਈਆਂ ਅਤੇ ਆਪਣੇ ਨੇਮ ਅਨੁਸਾਰ ਆਪਣੇ ਪਲੰਘ ਤੇ ਆ ਕੇ ਬਿਰਾਜ ਗਈ। ਸਹੀ ਟਾਈਮ ਤੇ ਉਠ ਕੇ ਉਸ ਨੇ ਆਪਣਾ ਨਿਤਨੇਮ ਕੀਤਾ, ਐਨੇ ਵਿਚ ਰਾਜੇ ਨੂੰ ਵੀ ਜਾਗ ਆ ਗਈ। ਥੋੜ੍ਹੀ ਦੇਰ ਇਧਰ ਉਧਰ ਦੀਆਂ ਗੱਲਾਂ ਕਰਨ ਉਪਰੰਤ ਰਾਜੇ ਨੇ ਕਿਹਾ ਕਿ ਰਾਣੀ ਸਾਹਿਬਾ! ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਮੈਂ ਬਾਹਰ ਗਿਆ ਸੀ ਤਾਂ ਤੁਹਾਡੇ ਲਈ ਮੈਂ ਇਕ ਮੋਤੀਆਂ ਦੀ ਜੜ੍ਹੀ ਹੋਈ ਖੜਾਂਵ ਲਿਆਇਆ ਸੀ, ਤੁਹਾਡੇ ਪਹਿਨੀ ਹੋਈ ਮੈਨੂੰ ਬਹੁਤ ਪਿਆਰੀ ਲਗਦੀ ਸੀ, ਮੈਂ ਉਹ ਦੇਖਣੀ ਚਾਹੁੰਦਾ ਹਾਂ। ਉਸੇ ਵੇਲੇ ਰਾਣੀ ਨੇ ਆਪਣੀਆਂ ਖੜਾਵਾਂ ਚੁਕੀਆਂ ਅਤੇ ਮਹਾਰਾਜੇ ਨੂੰ ਦਿਖਾ ਦਿਤੀਆਂ। ਰਾਜੇ ਨੇ ਦੋਨੋਂ ਖੜਾਵਾਂ ਫੜ ਕੇ ਦੇਖੀਆਂ ਤਾਂ ਉਹ ਹੈਰਾਨ ਹੋ ਗਿਆ ਕਿ ਦੂਜੀ ਖੜਾਂਵ ਵਿਚ ਕੋਈ ਵੀ ਫਰਕ ਨਹੀਂ ਸੀ। ਉਸ ਨੇ ਉਠ ਕੇ ਆਪਣੀ ਅਲਮਾਰੀ ਖੋਲ੍ਹੀ ਅਤੇ ਜੋ ਸਤਿਸੰਗ ਵਿਚੋਂ ਖੜਾਂਵ ਚੁੱਕ ਕੇ ਲਿਆਇਆ ਸੀ, ਉਹ ਵੀ ਨਾਲ ਰਲਾ ਲਈ। ਹੁਣ ਉਹ ਪਛਾਣ ਨਾ ਸਕਿਆ ਕਿ ਕਿਹੜੀ ਖੜਾਂਵ ਮੈਂ ਚੁਕੀ ਸੀ। ਕਿਉਂਕਿ ਤਿੰਨੋ ਖੜਾਂਵਾਂ ਇਕੋ ਜਿਹੀਆਂ ਸਨ। ਉਸ ਨੇ ਹੈਰਾਨ ਹੋ ਕੇ ਪੁਛਿਆ ਕਿ ਰਾਣੀ ਸਾਹਿਬਾ! ਇਹ ਸਾਰੀ ਵਾਰਤਾ ਕੀ ਹੈ। ਉਸ ਵੇਲੇ ਮਹਾਰਾਣੀ ਨੇ ਬੇਨਤੀ ਕੀਤੀ ਕਿ ਹੇ ਪਤੀਦੇਵ! ਮੈਂ ਹਰ ਰੋਜ਼ ਸਤਿਸੰਗ ਵਿਚ ਜਾਂਦੀ ਹਾਂ। ਮੈਂ ਆਪ ਤੋਂ ਇਸ ਗੱਲ ਦੀ ਮਾਫੀ ਮੰਗਦੀ ਹਾਂ ਕਿ ਮੈਂ ਆਪ ਨੂੰ ਦਸਿਆ ਨਹੀਂ ਅਤੇ ਨਾ ਹੀ ਆਗਿਆ ਲਈ ਸੀ। ਫੇਰ ਮੈਂ ਆਪ ਨੂੰ ਦੂਜੀ ਬੇਨਤੀ ਕਰਦੀ ਹਾਂ ਕਿ ਸਤਿਸੰਗ ਪ੍ਰਮੇਸ਼ਰ ਨਾਲ ਜੁੜਨ ਦਾ ਸਾਧਨ ਹੈ। ਜੀਵ ਨੂੰ ਸੂਝ ਪ੍ਰਾਪਤ ਹੁੰਦੀ ਹੈ ਅਤੇ ਉਹ ਮਹਾਂਪੁਰਸ਼ਾਂ ਤੋਂ ਨਾਮ ਦੀ ਦਾਤ ਲੈ ਕੇ ਰਸਤਾ ਪੁਛ ਕੇ ਉਸ ਉਪਰ ਚਲ ਕੇ ਪ੍ਰਭੂ ਦੀ ਪ੍ਰਾਪਤੀ ਹਾਸਲ ਕਰਦਾ ਹੈ। ਇਸ ਤਰ੍ਹਾਂ ਬਹੁਤ ਸਾਰੇ ਬਚਨ ਰਾਣੀ ਨੇ ਰਾਜੇ ਹਰੀਚੰਦ ਨੂੰ ਕਹੇ। ਰਾਜੇ ਨੇ ਕਿਹਾ ਕਿ ਮਹਾਰਾਣੀ ਸਾਹਿਬਾ ਮੈਂ ਤਾਂ ਆਪ ਹੈਰਾਨ ਹਾਂ ਕਿ ਸਤਿਸੰਗ ਸਚਮੁੱਚ ਹੀ ਅਸਲੀ ਚੀਜ਼ ਹੈ ਜਿਸ ਨੇ ਤੈਨੂੰ ਤੀਸਰੀ ਖੜਾਂਵ ਦੇ ਦਿਤੀ। ਭਾਈ ਗੁਰਦਾਸ ਜੀ ਲਿਖਦੇ ਹਨ-

***ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।***
***ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।***
***ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।***
***ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।***
***ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।***

*ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।*
*ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।*
*ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।*
*ਸਾਧ ਸੰਗਤਿ ਵਿਟਹੁ ਕੁਰਬਾਣੀ॥*

*ਭਾਈ ਗੁਰਦਾਸ ਜੀ, ਵਾਰ 10/6*

ਹੁਣ ਮੈਨੂੰ ਵੀ ਸਤਿਸੰਗ ਵਿਚ ਨਾਲ ਲੈ ਕੇ ਜਾਇਆ ਕਰੋ। ਉਸ ਰਾਜੇ ਨੇ ਹੁਕਮ ਕਰ ਦਿਤਾ ਕਿ ਹਰ ਥਾਂ, ਹਰ ਸ਼ਹਿਰ ਵਿਚ ਮਹਾਂਪੁਰਸ਼ਾਂ ਦੇ ਸਮਾਗਮ ਹੋਣ। ਇਸ ਤਰ੍ਹਾਂ ਉਹ ਪ੍ਰੇਮ ਦਾਨੀ ਰਾਜਾ ਗਿਣਿਆ ਗਿਆ। ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਉਸ ਦਾ ਜ਼ਿਕਰ ਕਰਦਿਆਂ ਫੁਰਮਾਨ ਕੀਤਾ ਹੈ-

*ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ*
*ਕਾਗਦਿ ਕੀਮ ਨ ਪਾਈ॥*
*ਅਉਗਣੁ ਜਾਣੈ ਤ ਪੁੰਨ ਕਰੇ ਕਿਉ*
*ਕਿਉ ਨੇਖਾਸਿ ਬਿਕਾਈ॥* *ਪੰਨਾ - 1344*

ਰਾਜਾ ਹਰੀਚੰਦ ਮਹਾਂ ਦਾਨੀ ਪ੍ਰਸਿੱਧ ਹੋਇਆ ਅਤੇ ਵਿਸ਼ਵਾਮਿਤਰ ਅਤੇ ਇੰਦਰ ਦੇਵਤਾ ਦੀ ਈਰਖਾ ਕਰਕੇ ਇਸ ਨੂੰ ਬਹੁਤ ਕਸ਼ਟ ਸਹਿਣੇ ਪਏ। ਇਸ ਨੇ ਸੁਪਨੇ ਵਿਚ ਆਪਣਾ ਰਾਜ ਵਿਸ਼ਵਾਮਿਤਰ ਨੂੰ ਪੁੰਨ ਕਰ ਦਿਤਾ। ਸਵੇਰੇ ਹੀ ਵਿਸ਼ਵਾਮਿਤਰ ਆ ਗਿਆ ਅਤੇ ਆ ਕੇ ਕਿਹਾ ਕਿ ਰਾਜਨ! ਤੂੰ ਰਾਤ ਮੈਨੂੰ ਰਾਜ ਪੁੰਨ ਕੀਤਾ ਹੈ, ਉਸ ਬਚਨ ਦੀ ਪਾਲਣਾ ਕਰ। ਨਾਲ ਹੀ ਉਸ ਨੇ ਰਾਜੇ ਤੋਂ ਦੱਛਣਾ ਦੀ ਮੰਗ ਕੀਤੀ। ਕਿਉਂਕਿ ਰਾਜ ਪਹਿਲਾਂ ਹੀ ਦਾਨ ਕਰ ਚੁਕਿਆ ਸੀ, ਉਸ ਪਾਸ ਕੋਈ ਪੈਸਾ ਨਹੀਂ ਸੀ, ਉਹ ਆਪਣੀ ਰਾਣੀ ਅਤੇ ਆਪਣੇ ਇਕਲੌਤੇ ਪੁੱਤਰ ਸਮੇਤ ਕਾਸ਼ੀ ਵਿਚ ਜਾ ਕੇ ਗੁਲਾਮ ਦੇ ਤੌਰ ਤੇ ਵਿਕਿਆ ਅਤੇ ਆਪਣੇ ਪਰਿਵਾਰ ਨੂੰ ਅਤੇ ਆਪਣੇ ਆਪ ਨੂੰ ਵੇਚ ਕੇ ਦਛਣਾ ਦੀ ਰਕਮ ਵਿਸ਼ਵਾਮਿਤਰ ਨੂੰ ਦਿਤੀ। ਇਸ ਪਿਛੋਂ ਵੀ ਉਸ ਉਪਰ ਕਸ਼ਟ ਹੀ ਕਸ਼ਟ ਆਉਂਦੇ ਹਨ। ਰਾਣੀ ਜਿਸ ਘਰ ਵਿਚ ਵਿਕੀ ਉਹ ਬਹੁਤ ਹੀ ਗਿਰਿਆ ਹੋਇਆ ਘਰ ਸੀ, ਰਾਣੀ ਨੂੰ ਕੋਈ ਸਹੂਲਤ ਨਹੀਂ ਸੀ। ਉਸ ਨੂੰ ਐਨਾ ਕੰਮ ਕਰਨਾ ਪੈ ਰਿਹਾ ਸੀ ਕਿ ਉਸ ਨੂੰ ਸੌਣ ਲਈ ਵੀ ਸਮਾਂ ਨਹੀਂ ਸੀ ਮਿਲਦਾ। ਅਜਿਹੀ ਹਾਲਤ ਵਿਚ ਭੁੱਖ ਦਾ ਮਾਰਿਆ ਉਸ ਦਾ ਪੁੱਤਰ ਚੜ੍ਹਾਈ ਕਰ ਗਿਆ। ਇਧਰ ਹਰੀਚੰਦ ਰਾਜਾ ਇਕ ਚੰਡਾਲ ਪਾਸ ਵਿਕ ਗਿਆ। ਉਹ ਉਸ ਦੇ ਸੂਰ ਵੀ ਚਾਰਦਾ ਸੀ, ਉਹ ਚੰਡਾਲ ਜਲਾਦ ਸੀ। ਉਸ ਨੇ ਜਲਾਦੀ ਦਾ ਕੰਮ ਹਰੀਚੰਦ ਨੂੰ ਸੌਂਪ ਦਿਤਾ ਅਤੇ ਸ਼ਮਸ਼ਾਨ ਭੂਮੀ ਵਿਚ ਬਿਠਾ ਦਿਤਾ ਅਤੇ ਕਿਹਾ ਕਿ ਕੋਈ ਵੀ ਮੁਰਦਾ ਟੈਕਸ ਦਿਤੇ ਬਗੈਰ ਨਹੀਂ ਸਾੜ ਸਕੇਗਾ। ਅੱਜ ਰਾਣੀ ਆਪਣੇ ਪੁੱਤਰ ਨੂੰ ਲੈ ਕੇ ਸ਼ਮਸ਼ਾਨ ਘਾਟ ਗਈ। ਤਾਂ ਇਹ ਦਾਸ ਧਰਮ ਦਾ ਬੰਨ੍ਹਿਆ ਹੋਇਆ ਉਸ ਦੀ ਕੋਈ ਮਦਦ ਨਾ ਕਰ ਸਕਿਆ। ਰਾਤ ਨੂੰ ਚੋਰੀ ਕਰਨ ਵਾਲੇ ਚੋਰ ਰਾਣੀ ਦੇ ਗਲ ਵਿਚ ਚੋਰੀ ਦੀ ਮਾਲਾ ਪਾ ਗਏ, ਜੋ ਉਥੋਂ ਦੇ ਰਾਜੇ ਦੀ ਸੀ। ਪੁਲਿਸ ਨੇ ਰਾਣੀ ਨੂੰ ਫੜ ਲਿਆ। ਰਾਜੇ ਪਾਸ ਗੱਲ ਪਹੁੰਚੀ। ਰਾਜੇ ਨੇ ਹੁਕਮ ਦਿਤਾ ਕਿ ਰਾਣੀ ਜੋ ਦਾਸੀ ਬਣ ਕੇ ਮੁੱਲ ਵਿਕੀ ਹੋਈ ਸੀ, ਨੂੰ ਕਤਲ ਕਰ ਦਿਤਾ ਜਾਵੇ। ਹਰੀਚੰਦ ਨੂੰ ਹੁਕਮ ਹੋਇਆ ਕਿ ਉਹ ਇਸ ਚੋਰ ਔਰਤ ਨੂੰ ਕਤਲ ਕਰੇ। ਜਦੋਂ ਕਤਲ ਕਰਨ ਲਈ ਤਿਆਰੀ ਹੋ ਗਈ ਤਾਂ ਰਾਜਾ ਭੀ ਤੇ ਹਰੀਚੰਦ ਦਾ ਸੁਆਮੀ ਚੰਡਾਲ, ਵਜ਼ੀਰ ਅਮੀਰ ਸਾਰੇ ਹਾਜ਼ਰ ਸਨ। ਹਰੀਚੰਦ ਨੇ ਸਸ਼ਤਰ ਵਾਰ ਕਰਨ ਲਈ ਉਭਾਰਿਆ, ਜਦੋਂ ਵਾਰ ਕੀਤਾ ਤਾਂ ਭਗਵਾਨ ਨੇ ਹਰੀਚੰਦ ਦੀ ਬਾਂਹ ਫੜ ਕੇ ਵਾਰ ਵਿਚਾਲੇ ਰੋਕ ਕੇ ਦਰਸ਼ਨ ਦਿਤੇ। ਚਤੁਰਭੁਜ ਰੂਪ ਵਿਚ ਪ੍ਰਭੂ ਦੇ ਸਭ ਨੇ ਦਰਸਨ ਕੀਤੇ। ਸਾਰੇ ਦੇਵਤਿਆਂ ਨੇ ਫੁਲ ਵਰਸਾਏ। ਜੈ ਜੈਕਾਰ ਦੀਆਂ ਧੁਨੀਆਂ ਲਗ ਰਹੀਆਂ ਸਨ। ਹਰੀਚੰਦ ਮਹਾਰਾਣੀ ਤਾਰਾ ਲੋਚਨ ਤੇ ਪੁੱਤਰ ਰਾਹੁਲ ਨੂੰ ਇਕੱਠੇ ਕਰ ਦਿਤਾ, ਧਰਮ ਦੀ ਜਿੱਤ ਹੋਈ, ਵਿਸ਼ਵਾਮਿਤ੍ਰ ਅਤੇ ਇੰਦ੍ਰ ਧਰਮ ਤੋਂ ਗਿਰਾ ਨਾ ਸਕੇ। ਉਸ ਦੇ ਧਰਮ ਦੇ ਪ੍ਰਭਾਵ ਕਰਕੇ ਸਾਰੀ ਅਯੁੱਧਿਆ ਸਵਰਗ ਵਿਚ ਚਲੀ ਗਈ।

ਸੋ ਸਾਧਸੰਗਤ ਜੀ! ਇਹ ਅੰਮ੍ਰਿਤ ਵੇਲੇ ਦੀ ਸੰਗਤ ਦੀ ਮਹਾਨਤਾ ਹੈ। ਭਾਵੇਂ ਕਲਜੁੱਗ ਦਾ ਸਮਾਂ ਚਲ ਰਿਹਾ ਹੈ ਪਰ ਫੇਰ ਵੀ ਪ੍ਰਮੇਸ਼ਰ ਦੇ ਪਿਆਰੇ ਆਲਸ ਦਾ ਤਿਆਗ ਕਰਕੇ ਇਥੇ ਪਹੁੰਚ ਜਾਂਦੇ ਹਨ, ਅੱਜ ਆਪ ਨੇ ਕੀਰਤਨ ਦੇ ਵਿਚ ਗੁਰਬਾਣੀ ਸੁਣਦਿਆਂ ਸਰਵਣ ਕੀਤਾ ਸੀ ਕਿ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*
*ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥*
*ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥*

*ਪੰਨਾ - 403*

ਗੁਰੂ ਮਹਾਰਾਜ ਜੀ ਆਪਣੇ ਸੇਵਕ ਦੇ ਕਾਰਜ ਕਰਨ ਵਾਸਤੇ ਸਦਾ ਹੀ ਤਤਪਰ ਰਹਿੰਦੇ ਹਨ। ਪਿਛਲੀ ਵਾਰੀ ਮੈਂ ਦਸਿਆ ਸੀ -

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*

*ਪੰਨਾ - 682*

ਇਕ ਤਾਂ ਗੁਰੂ ਮਹਾਰਾਜ ਦਾ ਬਿਰਦ ਹੋਇਆ ਕਰਦਾ ਹੈ ਕਿ ਜਦੋਂ ਔਖੀ ਘੜੀ ਸੇਵਕ ਉਪਰ ਆ ਜਾਵੇ ਤਾਂ ਉਹ ਸੇਵਕ ਦੀ ਸੰਭਾਲ ਕਰਦਾ ਹੈ, ਸੇਵਕ ਨੂੰ ਉਹ ਬਿਪਤਾ ਵਿਚ ਨਹੀਂ ਪੈਣ ਦਿੰਦਾ। ਦੂਜਾ ਹੱਥ ਦੇ ਕੇ ਰਾਖੀ ਕਰਦਾ ਹੈ। ਤੀਜਾ ਹਰ ਸ੍ਵਾਸ ਉਸ ਦੀ ਰਾਖੀ ਕਰਦਾ ਹੈ ਅਤੇ ਪ੍ਰਭੂ ਦਾ ਨਾਮ ਸ੍ਵਾਸ ਦੇ ਕੇ ਕਲਜੁੱਗ ਦੇ ਝੋਲਿਆਂ ਤੋਂ ਬਚਾ ਕੇ ਰਖਦਾ ਹੈ। ਪੰਜਾਂ ਚੋਰਾਂ ਤੋਂ ਸਤਿਗੁਰੂ ਪਹਿਰਾ ਦੇ ਕੇ ਬਚਾਉਂਦਾ ਹੈ ਅਤੇ ਆਪਣੇ ਪਿਆਰਿਆਂ ਨੂੰ ਸਦਾ ਹੀ ਪਿਆਰ ਕਰਦਾ ਹੈ। ਪਿਆਰੇ ਦਾ ਚਿੱਤ ਆਪਣੇ ਪ੍ਰਭੂ ਨਾਲ ਸਦਾ ਹੀ ਲੱਗਿਆ ਰਹਿੰਦਾ ਹੈ। ਹੁਣ ਆਪ ਨੇ ਸਰਵਣ ਕੀਤਾ ਹੈ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*

*ਪੰਨਾ - 403*

ਆਪਣੇ ਸੇਵਕ ਦੀ ਪੂਰਾ ਸਤਿਗੁਰੂ ਹਰ ਥਾਂ ਉਤੇ ਸਹਾਇਤਾ ਕਰਦਾ ਹੈ। ਵਾਹਿਗੁਰੂ ਜੀ ਦਾ ਸਰੂਪ ਭਾਵੇਂ ਰੂਪ ਰੰਗ ਰੇਖ ਭੇਖ ਤੋਂ ਨਿਆਰਾ ਹੈ ਪਰ ਉਹ ਸਦਾ ਹੀ ਹਾਜ਼ਰ ਨਾਜ਼ਰ ਹਨ, ਹਰੇਕ ਦੇ ਦਿਲ ਦੀ ਗੱਲ ਜਾਣਦੇ ਹਨ, ਕੋਈ

ਵੀ ਗੱਲ ਨੂੰ ਉਨ੍ਹਾਂ ਤੋਂ ਛੁਪ ਨਹੀਂ ਸਕਦੀ, ਹਰ ਘਟ ਵਿਚ ਉਨ੍ਹਾਂ ਦਾ ਵਾਸਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥ ਪੰਨਾ - 293*

ਅਤੇ ਨਾਲ ਹੀ ਬਚਨ ਕਰਦੇ ਹਨ ਕਿ ਜਿਧਰ ਵੀ ਮੈਂ ਦੇਖਦਾ ਹਾਂ, ਉਧਰ ਵਾਹਿਗੁਰੂ ਜੀ ਨਾਲ ਹੀ ਹੈ, ਦੂਰ ਕਦੇ ਵੀ ਨਹੀਂ ਹੁੰਦਾ। ਉਹ ਐਨਾ ਨੇੜੇ ਹੈ ਕਿ ਉਸ ਤੋਂ ਨੇੜੇ ਹੋਰ ਕੋਈ ਚੀਜ਼ ਹੈ ਹੀ ਨਹੀਂ। ਉਹ ਦੇਖਣ ਵਾਲੀ ਜੋਤ ਵਿਚ ਸਮਾਇਆ ਹੋਇਆ ਹੈ, ਸੁਣਨ ਵਾਲੀ ਸ਼ਕਤੀ ਕੰਨਾਂ ਵਿਚ ਉਸ ਦਾ ਵਾਸਾ ਹੈ, ਨਾਸਕਾ ਸੁਗੰਧੀ ਲੈਣ ਵਾਲੀ ਸ਼ਕਤੀ ਉਸ ਤੋਂ ਬਾਹਰ ਨਹੀਂ ਹੈ, ਸਾਰੇ ਰਸਾਂ ਵਿਚ ਉਸ ਦਾ ਵਾਸਾ ਹੈ, ਸਰਬ ਥਾਵਾਂ ਤੇ ਉਸ ਦਾ ਵਾਸਾ ਹੈ। ਦੂਰ ਕਦੇ ਵੀ ਨਹੀਂ ਜਾਂਦਾ, ਇਹ ਵਿਸ਼ਵਾਸ਼ ਸਾਡੇ ਮਨ ਵਿਚ ਪਤਾ ਨਹੀਂ ਕਿਉਂ ਨਹੀਂ ਪੈਦਾ ਹੁੰਦਾ। ਅਸੀਂ ਪ੍ਰਮੇਸ਼ਰ ਨੂੰ ਭੁੱਲੇ ਰਹਿੰਦੇ ਹਾਂ, ਇਹ ਵੀ ਨਹੀਂ ਪਤਾ ਲਗਦਾ ਕਿ ਉਹ ਸਾਡੇ ਨੇੜੇ ਹੈ ਜਾਂ ਦੂਰ ਹੈ ਕੇਵਲ ਜਦੋਂ ਮਹਾਂਪੁਰਸ਼ਾਂ ਦੇ ਬਚਨ ਸੁਣਦੇ ਹਾਂ ਤਾਂ ਕੁਝ ਸੂਝ ਪ੍ਰਾਪਤ ਹੁੰਦੀ ਹੈ ਜਾਂ ਕੋਈ ਅਨੁਭਵੀ ਮਹਾਂਪੁਰਸ਼ਾਂ ਦੇ ਕੀਰਤਨ ਵਿਚੋਂ ਸੋਝੀ ਪੈਂਦੀ ਹੈ। ਅਸੀਂ ਉਸ ਨੂੰ ਨੇੜੇ ਨਹੀਂ ਮੰਨਦੇ, ਦੂਰ ਦਾ ਸਾਨੂੰ ਪਤਾ ਨਹੀਂ ਹੈ। ਅਸਾਡੇ ਨਿਸ਼ਚਿਆਂ ਵਿਚ ਤਾਂ ਐਉਂ ਹੈ ਕਿ ਉਹ ਹੈ ਹੀ ਨਹੀਂ। ਜਿਸ ਦਾ ਕੋਈ ਰੂਪ, ਰੰਗ, ਰੇਖ, ਭੇਖ, ਕੋਈ ਜਾਤ ਪਾਤ ਨਹੀਂ ਉਹ ਚੀਜ਼ ਕੀ ਹੋਈ? ਇਹ ਸ਼ੰਕਾ ਆਮ ਬੰਦਿਆਂ ਦੇ ਮਨਾਂ ਵਿਚ ਆਮ ਹੀ ਪਿਆ ਰਹਿੰਦਾ ਹੈ। ਉਹ ਭਜਨ ਬੰਦਗੀ ਕਰਦੇ ਹਨ, ਪਾਠ ਵੀ ਕਰਦੇ ਹਨ, ਵਾਹਿਗੁਰੂ ਜੀ ਦੀ ਹਜ਼ੂਰੀ ਉਨ੍ਹਾਂ ਦੇ ਮਨਾਂ ਵਿਚ ਬਹੁਤ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677*

ਐਨਾ ਨੇੜੇ ਹੁੰਦੇ ਹੋਏ ਜੋ ਸਾਡੇ ਹਰ ਸੁਆਸ ਨੂੰ ਸਤਾ ਦਿੰਦਾ ਹੈ ਕਿ ਮੁੜ ਕੇ ਸੁਆਸ ਫੇਰ ਆਕਸੀਜਨ ਲੈ ਕੇ ਸ਼ਕਤੀ ਲੈ ਕੇ ਸਰੀਰ ਵਿਚ ਪ੍ਰਵੇਸ਼ ਕਰੇ ਅਤੇ ਅੰਦਰ ਗਏ ਹੋਏ ਸੁਆਸ ਨੂੰ ਅੰਦਰ ਦੀ ਮਾਰੂ ਗੈਸ ਕਾਰਬਨ ਸਮੇਤ ਬਾਹਰ ਕੱਢਦਾ ਹੈ, ਐਤਨੀ ਕਮਾਲ ਤਾਂ ਹੋਰ ਕੋਈ ਕਰਦਾ ਹੀ ਨਹੀਂ ਪਰ ਹੈਰਾਨੀ ਦੀ ਗੱਲ ਹੈ ਕਿ ਅਸੀਂ ਉਸ ਨੂੰ ਨਾਲ ਨਹੀਂ ਸਮਝਦੇ ਹਾਂ। ਇਸੇ ਕਰਕੇ ਵਿਕਾਰਾਂ ਵਿਚ ਲਿਪਤ ਹੋ ਜਾਂਦੇ ਹਾਂ, ਬੁਰੇ ਕੰਮਾਂ ਵਿਚ ਪੈ ਜਾਂਦੇ ਹਾਂ, ਉਹ ਕੰਮ ਜਿਨ੍ਹਾਂ ਨੇ ਨਰਕਾਂ ਵਿਚ ਸਜ਼ਾ ਦਾ ਪਾਤਰ ਬਣਾਉਣਾ ਹੈ, ਉਹ ਕਰਦੇ ਹਾਂ -

*ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰ॥*
*ਪੰਨਾ - 518*

ਘਟੀਆ ਕੰਮਾਂ ਨਾਲ ਸਾਡਾ ਪਿਆਰ ਹੈ, ਬੰਦਗੀ ਕਰਨ ਵੇਲੇ ਪਹਿਲਾਂ ਤਾਂ ਸਾਡਾ ਮਨ ਹੀ ਨਹੀਂ ਲਗਦਾ, ਫੇਰ ਸਾਨੂੰ ਵਿਸ਼ਵਾਸ਼ ਹੀ ਨਹੀਂ ਆਉਂਦਾ ਕਿ ਗੁਰੂ ਕਿਉਂ ਬਾਰ-ਬਾਰ ਕਹਿੰਦਾ ਹੈ ਕਿ ਨਾਮ ਜਪ। ਰੱਬ ਪਤਾ ਨਹੀਂ ਹੈ ਕਿ ਨਹੀਂ। ਇਹ ਨਿਸ਼ਚੇ ਬਹੁਤ ਮਾਰੂ ਹਨ ਪਰ ਇਸ ਦੇ ਵਿਪਰੀਤ ਬੰਦਗੀ ਕਰਨ ਵਾਲੇ ਜਗਿਆਸੂ ਜਿਨ੍ਹਾਂ ਦੇ ਸੀਨੇ ਵਿਚ ਖਿੱਚ ਪਈ ਹੈ ਕਿ ਅਸੀਂ ਇਸੇ ਜਨਮ ਵਿਚ ਵਾਹਿਗੁਰੂ ਜੀ ਨੂੰ ਮਿਲਣਾ ਹੈ, ਜਨਮ ਮਰਨ ਦਾ ਦੁਖ ਕਟਣਾ ਹੈ ਉਹ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹਨ ਅਤੇ ਪ੍ਰਤੱਖ ਰੂਪ ਵਿਚ ਦੇਖਦੇ ਹਨ ਕਿ ਵਾਹਿਗੁਰੂ ਜੀ ਤੇ ਗੁਰੂ ਵਿਚ ਕੋਈ ਫਰਕ ਨਹੀਂ ਹੈ -

*ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486*

ਸਤਿਗੁਰੂ ਕੇਵਲ ਵਾਹਿਗੁਰੂ ਦਾ ਸਾਕਾਰ ਸਰੂਪ ਹੈ ਅਤੇ ਰੂਪ ਰੰਗ ਰੇਖ ਭੇਖ ਤੋਂ ਨਿਆਰੇ ਵਾਹਿਗੁਰੂ ਦੀ ਹੋਂਦ ਸਾਰੇ ਪਸਰ ਰਹੀ ਹੈ, ਦੋਵੇਂ ਇਕੋ ਹੀ ਹਨ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਜਿਨ੍ਹਾਂ ਦੇ ਮਨ ਵਿਚ ਵਿਸ਼ਵਾਸ਼ ਹੈ ਅਤੇ ਸਤਿਗੁਰੂ ਦਾ ਸਰੂਪ ਹਿਰਦੇ ਵਿਚ ਵਸਾ ਕੇ ਰਖਦੇ ਹਨ ਉਨ੍ਹਾਂ ਦੀਆਂ ਸਾਰੀਆਂ ਇਛਾਵਾਂ ਪਿਆਰ ਵਸ ਆਏ ਹੋਏ ਸਤਿਗੁਰੂ ਜੀ ਪੂਰੀਆਂ ਕਰਦੇ ਹਨ। ਉਸ ਦੀ ਰਾਖੀ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥*
*ਜੋ ਇਛੈ ਸੋਈ ਫਲੁ ਪਾਏ॥ ਪੰਨਾ - 661*

ਸਤਿਗੁਰੂ ਸਦਾ ਹੀ ਆਪਣੇ ਸਿੱਖ ਦੀ ਪ੍ਰਤਿਪਾਲ ਕਰਦਾ ਹੈ, ਸਤਿਗੁਰੂ ਨੂੰ ਮਿਲ ਕੇ ਜਿਸ ਦਾ ਮਨ ਉਨ੍ਹਾਂ ਦੇ ਪਿਆਰ ਵਿਚ ਰੰਗਿਆ ਗਿਆ ਹੈ, ਉਹ ਸਤਿਗੁਰੂ ਦਾ ਹੀ ਰੂਪ ਹੋ ਜਾਇਆ ਕਰਦਾ ਹੈ। ਜੇ ਲੋਹੇ ਨੂੰ ਪਾਰਸ ਨਾਲ ਲਾਇਆ ਜਾਵੇ, ਲੋਹਾ ਸੋਨਾ ਤਾਂ ਬਣ ਸਕਦਾ ਹੈ ਪਰ ਪਾਰਸ ਨਹੀਂ ਬਣ ਸਕਦਾ। ਇਸ ਦੇ ਵਿਪਰੀਤ ਸਤਿਗੁਰੂ ਸਿੱਖ ਨੂੰ ਆਪਣਾ ਹੀ ਰੂਪ ਬਣਾ ਲੈਂਦਾ ਹੈ -

*ਮਨੁ ਸਤਿਗੁਰ ਸਰਨਿ ਧਿਆਵੈਗੋ॥*
*ਲੋਹਾ ਹਿਰਨੁ ਹੋਵੈ ਸੰਗਿ ਪਾਰਸ*
*ਗੁਨੁ ਪਾਰਸ ਕੋ ਹੋਇ ਆਵੈਗੋ॥*
*ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ*
*ਗੁਰੁ ਸੇਵਕ ਪੈਜ ਰਖਾਵੈਗੋ॥ ਪੰਨਾ - 1311*

ਮਨੂਰ ਹੋਇਆ ਹੋਇਆ ਹਿਰਦਾ ਸਤਿਗੁਰੂ ਦੇ ਨਾਮ ਨਾਲ, ਰਸ ਨਾਲ ਭਰ ਜਾਂਦਾ ਹੈ, ਉਸ ਵਿਚ ਮੁੜ ਕੇ ਸੁਰਜੀਤੀ ਆ ਜਾਂਦੀ ਹੈ ਅਤੇ ਜੀਵਨ ਦੀ ਰੌਂ ਰੁਮਕ ਪੈਂਦੀ ਹੈ ਜਿਵੇਂ ਕਿ -

*ਭਇਆ ਮਨੂਰੁ ਕੰਚਨੁ ਫਿਰਿ ਹੋਵੈ*
*ਜੇ ਗੁਰੁ ਮਿਲੈ ਤਿਨੇਹਾ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ*
*ਤਉ ਨਾਨਕ ਤ੍ਰਿਸਟਸਿ ਦੇਹਾ॥ ਪੰਨਾ - 990*

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਅੰਮ੍ਰਿਤਸਰ ਵਿਚ ਸੰਗਤਾਂ ਦਾ ਉਧਾਰ ਕਰ ਰਹੇ ਸਨ, ਦੂਰ ਦੇਸ਼ਾਂ ਦੀਆਂ ਸੰਗਤਾਂ ਆ ਕੇ ਆਪ ਦੇ ਪ੍ਰਵਚਨ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰਦੀਆਂ ਸਨ। ਅੱਜ ਅਫਗਾਨਿਸਤਾਨ ਤੋਂ ਸੰਗਤ ਆਈ, ਉਨ੍ਹਾਂ ਨੇ ਗੁਰੂ ਮਹਾਰਾਜ ਜੀ ਦੇ ਬਚਨ ਬੜੇ ਪਿਆਰ ਪ੍ਰੇਮ ਨਾਲ ਸੁਣੇ, ਦਸਵੰਧ ਦੀ ਰਕਮ ਸੀ, ਉਹ ਵੀ ਦਿਤੀ,

ਉਨ੍ਹਾਂ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਡੰਡਉਤ ਬੰਦਨਾ ਕੀਤੀ। ਡੰਡਉਤ ਬੰਦਨ ਵਿਚ ਅੱਠ ਅੰਗ ਸਰੀਰ ਦੇ ਧਰਤੀ ਨਾਲ ਲਗਿਆ ਕਰਦੇ ਹਨ ਅਤੇ ਡੰਡੇ ਵਾਂਗੂੰ ਲੰਮਾ ਪੈ ਕੇ ਕੀਤੀ ਜਾਂਦੀ ਹੈ ਜਿਵੇਂ ਕਿ ਅਸੀਂ ਪੜ੍ਹਦੇ ਹਾਂ –

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***

*ਪੰਨਾ - 256*

ਉਸ ਪਿਛੋਂ ਇਕ ਪ੍ਰੇਮੀ ਖੜ੍ਹਾ ਹੋਇਆ, ਗਲ ਵਿਚ ਪੱਲਾ ਪਾਇਆ ਹੋਇਆ ਹੈ, ਬਹੁਤ ਹੀ ਪ੍ਰੇਮ ਦੀ ਮੂਰਤੀ ਹੈ, ਉਸ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਗੁਰਸਿੱਖਾਂ ਦੇ ਸਹਾਇਕ ਹੋ, ਸਿੱਖਾਂ ਦੇ ਵਿਘਨਾਂ ਦਾ ਨਾਸ਼ ਕਰ ਦਿੰਦੇ ਹੋ, ਆਪ ਸਰਬ ਕਲਾ ਸਮਰੱਥ ਹੋ, ਜੋ ਵੀ ਆਪ ਦੀ ਸ਼ਰਨ ਵਿਚ ਆ ਗਿਆ, ਉਹ ਬੜਾ ਵਡਭਾਗੀ ਹੈ। ਹੇ ਪਾਤਸ਼ਾਹ! ਮੈਂ ਵੀ ਆਪ ਦੀ ਸ਼ਰਨ, ਦੂਰ ਤੋਂ ਚਲ ਕੇ ਆਇਆ ਹਾਂ, ਆਪ ਕ੍ਰਿਪਾ ਕਰਕੇ ਮੈਨੂੰ ਉਪਦੇਸ਼ ਦੇਵੋ ਜਿਸ ਨਾਲ ਮੇਰੇ ਹਿਰਦੇ ਵਿਚੋਂ ਪੰਜਾਂ ਕਲੇਸ਼ਾਂ ਦਾ ਨਾਸ਼ ਹੋ ਜਾਵੇ, ਕਾਮ, ਕ੍ਰੋਧ, ਲੋਭ ਮੋਹ, ਅਹੰਕਾਰ, ਆਸਾ, ਅੰਦੇਸਾ, ਤ੍ਰਿਸ਼ਨਾਂ ਦੇ ਵਾਰਾਂ ਤੋਂ ਬਚ ਜਾਵਾਂ ਅਤੇ ਤੇਰੇ ਨਾਮ ਦੇ ਰਸ ਵਿਚ ਜੁੜਿਆ ਰਹਾਂ ਅਤੇ ਉਹ ਮਨੋਰਥ ਜਿਸ ਕਰਕੇ ਮੈਨੂੰ ਮਾਨਸ ਦੇਹੀ ਪ੍ਰਾਪਤ ਹੋਈ ਹੈ ਉਹ ਪ੍ਰਾਪਤ ਕਰਾਂ। ਮਹਾਰਾਜ! ਮੈਂ ਸੂਬਾ ਕਾਬਲ ਵਿਚ ਰਹਿੰਦਾ ਹਾਂ, ਜੀਵਕਾ ਜੋ ਆਪ ਨੇ ਬਖਸ਼ਿਸ਼ ਕੀਤੀ ਹੈ, ਉਹ ਮੈਂ ਕਰਦਾ ਹਾਂ। ਮੈਂ ਧੜਵਾਈ ਹਾਂ, ਅਨਾਜ ਤੋਲਦਾ ਹਾਂ, ਸਰਕਾਰੀ ਅਨਾਜ ਜੋ ਲੋੜਵੰਦਾਂ ਨੂੰ ਦਿਤਾ ਜਾਂਦਾ ਹੈ ਉਹ ਮੈਂ ਤੋਲ ਕੇ ਦਿੰਦਾ ਹਾਂ। ਉਸ ਵੇਲੇ ਸੁਣ ਕੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭਾਈ ਕਟਾਰੂ! ਗੁਰਸਿੱਖੀ ਧਾਰਨ ਕਰਨੀ ਕਠਨ ਹੋਇਆ ਕਰਦੀ ਹੈ, ਇਸ ਦੀਆਂ ਰਹਿਤਾਂ ਨਿਯਮ ਪੂਰਵਕ ਸਾਰੀ ਜ਼ਿੰਦਗੀ ਕਮਾਉਣੀਆਂ ਪੈਂਦੀਆਂ ਹਨ। ਗੁਰੂ ਚੌਥੇ ਪਾਤਸ਼ਾਹ ਮਹਾਰਾਜ ਜੀ ਨੇ ਬਹੁਤ ਵਿਸਥਾਰ ਨਾਲ ਖੋਲ੍ਹ ਕੇ ਇਸ ਦਾ ਜ਼ਿਕਰ ਕੀਤਾ ਹੈ ਕਿ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ॥*** *ਪੰਨਾ - 305*

ਸੋ ਭਾਈ ਕਟਾਰੂ! ਸਿੱਖੀ ਕਮਾਉਣੀ ਬਹੁਤ ਮੁਸ਼ਕਲ ਹੈ, ਉਸ ਦੇ ਵਾਸਤੇ ਆਦੇਸ਼ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

*ਪੰਨਾ - 1102*

ਆਦਮੀ ਦੇ ਅੰਦਰ ਦੋ ਚੀਜ਼ਾਂ ਹੰਗਤਾ ਤੇ ਮਮਤਾ ਹਨ ਜਿਸ ਨੂੰ ਹਉਮੈ ਕਿਹਾ ਜਾਂਦਾ ਹੈ, ਉਹ ਹਮੇਸ਼ਾ ਹੀ ਪ੍ਰਭੂ ਨਾਲੋਂ ਤੋੜ ਕੇ ਰਖਦੀ ਹੈ। ਇਸ ਦੇ ਅੰਦਰ ਬਾਹਰ ਵਾਹਿਗੁਰੂ ਜੀ ਦਾ ਵਾਸਾ ਹੈ, ਇਕੋ ਆਤਮਾ ਸਾਰੇ ਸਰੀਰਾਂ ਵਿਚ ਪ੍ਰਵਿਰਤ ਹੈ, ਗੁਰੂ ਦੇ ਉਪਦੇਸ਼ ਨੂੰ ਕਮਾ ਕੇ ਉਸ ਨੂੰ ਲੱਭਣਾ ਹੈ। ਉਹ ਬਾਹਰ ਵੀ ਹੈ ਅਤੇ ਅੰਦਰ ਵੀ ਹੈ। ਇਹ ਸਰੀਰ ਧਰਮ ਕਮਾਉਣ ਵਾਸਤੇ ਪ੍ਰਭੂ ਵਲੋਂ ਪ੍ਰਾਪਤ ਹੋਇਆ ਹੈ। ਇਸ ਦੇ ਅੰਦਰ ਪ੍ਰਤੱਖ ਰੂਪ ਵਿਚ ਆਤਮਾ ਦਾ ਵਾਸਾ ਹੈ, ਆਤਮਾ ਨੂੰ ਹੀ ਬ੍ਰਹਮ ਅਤੇ ਏਕੰਕਾਰ ਕਿਹਾ ਜਾਂਦਾ ਹੈ, ਵੱਖਰੇ-ਵੱਖਰੇ ਨਾਮ ਹਨ ਉਥੇ ਆਤਮਾ ਨੇ ਹੀ ਸਾਰਾ ਪਸਾਰਾ ਕੀਤਾ ਹੋਇਆ ਹੈ, ਇਕੋ ਪ੍ਰਮੇਸ਼ਰ ਹਰ ਥਾਂ ਉਤੇ ਓਤ ਪੋਤ ਹੋਇਆ ਹੋਇਆ ਹੈ। ਗੁਰਮੁਖ ਪਿਆਰਿਆਂ ਦੇ ਜਦੋਂ ਨੇਤਰ ਖੁਲ੍ਹ ਜਾਂਦੇ ਹਨ ਉਹ ਇਕੋ ਆਤਮਾ ਦੇ ਸਾਰੇ ਸੰਸਾਰ ਵਿਚ ਦਰਸ਼ਨ ਕਰਦੇ ਹਨ ਅਤੇ ਆਪਣੇ ਆਪ ਨੂੰ ਵੀ ਆਤਮ ਸਰੂਪ ਜਾਣਦੇ ਹੋਏ ਆਤਮਾ ਤੋਂ ਵੱਖ ਨਹੀਂ ਹੁੰਦੇ। ਹਉਮੈ ਨੇ ਬੜੀ ਕਰੜੀ ਦੀਵਾਰ ਆਤਮਾ ਤੇ ਜੀਵ ਵਿਚ ਬਣਾਈ ਹੋਈ ਹੈ, ਜਦੋਂ ਤਕ ਨਾਮ ਦੀ ਕਮਾਈ ਨਾ ਕੀਤੀ ਜਾਵੇ ਉਨਾਂ ਚਿਰ ਉਸ ਆਤਮਕ ਸਰੀਰ ਦੇ ਦਰਸ਼ਨ ਨਹੀਂ ਹੁੰਦੇ, ਆਤਮ ਸਾਖਸ਼ਾਤਕਾਰ ਨਹੀਂ ਹੁੰਦਾ।

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਸਭੁ ਆਤਮ ਰਾਮੁ ਪਛਾਣਿਆ***
***ਤਾਂ ਇਕੁ ਰਵਿਆ ਇਕੋ ਓਤਿ ਪੋਤਿ॥***
***ਇਕੁ ਦੇਖਿਆ ਇਕੁ ਮੰਨਿਆ***
***ਇਕੋ ਸੁਣਿਆ ਸ੍ਰਵਣ ਸਰੋਤਿ॥***
***ਜਨ ਨਾਨਕ ਨਾਮੁ ਸਲਾਹਿ ਤੂ***
***ਸਚੁ ਸਚੇ ਸੇਵਾ ਤੇਰੀ ਹੋਤਿ॥*** *ਪੰਨਾ - 310*

ਇਥੇ ਗੁਰੂ ਮਹਾਰਾਜ ਜੀ ਨੇ 'ਖੋਤ' ਅੱਖਰ ਦੀ ਵਰਤੋਂ ਕੀਤੀ ਹੈ, ਖੋਤ ਇਕ ਕ੍ਰਿਆ ਹੋਇਆ ਕਰਦੀ ਹੈ। ਆਮ ਤੌਰ ਉਪਰ ਪਿੰਡਾਂ ਵਿਚ ਜਦੋਂ ਨਹਿਰਾਂ ਵਗੈਰਾ ਨਹੀਂ ਆਈਆਂ ਸਨ, ਮਾਰੂ ਖੇਤੀਆਂ ਮੀਂਹ ਦੇ ਆਸਰੇ ਹੋਇਆ ਕਰਦੀਆਂ ਸਨ, ਕੋਈ ਕੋਈ ਭਾਗਸ਼ਾਲੀ ਕਿਸਾਨ ਧਰਤੀ ਵਿਚ ਖੂਹ ਪੁਟ ਲਿਆ ਕਰਦੇ ਸਨ ਅਤੇ ਆਪਣੀ ਖੇਤੀਬਾੜੀ ਨੂੰ ਪਾਣੀ ਦਿਆ ਕਰਦੇ ਸਨ, ਟਿਬਿਆਂ ਵਾਲੀ ਜ਼ਮੀਨ ਵਿਚ ਓਡਾਰ ਦੇ ਟਿੱਬੇ ਹਵਾ ਦੇ ਵੇਗ ਨਾਲ ਇਕ ਥਾਂ ਟਿਕਿਆ ਨਹੀਂ ਸੀ ਕਰਦੇ। ਰੇਤ ਦੇ ਬਹੁਤ ਉਚੇ-ਉਚੇ ਢੇਰ ਲਗ ਜਾਂਦੇ ਸਨ, ਸੈਂਕੜੇ ਏਕੜ ਜ਼ਮੀਨ ਆਪਣੇ ਹੇਠ ਦਬ ਲੈਂਦੇ ਸਨ। ਕਈ-ਕਈ ਸਾਲ ਆਪਣੀ ਥਾਂ ਤੋਂ ਹਿਲਦੇ ਨਹੀਂ ਸਨ। ਬਹੁਤ ਹਨ੍ਹੇਰੀਆਂ, ਲਗਾਤਾਰ ਹਵਾ ਦੇ ਵੇਗ ਨਾਲ ਉਹ ਥੋੜ੍ਹਾ ਹਿਲਿਆ ਕਰਦੇ ਸਨ ਅਤੇ ਪੁੱਤ ਪੜੋਤਿਆਂ ਨੂੰ ਸਿਆਣੇ ਦਸ ਜਾਇਆ ਕਰਦੇ ਸਨ ਕਿ ਇਸ ਥਾਂ ਖੂਹ ਦਬਿਆ ਹੋਇਆ ਹੈ ਜਦੋਂ ਰੇਤਾ ਕਾਫੀ ਉਡ ਜਾਂਦਾ ਹੈ ਤਾਂ ਖੂਹ ਕੱਢਿਆ ਜਾਂਦਾ ਸੀ ਪਰ ਪਤਾ ਨਹੀਂ ਸੀ ਲਗਦਾ ਕਿ ਖੂਹ ਕਿਥੇ ਹੈ। ਉਹ ਇਕ ਯਤਨ ਕਰਿਆ ਕਰਦੇ ਸਨ। ਇਕ ਕੌਮ ਜੋ ਖੇਤਾਂ ਵਿਚ ਰਿਹਾ ਕਰਦੀ ਸੀ ਜਿਨ੍ਹਾਂ ਨੂੰ ਓਡ ਆਖਦੇ ਹਨ। ਉਹ ਕੁੱਤੇ ਰਖਦੇ ਹਨ, ਲੋਕ ਉਨ੍ਹਾਂ ਪਾਸ ਜਾਇਆ ਕਰਦੇ ਸਨ। ਉਨ੍ਹਾਂ ਨੂੰ ਜਾ ਕੇ ਕਹਿੰਦੇ ਸਨ ਕਿ ਸਾਡਾ ਖੂਹ ਓਡਾਰ ਵਿਚ ਦਬ ਗਿਆ ਸੀ ਬਜ਼ੁਰਗਾਂ ਤੋਂ ਅਸੀਂ ਸੁਣਿਆ ਸੀ, ਉਹ ਕੱਢ ਦਿਓ। ਉਹ ਓਡ ਬੱਕਰੀਆਂ ਪਾਲਿਆ ਕਰਦੇ ਸਨ ਅਤੇ ਖੂਹ ਕੱਢਣ ਦੇ ਪੈਸੈ ਮਿੱਥ ਕੇ ਬਕਰੀਆਂ ਦੇ ਇੱਜੜ ਇਕੱਠੇ ਕਰਕੇ ਖੇਤਾਂ ਦੇ ਵਿਚ ਘੁੰਮਾਉਣੇ ਸ਼ੁਰੂ ਕਰ

ਦਿੰਦੇ ਸਨ। ਬੱਕਰੀਆਂ ਨੂੰ ਇਕ ਦੂਜੇ ਨਾਲ ਜੋੜ ਕੇ ਤੋਰਦੇ ਸਨ, ਬਕਰੀਆਂ ਨੂੰ ਕੁਦਰਤ ਵਲੋਂ ਗਿਆਨ ਹੈ ਕਿ ਕਿਸ ਥਾਂ ਧਰਤੀ ਵਿਚ ਪੋਲੀ ਥਾਂ ਹੈ। ਜਿਥੇ ਖੂਹ ਦਬਿਆ ਹੁੰਦਾ ਸੀ ਉਥੇ ਆ ਕੇ ਬੱਕਰੀਆਂ ਰੁਕ ਜਾਇਆ ਕਰਦੀਆਂ ਸਨ ਅਤੇ ਉਹ ਖੂਹ ਦੀ ਗੋਲਾਈ ਦੇ ਉਤੋਂ ਦੀ ਲੰਘਦੀਆਂ ਸਨ। ਉਹ ਦੋ ਚਾਰ ਵਾਰੀ ਕਰਕੇ ਨਿਸ਼ਚਾ ਕਰ ਲੈਂਦੇ ਸਨ ਕਿ ਇਸ ਥਾਂ ਬੱਕਰੀਆਂ ਨੇ ਪੈਰ ਨਹੀਂ ਪਾਏ, ਇਸ ਥਾਂ ਹੀ ਖੂਹ ਹੈ। ਉਸ ਵਕਤ ਟੋਕਰੀਆਂ, ਕਹੀਆਂ, ਪੌੜੀਆਂ ਲਾ ਕੇ ਉਸ ਥਾਂ ਨੂੰ ਖੁਣਿਆ ਕਰਦੇ ਸਨ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

*ਘਰਿ ਰਤਨ ਲਾਲ ਬਹੁ ਮਾਣਕ ਲਾਦੇ*
*ਮਨੁ ਭ੍ਰਮਿਆ ਲਹਿ ਨ ਸਕਾਈਐ॥*
*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ॥ ਪੰਨਾ - 1179*

ਸੋ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ ਕਟਾਰੂ! ਕਈ ਬੰਦਿਆਂ ਨੂੰ ਜਾਂਚ ਹੁੰਦੀ ਹੈ ਕਿ ਧਰਤੀ ਵਿਚ ਦਬਿਆ ਹੋਇਆ ਧਨ ਕਿਥੇ ਹੈ, ਇਹ ਗੁਪਤ ਵਿਦਿਆ ਹੈ ਇਹ ਧਰਤੀ ਵਿਚ ਦੱਬੇ ਹੋਏ ਖੂਹ ਵੀ ਦਸ ਦਿਆ ਕਰਦੇ ਹਨ। ਇਨ੍ਹਾਂ ਨੂੰ ਸੇਂਗਾ ਆਖਿਆ ਜਾਂਦਾ ਹੈ, ਇਹ ਜਿਸ ਤਰ੍ਹਾਂ ਖੂਹ ਕੱਢ ਦਿੰਦੇ ਹਨ ਇਵੇਂ ਜਿਵੇਂ ਗੁਰੂ ਗੁਰਮੁਖ ਦੇ ਰਾਹੀਂ ਇਸ ਸਰੀਰ ਵਿਚ ਛੁਪੀ ਆਤਮਾ ਨੂੰ ਪ੍ਰਤੱਖ ਕਰ ਦਿੰਦੇ ਹਨ।

ਸੋ ਗੁਰਸਿੱਖ ਦੇ ਕਰਮ ਕਮਾਉਂਦਾ ਹੋਇਆ ਸਤਿਨਾਮ ਦਾ ਸਿਮਰਨ ਸਦਾ ਹੀ ਕਰਦੇ ਰਹਿਣਾ ਹੈ, ਤੇਰਾ ਕੰਮ ਧੜਵਈ ਦਾ ਹੈ, ਹੋਰ ਤਾਂ ਤੇਰੇ ਤੋਂ ਕੋਈ ਵੀ ਬੁਰਾ ਕੰਮ ਹੋ ਨਹੀਂ ਸਕਦਾ ਪਰ ਘੱਟ ਤੋਲਣਾ ਇਕ ਨਖਿੱਧ ਕਿਸਮ ਦਾ ਪਾਪ ਹੈ ਇਸ ਤੋਂ ਤੂੰ ਸਦਾ ਹੀ ਬਚ ਕੇ ਰਹਿਣਾ ਹੈ -

*ਸਤਿਗੁਰ ਕਹਯੋ ਘਾਟ ਨਹਿੰ ਦੀਜੈ।*
*ਸਤਿਨਾਮ ਕੋ ਸਿਮਰਨਿ ਕੀਜੈ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2147*

ਅਤੇ ਆਪਣੀ ਕਮਾਈ ਸ਼ੁੱਧ ਰਖਣ ਵਾਸਤੇ ਕਿਰਤ ਕਰਕੇ ਜੋ ਤੈਨੂੰ ਮੁਨਾਫਾ ਹੋਵੇ ਉਸ ਵਿਚੋਂ ਦਸਵੰਧ ਕਢ ਕੇ ਗੁਰੂ ਦੇ ਲੇਖੇ ਦੇਣਾ ਜ਼ਰੂਰੀ ਹੋਇਆ ਕਰਦਾ ਹੈ। ਫੇਰ ਕਦੇ ਮੁੜ ਕੇ ਦਲਿੱਦਰ ਘਰ ਵਿਚ ਨਹੀਂ ਵੜਿਆ ਕਰਦਾ -

*ਦੇਹੁ ਦਸੌਂਧ ਗੁਰੂ ਹਿਤ ਸਦਾ।*
*ਦਾਰਿਦ ਸਦਨ ਹੋਹਿ ਨਹਿੰ ਕਦਾ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2147*

ਸਾਰੇ ਧਰਮਾਂ ਵਿਚ ਕਮਾਏ ਹੋਏ ਧਨ ਵਿਚੋਂ ਕੁਝ ਧਨ ਧਰਮ ਕਾਰਜਾਂ ਲਈ ਅਰਪਣ ਕਰਨਾ ਧਰਮੀ ਬੰਦੇ ਦਾ ਕਰੱਤਵ ਹੋਇਆ ਕਰਦਾ ਹੈ ਗੁਰੂ ਘਰ ਦੇ ਅੰਦਰ ਫੁਰਮਾਨ ਹੈ -

*ਦਸ ਨਖ ਕਰ ਜੋ ਕਾਰ ਕਮਾਵੈ*
*ਤਾਂ ਕਰ ਜੋ ਧਨ ਘਰ ਮੈ ਆਵੈ॥*
*ਤਿਸ ਤੇ ਗੁਰੁ ਦਸੌਂਧ ਜੋ ਦੇਈ,*
*ਸਿੰਘ ਸੁਯਸ ਬਹੁ ਜਗ ਮਹਿ ਲੇਈ॥*
*ਗੋਲਕ ਰਾਖੈ ਨਾਹਿ ਜੋ, ਛਲ ਕਾ ਕਰੈ ਵਪਾਰ।*
*ਕਹੈ ਗੋਬਿੰਦ ਸਿੰਘ ਲਾਲ ਜੀ! ਭੋਗੈ ਨਰਕ ਹਜ਼ਾਰ।*
*ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ।*
*ਕਹੈ ਗੋਬਿੰਦ ਸਿੰਘ ਲਾਲ ਜੀ!*
*ਤਿਸ ਕਾ ਕਛੁ ਨ ਬਿਸਾਹਿ।*
*ਜੋ ਪ੍ਰਸਾਦ ਛਕਨੇ ਲਗੇ, ਹਾਥ ਸੁਚੇਤ ਕਰੇਇ।*
*ਏਕਾਕੀ ਬਹਿ ਖਾਹਿ ਨਹਿ, ਅਵਰਨ ਕੋ ਭੀ ਦੇਇ।*

ਇਸਲਾਮ ਵਿਚ 40ਵਾਂ ਹਿੱਸਾ ਬਚਤ ਦਾ ਕੱਢਦੇ ਹਨ। ਭਾਰਤ ਵਰਸ਼ ਵਿਚ ਬਹੁਤ ਵੱਡੇ-ਵੱਡੇ ਦਾਨੀ ਹੋਏ ਹਨ ਜਿਵੇਂ ਕਿ ਰਾਜਾ ਹਰੀਚੰਦ, ਜਿਸ ਨੇ ਆਪਣਾ ਸਰਬੰਸ ਦਾਨ ਦੇ ਦਿਤਾ ਅਤੇ ਆਪ ਇਕ ਚੰਡਾਲ ਦਾ ਨੌਕਰ ਬਣ ਕੇ ਸੂਰ ਚਾਰਦਾ ਰਿਹਾ, ਸਮਸ਼ਾਨ ਭੂਮੀ ਵਿਚ ਮੁਰਦਿਆਂ ਦਾ ਕਰ ਲੈ ਕੇ ਸਸਕਾਰ ਕਰਾਉਂਦਾ ਰਿਹਾ। ਇਸੇ ਤਰ੍ਹਾਂ ਨਾਲ ਕਰਨ ਮਹਾਂਦਾਨੀ ਸੀ, ਮਹਾਂਭਾਰਤ ਦੇ ਯੁੱਧ ਵਿਚ ਜਦੋਂ ਅਰਜਨ ਦੇ ਹੱਥੋਂ ਕਰਣ ਜ਼ਖਮੀ ਹੋ ਗਿਆ ਉਹ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਲਟਕ ਰਿਹਾ ਸੀ ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਸੰਸਾਰ ਵਿਚ ਅੱਜ ਦਾਨ ਦਾ ਸੂਰਜ ਛੁਪ ਗਿਆ ਹੈ। ਅਰਜਨ ਨੇ ਇਸ ਗੱਲ ਨੂੰ ਚੰਗਾ ਨਾ ਸਮਝਿਆ, ਉਸ ਨੇ ਕਿਹਾ ਕਿ ਮਹਾਰਾਜ! ਦਾਨੀ ਤਾਂ ਬਹੁਤ ਵੱਡੇ-ਵੱਡੇ ਹੋਏ ਹਨ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਨਹੀਂ ਕਰਣ ਵੱਡਾ ਦਾਨੀ ਹੈ। ਇਸ ਗੱਲ ਨੂੰ ਪ੍ਰਤੱਖ ਰੂਪ ਵਿਚ ਦਿਖਾਉਣ ਲਈ ਉਸ ਵੇਲੇ ਆਪਣੇ ਰੂਪ ਬਦਲ ਲਏ, ਕ੍ਰਿਸ਼ਨ ਮਹਾਰਾਜ ਨੇ ਬੁੱਢੇ ਬ੍ਰਾਹਮਣ ਦਾ ਰੂਪ ਧਾਰ ਲਿਆ, ਉਥੇ ਪਹੁੰਚ ਜਾਂਦੇ ਹਨ ਜਿਥੇ ਕਰਣ ਯੁੱਧ ਦੇ ਮੈਦਾਨ ਵਿਚ ਅੰਤਲੇ ਸਾਹ ਲੈ ਰਿਹਾ ਸੀ। ਉਸ ਦੇ ਦੁਆਲੇ ਖੂਨ ਦਾ ਛਪੜ ਲੱਗਿਆ ਹੋਇਆ ਸੀ ਕਿਉਂਕਿ ਜ਼ਖਮੀਆਂ ਨੂੰ ਸੰਭਾਲਣ ਵਾਲਾ ਤਾਂ ਕੋਈ ਬਚਿਆ ਹੀ ਨਹੀਂ ਸੀ। 18 ਦਿਨ ਦੇ ਅੰਦਰ 18 ਕਸ਼ੂਣੀਆਂ ਫੌਜ ਮਾਰੀ ਗਈ ਇਕ ਕਸ਼ੂਣ ਸਵਾ ਦੋ ਤੋਂ ਢਾਈ ਲੱਖ ਦੀ ਹੋਇਆ ਕਰਦੀ ਹੈ। 18 ਦਿਨਾਂ ਵਿਚ 45 ਲੱਖ ਬੰਦਾ ਵੀਰ ਗਤੀ ਨੂੰ ਪ੍ਰਾਪਤ ਹੋਇਆ, ਸਿਰਫ ਦਸ ਯੋਧੇ ਬਚੇ ਸਨ ਜਿਨ੍ਹਾਂ ਵਿਚੋਂ ਪੰਜੇ ਪਾਂਡਵ ਤੇ ਛੇਵੇਂ ਕ੍ਰਿਸ਼ਨ ਮਹਾਰਾਜ ਸਨ, ਇਕ ਦੋ ਪਿੱਠ ਦਿਖਾ ਕੇ ਜਿਹੜੇ ਚਲੇ ਗਏ ਸਨ।

ਕਰਨ ਪਾਸ ਆ ਕੇ ਉਨ੍ਹਾਂ ਕਿਹਾ ਕਿ ਮੈਂ ਬ੍ਰਾਹਮਣ ਹਾਂ, ਮੇਰੀ ਲੜਕੀ ਦੀ ਸ਼ਾਦੀ ਹੈ, ਮੈਨੂੰ ਬਹੁਤ ਖੇਦ ਹੈ ਕਿ ਮੈਂ ਪਛੜ ਕੇ ਪਹੁੰਚਿਆ ਹਾਂ, ਸੁਣਿਆ ਹੈ ਤੇਰੇ ਪਾਸ ਪਹੁੰਚ ਕੇ ਦਲਿੱਦਰ ਨੱਠ ਜਾਂਦਾ ਹੈ, ਮੈਂ ਬਹੁਤ ਗਰੀਬ ਹਾਂ, ਤੂੰ ਮੈਨੂੰ ਦਾਨ ਦੇ। ਕਰਣ ਨੇ ਕਿਹਾ ਕਿ ਤੂੰ ਆਪ ਹੀ ਦੇਖ ਕੇ ਮੈਂ ਯੁੱਧ ਦੇ ਮੈਦਾਨ ਵਿਚ ਪਿਆ ਹਾਂ, ਖੂਨ ਦਾ ਛਪੜ ਲੱਗਿਆ ਪਿਆ ਹੈ, ਮੇਰੇ ਵਿਚ ਬੋਲਣ ਦੀ ਤਾਕਤ ਨਹੀਂ ਰਹੀ, ਹੁਣ ਤਾਂ ਮੇਰੇ ਪਾਸ ਆਹ ਸਰੀਰ ਹੈ ਇਸ ਦਾ ਅੱਖ, ਦਿਲ ਜਾਂ ਹੋਰ ਕੋਈ ਅੰਗ ਕੰਮ ਆ ਸਕੇ ਤਾਂ ਤੂੰ ਲੈ ਸਕਦਾ ਹੈਂ। ਜੇ ਹੱਡੀਆਂ ਕੰਮ ਆ ਜਾਣ ਬੇਸ਼ੱਕ ਮੇਰੇ ਪ੍ਰਾਣ ਨਿਕਲਣ ਪਿਛੋਂ ਲੈ ਜਾਈਂ। ਉਸ ਨੇ ਕਿਹਾ ਕਿ ਕਰਣ! ਤੂੰ ਭੁੱਲ ਗਿਆ ਕਿ ਤੇਰੇ ਦੰਦਾਂ ਉਪਰ ਸੋਨਾ ਚੜ੍ਹਿਆ ਹੋਇਆ ਹੈ, ਤੂੰ ਉਹ ਮੈਨੂੰ ਦੇ ਦੇ। ਉਸ ਵੇਲੇ ਕਰਣ ਨੇ ਕਿਹਾ ਕਿ ਮੈਂ ਸਚਮੁੱਚ ਹੀ ਬੜਾ ਸ਼ਰਮਿੰਦਾ ਹਾਂ, ਮੈਂ ਭੁੱਲ ਗਿਆ ਸੀ ਕਿ ਮੇਰੇ ਦੰਦਾਂ ਉਪਰ ਸੋਨਾ ਚੜ੍ਹਿਆ ਹੋਇਆ ਹੈ, ਤੂੰ ਮੈਨੂੰ ਇਕ ਪੱਥਰ ਫੜਾ, ਮੈਂ ਦੰਦ ਭੰਨ੍ਹ ਕੇ ਤੈਨੂੰ ਦੇ ਦਿੰਦਾ ਹਾਂ। ਬ੍ਰਾਹਮਣ ਨੇ ਕਿਹਾ ਕਿ ਮੈਂ ਇਹ ਕੰਮ ਨਹੀਂ ਕਰ ਸਕਦਾ। ਜਦੋਂ ਬ੍ਰਾਹਮਣ ਤੁਰਨ ਲੱਗਿਆ, ਉਸ ਵੇਲੇ ਕਰਣ ਨੇ ਕਿਹਾ ਕਿ ਹੇ ਬ੍ਰਾਹਮਣ ਦੇਵ! ਤੂੰ ਨਰਾਸ਼ ਨਾ ਜਾਹ ਮੈਂ ਕੋਸ਼ਿਸ਼ ਕਰਦਾ ਹਾਂ। ਉਸ ਵੇਲੇ ਥੋੜ੍ਹੀ ਦੂਰੀ ਤੇ ਇਕ ਪੱਥਰ ਪਿਆ ਸੀ, ਉਹ

ਥੋੜ੍ਹਾ-ਥੋੜ੍ਹਾ ਹਿੱਲ-ਹਿੱਲ ਕੇ ਪੱਥਰ ਤਕ ਪਹੁੰਚ ਗਿਆ। ਕਰਨ ਨੇ ਜਦੋਂ ਪੱਥਰ ਚੁੱਕ ਕੇ ਦੰਦ ਤੋੜਨ ਲਈ ਉਭਾਰਿਆ, ਪੱਥਰ ਦੰਦਾਂ ਤੇ ਮਾਰਨ ਲੱਗਿਆ ਤਾਂ ਉਸੇ ਵੇਲੇ ਕ੍ਰਿਸ਼ਨ ਮਹਾਰਾਜ ਨੇ ਆ ਕੇ ਬਾਂਹ ਫੜ ਲਈ ਅਤੇ ਉਸ ਨੂੰ ਬੈਕੁੰਠ ਧਾਮ ਨੂੰ ਤੋਰ ਦਿਤਾ। ਗੁਰੂ ਮਹਾਰਾਜ ਜੀ ਵੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਸੋ ਗਿਰਹੀ ਜੋ ਨਿਗ੍ਰਹੁ ਕਰੈ॥*
*ਜਪੁ ਤਪੁ ਸੰਜਮੁ ਭੀਖਿਆ ਕਰੈ॥*
*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ॥* *ਪੰਨਾ - 952*

ਇਸੇ ਤਰ੍ਹਾਂ ਸਰਬੰਸ ਦਾਨੀ ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਪਣਾ ਸਾਰਾ ਹੀ ਪਰਿਵਾਰ ਦੁਖੀਆਂ ਦਾ ਦੁਖ ਦੂਰ ਕਰਨ ਹਿਤ ਸ਼ਹੀਦ ਕਰਾ ਦਿਤਾ ਅਤੇ ਆਪ ਵੀ ਸ਼ਹੀਦ ਹੋ ਗਏ। ਆਪ ਨੇ ਇਕ ਮਹਾਨ ਕਾਰਜ ਵਾਸਤੇ ਆਪਣੇ ਪਰਿਵਾਰ ਦਾ ਬਲੀਦਾਨ ਦੇ ਦਿਤਾ।

ਮਾਇਆ ਵਿਚੋਂ ਦਸਵੰਧ ਕੱਢਣ ਦਾ ਹੁਕਮ ਉਸ ਨਾਲ ਇਕ ਤਾਂ ਮਾਇਆ ਵਿਚੋਂ ਮੋਹ ਟੁੱਟਦਾ ਹੈ, ਕੁਝ ਲੋੜਵੰਦਾਂ ਲਈ ਸਾਂਝੇ ਤੌਰ ਤੇ ਕੁਝ ਕੀਤਾ ਜਾਂਦਾ ਹੈ, ਲੋੜਵੰਦਾਂ ਨੂੰ ਵਸਤਰ ਮਿਲਦੇ ਹਨ, ਬਿਰਧਾਂ ਨੂੰ ਥਾਂ ਮਿਲਦਾ ਹੈ, ਕਥਾ ਕੀਰਤਨ, ਮੰਦਰ, ਗੁਰਦੁਆਰੇ, ਮਸਜਿਦਾਂ ਬਣਦੀਆਂ ਹਨ। ਸੋ ਸਾਰੇ ਧਰਮਾਂ ਵਿਚ ਦਸਵੰਧ ਕੱਢਣ ਦਾ ਰਿਵਾਜ ਸੀ।

ਦਾਨ ਕਰਨ ਦਾ ਗੁਣ ਅੰਗੀਕਾਰ ਕਰ, ਜੇ ਤੂੰ ਵਸਤੂਆਂ ਨੂੰ ਚਿਮਟਿਆਂ ਰਿਹਾ ਅਤੇ ਇਹੀ ਭਾਵਨਾ ਮਾਇਆ ਦੇ ਵਿਚ ਸੁਰਤ ਨੂੰ ਖਿਚ ਕੇ ਰਖਦੀ ਹੈ ਅੰਤ ਸਮੇਂ ਜਿਸ ਦੀ ਸੁਰਤੀ ਮਾਇਆ ਵਿਚ ਰਹਿ ਜਾਂਦੀ ਹੈ ਉਸ ਬਾਰੇ ਭਗਤ ਜੀ ਨੇ ਫੁਰਮਾਨ ਕੀਤਾ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥* *ਪੰਨਾ - 526*

ਦਸੌਂਧ ਦਸਵੇਂ ਭਾਗ ਨੂੰ ਕਿਹਾ ਜਾਂਦਾ ਹੈ, ਕਮਾਈ ਵਿਚੋਂ ਦਸਵਾਂ ਹਿੱਸਾ ਕਰਤਾਰ ਅਰਥ ਦੇਣਾ, ਸਿੱਖ ਧਰਮ ਵਿਚ ਵਿਧਾਨ ਹੈ। ਰਹਿਤਨਾਮੇ ਵਿਚ ਲਿਖਿਆ ਹੋਇਆ ਹੈ -

*ਦਸਵਾਂ ਹਿੱਸਾ ਖੱਟ ਕੈ ਸਿੱਖਾਂ ਦੇ ਮੁਖ ਪਾਇ॥*

ਦਸਵੰਧ ਦੇਣ ਦਾ ਹੁਕਮ ਬਾਈਬਲ ਵਿਚ ਵੀ ਲਿਖਿਆ ਹੈ। ਪਰਾਸ਼ਰ ਰਿਖੀ ਦੇ ਲੇਖ ਅਨੁਸਾਰ ਗ੍ਰਿਹਸਥੀਆਂ ਨੂੰ ਕੁੱਲ ਆਮਦਨ ਵਿਚੋਂ ਦੇਵਤਿਆਂ ਅਰਥ ਇਕੀਵਾਂ ਹਿੱਸਾ ਦੇਣਾ ਚਾਹੀਦਾ ਹੈ, ਪਰ ਬ੍ਰਾਹਮਣ ਗ੍ਰਿਹਸਥੀ ਤੀਹਵਾਂ ਹਿੱਸਾ ਦੇਵੇ। ਪਿਛਲੇ ਸਮਿਆਂ ਵਿਚ ਇਸ ਤਰ੍ਹਾਂ ਵੀ ਹੋਇਆ ਕਰਦਾ ਸੀ ਕਿ ਜਿਸ ਦੇ ਘਰ ਓਲਾਦ ਨਹੀਂ ਸੀ ਹੁੰਦੀ ਉਹ ਮਹਾਂਪੁਰਸ਼ਾਂ ਦੇ ਪਾਸ ਜਾ ਕੇ ਅਸ਼ੀਰਵਾਦ ਪ੍ਰਾਪਤ ਕਰਕੇ ਸੁੱਖਣਾ ਸੁਖਿਆ ਕਰਦੇ ਸਨ ਕਿ ਜੇ ਮੇਰੇ ਘਰ ਓਲਾਦ ਹੋ ਜਾਵੇ ਤਾਂ ਮੈਂ ਉਸ ਨੂੰ ਦਸੌਂਧੀਆ ਬਣਾਵਾਂਗਾ। ਰੀਤ ਇਹ ਸੀ ਕਿ ਮਾਤਾ ਪਿਤਾ ਪ੍ਰਣ ਕਰਦੇ ਸਨ ਕਿ ਜੇ ਬਾਲਕ ਹੋਵੇ ਤਾਂ ਉਸ ਦਾ ਦਸੌਂਧ ਗੁਰਦੁਆਰੇ ਦੇਵਾਂਗੇ। ਜਦ ਲੜਕਾ ਤੁਰਨ ਫਿਰਨ ਵਾਲਾ ਹੋ ਜਾਂਦਾ ਤਾਂ ਉਸ ਨੂੰ ਗੁਰਦੁਆਰੇ ਲੈ ਜਾਂਦੇ ਸਨ। ਪੰਜ ਸਿੰਘ ਉਸ ਦੀ ਹਸਤੀ ਦੇ ਮੁਤਾਬਿਕ ਉਸ ਦਾ ਦਸੌਂਧ ਬੰਨ੍ਹ ਦਿੰਦੇ ਸਨ ਅਤੇ ਉਹ ਰਕਮ ਦਸਵੰਧ ਵਿਚ ਦੇ ਦਿਆ ਕਰਦਾ ਸੀ।

ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭਾਈ ਕਟਾਰੂ! ਤੂੰ ਆਪਣੀ ਕਮਾਈ ਨੂੰ ਸ਼ੁੱਧ ਕਰਨ ਵਾਸਤੇ ਨੇਕ ਕਮਾਈ ਕਰਕੇ ਗੁਰੂ ਅਰਪਣ ਦਸੌਂਧ ਦਿਆ ਕਰ। ਤੇਰੇ ਘਰ ਕਦੇ ਵੀ ਦਲਿੱਦਰ ਨਹੀਂ ਆਵੇਗਾ, ਇਹ ਬਚਨ ਸੁਣ ਕੇ ਨਾਮ ਦੀ ਦਾਤ ਪ੍ਰਾਪਤ ਕਰਕੇ ਭਾਈ ਕਟਾਰੂ ਆਪਣੇ ਘਰ ਚਲਿਆ ਗਿਆ।

ਭਾਈ ਕਟਾਰੂ ਪਹਿਲਾਂ ਵਾਲਾ ਕਟਾਰੂ ਨਾ ਰਿਹਾ। ਹੁਣ ਉਹ ਦਿਨ ਰਾਤ ਸਤਿਨਾਮ ਵਾਹਿਗੁਰੂ ਦੀ ਧੁਨ ਉਚਾਰਦਾ ਰਹਿੰਦਾ ਹੈ ਅਤੇ ਬਹੁਤ ਹੀ ਮਿੱਠਾ ਬੋਲਦਾ ਸਾਰਿਆਂ ਦੇ ਮਨ ਨੂੰ ਭਾਅ ਜਾਂਦਾ, ਭਾਈ ਕਟਾਰੂ ਪੂਰਾ ਤੋਲਦਾ ਸੀ, ਡੰਡੀ ਮਾਰ ਨਹੀਂ ਸੀ ਕਰਿਆ ਕਰਦਾ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਪ੍ਰਭੂ ਦੇ ਧਿਆਨ ਵਿਚ ਬੈਠ ਜਾਇਆ ਕਰਦਾ ਸੀ ਅਤੇ 'ਗੁਰ ਕੀ ਮੂਰਤ ਮਨ ਮਹਿ ਧਿਆਨ' ਗੁਰੂ ਪੰਜਵੇਂ ਪਾਤਸ਼ਾਹ ਦਾ ਧਿਆਨ ਧਰਿਆ ਕਰਦਾ ਸੀ। ਧਿਆਨ ਇਕ ਜੀਵਤ ਸ਼ਕਤੀ ਹੈ। ਕੱਛੂ ਆਂਡੇ ਬਰੇਤੀ ਵਿਚ ਦੇ ਦਿੰਦਾ ਹੈ ਪਰ ਧਿਆਨ ਸ਼ਕਤੀ ਨਾਲ ਉਨ੍ਹਾਂ ਨੂੰ ਪਾਲਦਾ ਹੈ। ਕੂੰਜ ਯਾਦ ਸ਼ਕਤੀ ਨਾਲ ਆਪਣੇ ਬੱਚੇ ਪਾਲਦੀ ਹੈ ਜਿਸ ਦਾ ਕੋਈ ਧਿਆਨ ਧਰਦਾ ਹੈ, ਉਸ ਦੀ ਸੁਰਤੀ ਉਸ ਨਾਲ ਜੁੜ ਜਾਇਆ ਕਰਦੀ ਹੈ, ਇਹ ਕੁਦਰਤੀ ਅਸੂਲ ਹੈ, ਪੂਰੀ ਤਰ੍ਹਾਂ ਨਾਲ ਪ੍ਰਤਿਆ ਕੇ ਦੇਖਿਆ ਗਿਆ ਹੈ। ਸੋ ਜਿਸ ਦੇ ਹਿਰਦੇ ਵਿਚ ਗੁਰੂ ਦਾ ਧਿਆਨ ਰਹਿੰਦਾ ਹੈ ਉਹ ਸਦਾ ਗੁਰੂ ਨਾਲ ਜੁੜਿਆ ਰਹਿੰਦਾ ਹੈ, ਗੁਰੂ ਉਸ ਨਾਲ ਜੁੜਿਆ ਰਹਿੰਦਾ ਹੈ।

ਇਕ ਵਾਰੀ ਅਰਜਨ ਕ੍ਰਿਸ਼ਨ ਮਹਾਰਾਜ ਨੂੰ ਮਿਲਣ ਲਈ ਦੁਆਰਕਾ ਗਿਆ, ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਧਿਆਨ ਵਿਚ ਮਹੱਵ ਸਨ, ਅਰਜਨ ਨੂੰ ਕਾਫੀ ਦੇਰ ਰੁਕਣਾ ਪਿਆ। ਆਪ ਸਮਾਧੀ ਤੋਂ ਉਥਾਨ ਹੋਏ ਤਾਂ ਅਰਜਨ ਨੇ ਕਿਹਾ ਮਹਾਰਾਜ! ਤੁਸੀਂ ਤਾਂ ਸਰਬੱਗ ਪੁਰਸ਼ ਹੋ, ਪੂਰਨ ਗਿਆਨਵਾਨ ਹੋ, ਆਪ ਲਈ ਕੋਈ ਕ੍ਰਿਆ ਬਾਕੀ ਨਹੀਂ ਜਿਸ ਨੂੰ ਪੂਰਾ ਕਰਨਾ ਹੈ। ਜੋ ਕੁਝ ਜਾਨਣ ਲਈ ਸੀ ਉਹ ਆਪ ਨੇ ਜਾਣਿਆ ਹੋਇਆ ਹੈ, ਜੋ ਪ੍ਰਾਪਤ ਕਰਨਾ ਸੀ ਉਹ ਪਹਿਲਾਂ ਹੀ ਪ੍ਰਾਪਤ ਕੀਤਾ ਹੋਇਆ ਹੈ। ਮੈਨੂੰ ਸਮਝ ਨਹੀਂ ਆਉਂਦਾ ਕਿ ਆਪ ਕਿਸ ਦੇ ਧਿਆਨ ਵਿਚ ਸਮਾਧੀ ਸਥਿਤ ਬੈਠੇ ਸੀ? ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਕਿਹਾ ਹੇ ਅਰਜਨ! ਜੋ ਮੇਰਾ ਧਿਆਨ ਧਰਦੇ ਹਨ ਮੈਂ ਉਨ੍ਹਾਂ ਦੇ ਧਿਆਨ ਵਿਚ ਬੈਠਾ ਹੋਇਆ ਉਨ੍ਹਾਂ ਨਾਲ ਜੁੜਿਆ ਹੁੰਦਾ ਹਾਂ।

ਗੁਰ ਇਤਿਹਾਸ ਵਿਚ ਆਉਂਦਾ ਹੈ ਕਿ ਭਾਈ ਗੋਂਦੇ ਨਾਮ ਦਾ ਪ੍ਰੇਮੀ ਗੁਰੂ ਮਹਾਰਾਜ ਜੀ ਦੀ ਚਰਨ ਸ਼ਰਨ ਵਿਚ ਆਇਆ। ਆਪ ਨੇ ਨਾਮ ਦੇ ਕੇ ਆਤਮ ਸਾਖਸ਼ਾਤ ਕਰਾ ਦਿਤਾ, ਅੰਦਰ ਜੋਤ ਜਗਮਗਾ ਦਿਤੀ ਅਤੇ ਹੁਕਮ ਕੀਤਾ ਕਿ ਤੂੰ ਕਾਬਲ ਵਿਚ ਜਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਦਾ ਪ੍ਰਚਾਰ ਕਰ। ਕਲਜੁੱਗ ਦਾ ਸਮਾਂ ਹੈ, ਜਗਿਆਸੂ ਨੂੰ ਕੋਈ ਸਾਧਨ ਨਹੀਂ ਲੱਭ ਰਿਹਾ, ਉਹ ਯੋਗ ਸਾਧਨ ਵਿਚ ਲੱਗੇ ਹੋਏ ਹਨ ਕੁਝ ਪ੍ਰਾਪਤ ਕਰਨ ਦੀ ਥਾਂ ਆਪਣੇ ਸਵੱਸਥ ਹੀ ਵਿਗਾੜ ਕੇ ਬਹਿ ਜਾਂਦੇ ਹਨ। ਤੂੰ 'ਕਲਜੁਗ ਨਾਨਕ ਨਾਮ ਸੁਖਾਲਾ' ਦਾ ਪ੍ਰਚਾਰ ਕਰ।

ਭਾਈ ਗੌਂਦਾ ਕਾਬਲ ਵਿਚ ਚਲੇ ਜਾਂਦੇ ਹਨ ਅਤੇ ਗੁਰੂ ਸੱਤਵੇਂ ਪਾਤਸ਼ਾਹ ਦਾ ਧਿਆਨ ਸਦਾ ਹੀ ਧਰਦੇ ਸਨ। ਅੱਜ ਆਪ ਨੇ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ। ਆਪਣੇ ਘਰ ਦੇ ਵਿਹੜੇ ਵਿਚ ਹੀ ਚੌਂਕੀ ਡਾਹ ਕੇ ਬੈਠ ਗਏ। ਸਾਰਾ ਦਿਨ ਲੰਘ ਗਿਆ। ਪਿਛਲੇ ਪਹਿਰ ਦਿਨ ਦਾ ਆ ਗਿਆ, ਆਪ ਸਮਾਧੀ ਤੋਂ ਉਥਾਨ ਨਾ ਹੋਏ, ਇਧਰ ਗੁਰੂ ਹਰਿਰਾਏ ਸਾਹਿਬ ਜੀ ਉਸ ਧਿਆਨ ਦੇ ਵਸੀਭੂਤ ਹੋ ਕੇ ਅੰਮ੍ਰਿਤ ਵੇਲੇ ਤੋਂ ਤੀਜੇ ਪਹਿਰ ਤਕ ਸਮਾਧੀ ਸਥਿਤ ਰਹੇ। ਸਿੱਖਾਂ ਦੇ ਪੁਛਣ ਤੇ ਆਪ ਨੇ ਦਸਿਆ ਕਿ ਭਾਈ ਗੌਂਦਾ ਹੁਣੇ ਹੀ ਸਮਾਧੀ ਤੋਂ ਉਥਾਨ ਹੋਇਆ ਹੈ, ਜੇ ਅਸੀਂ ਉਠਦੇ ਸੀ ਤਾਂ ਉਸ ਦੀ ਬਿਰਤੀ ਹਿਲਦੀ ਸੀ। ਗੁਰਸਿੱਖ ਦੇ ਪ੍ਰੇਮ ਵਿਚ ਉਨਾਂ ਚਿਰ ਤਕ ਅਸੀਂ ਬੈਠੇ ਰਹੇ ਜਿੰਨਾਂ ਚਿਰ ਤਕ ਉਸ ਨੇ ਸਾਡੇ ਚਰਨਾਂ ਤੋਂ ਜੱਫਾ ਨਾ ਖੋਲ੍ਹਿਆ।

ਇਹ ਕੋਈ ਮਨ ਕਲਪਤ ਗੱਲਾਂ ਨਹੀਂ ਹਨ, ਇਸ ਵਿਚ ਪੂਰਨ ਰੂਪ ਵਿਚ ਸਚਾਈ ਸੰਮਿਲਤ ਹੈ। ਧਿਆਨ ਇਕ ਸ਼ਕਤੀ ਹੈ, ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਵਿਚੋਂ ਜਗਿਆਸੂ ਲੰਘਦਾ ਹੈ, ਉਸ ਵਿਚ ਜਿਸ ਦਾ ਉਹ ਧਿਆਨ ਕਰਦਾ ਹੈ ਉਸ ਨੂੰ ਹੀ ਦੇਖਦਾ ਹੈ, ਰੂਹਾਨੀ ਸਫਰ ਤਹਿ ਕਰਨ ਵਾਸਤੇ ਇਹ ਫਲਦਾਇਕ ਕ੍ਰਿਆ ਹੈ। ਵਾਹਿਗੁਰੂ ਜੀ ਦਾ ਰੂਪ, ਰੰਗ, ਰੇਖ, ਭੇਖ ਨਹੀਂ ਹੈ, ਫੇਰ ਧਿਆਨ ਕਿਵੇਂ ਕੀਤਾ ਜਾਵੇ? ਇਹ ਅਨੁਮਾਨ ਕਰਨ ਵਾਲੇ ਜਗਿਆਸੂ ਦੇ ਨਿਸ਼ਚੇ ਤੋੜ ਕੇ ਕਦੇ ਬੁੱਤ ਪ੍ਰਸਤੀ ਆਖਦੇ ਹਨ, ਕਦੇ ਨਿਰਾਰਥਕ ਆਖਦੇ ਹਨ, ਗੁਰੂ ਘਰ ਪਿਆਰ ਦਾ ਮਾਰਗ ਹੈ, ਗਿਆਨੀਆਂ ਦੇ ਖੁਸ਼ਕ ਗਿਆਨ ਨੂੰ ਇਥੇ ਕੋਈ ਥਾਂ ਨਹੀਂ। ਗੁਰਸਿਖਾਂ ਦੇ ਅੰਦਰ ਗੁਰੂ ਮੂਰਤੀਮਾਨ ਹੋਇਆ ਨਾਲ ਰਹਿੰਦਾ ਹੈ। ਉਸ ਨੂੰ ਪੂਰਨ ਭਰੋਸਾ ਹੋਇਆ ਹੁੰਦਾ ਹੈ ਕਿ ਗੁਰੂ ਮੇਰਾ ਮੇਰੇ ਨਾਲ ਹੈ ਅਤੇ ਹਰ ਔਕੜ ਵਿਚ ਮੇਰੀ ਸਹਾਇਤਾ ਹੀ ਕਰੇਗਾ।

ਸੋ ਇਸੇ ਤਰ੍ਹਾਂ ਭਾਈ ਕਟਾਰੂ ਆਪਣੇ ਦੇਸ਼ ਜਾ ਕੇ ਕਿਰਤ ਵੀ ਕਰਦੇ ਹਨ ਅਤੇ ਗੁਰੂ ਮਹਾਰਾਜ ਦੇ ਦੱਸੇ ਮਾਰਗ ਤੇ ਵੀ ਪੂਰੀ ਲਗਨ ਨਾਲ ਚਲਦੇ ਹਨ। ਉਸ ਦਾ ਜੱਸ ਦੂਰ ਤਕ ਫੈਲ ਗਿਆ। ਉਸ ਥਾਂ ਦਾ ਨਵਾਬ ਉਸ ਦੀ ਬਹੁਤ ਕਦਰ ਕਰਦਾ ਸੀ ਪਰ ਇਕ ਹੋਰ ਬਾਣੀਆਂ ਸੀ ਜਿਸ ਨੇ ਭਾਈ ਕਟਾਰੂ ਨਾਲ ਇਕ ਘੱਟ ਵੱਟਾ ਵਟਾ ਲਿਆ। ਉਸਦਾ ਖਿਆਲ ਸੀ ਭਾਈ ਕਟਾਰੂ ਇਸ ਨਾਲ ਕੋਈ ਨਾ ਕੋਈ ਆਪਣਾ ਮਾਲ ਜ਼ਰੂਰ ਤੋਲੇਗਾ ਅਤੇ ਭਾਈ ਕਟਾਰੂ ਨੂੰ ਜੋ ਕੀਰਤੀ ਪ੍ਰਾਪਤ ਹੈ ਉਸਦਾ ਅਪਜੱਸ ਹੋਵੇਗਾ। ਇਹ ਕਈ ਪ੍ਰੇਮੀਆਂ ਨੂੰ ਆਦਤ ਹੁੰਦੀ ਹੈ ਕਿ ਉਹ ਖਾਹਮਖਾਹ ਸਤਿਪੁਰਸ਼ਾਂ ਨਾਲ ਖਹਿੰਦੇ ਹਨ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*

*ਪੰਨਾ - 316*

ਇਸੇ ਤਰ੍ਹਾਂ ਨਾਲ ਇਕ ਵਾਰੀ ਇਕ ਬੰਦੇ ਨੇ ਘਰ ਵਿਚ ਲਿਆਂਦਾ ਸਮਾਨ ਤੋਲ ਲਿਆ, ਉਸ ਨੇ ਦੇਖਿਆ ਕਿ ਇਕ ਸੇਰ ਪਿਛੇ ਪੰਜ ਪੈਸੇ ਦੇ ਵਜ਼ਨ ਦਾ ਤੋਲ ਘੱਟ ਹੈ, ਉਹ ਨਵਾਬ ਪਾਸ ਗਿਆ ਅਤੇ ਜਾ ਕੇ ਚੁਗਲੀ ਕੀਤੀ ਕਿ ਆਪ ਦਾ ਧੜਵਈ ਘੱਟ ਤੋਲ ਕੇ ਦਿੰਦਾ ਹੈ। ਸੂਬਾ ਸੁਣ ਕੇ ਹੈਰਾਨ ਹੋ ਗਿਆ। ਉਸ ਨੇ ਭਾਈ ਕਟਾਰੂ ਦੇ ਸਾਰੇ ਵੱਟੇ ਮੰਗਾ ਲਏ ਅਤੇ ਉਨ੍ਹਾਂ ਨੂੰ ਤੋਲਣ ਲੱਗਿਆ। ਭਾਈ ਕਟਾਰੂ ਨੂੰ ਵੀ ਸ਼ੱਕ ਸੀ ਕਿ ਕਿਸੇ ਨੇ ਮੇਰਾ ਵੱਟਾ ਵਟਾਇਆ ਹੈ। ਇਹ ਕੰਮ ਮੈਨੂੰ ਨੁਕਸਾਨ ਪਹੁੰਚਾਉਣ ਵਾਸਤੇ ਕੀਤਾ ਹੈ। ਉਸ ਦਾ ਧਿਆਨ ਇਕ ਦਮ ਗੁਰੂ ਚਰਨਾਂ ਵਿਚ ਪਹੁੰਚ ਗਿਆ। ਇਸ ਗੱਲ ਤੋਂ ਡਰ ਗਿਆ ਕਿ ਮੇਰਾ ਵੱਟਾ ਕਿਤੇ ਘੱਟ ਨਾ ਹੋਵੇ, ਨਵਾਬ ਇਸ ਗੱਲ ਵਿਚ ਬਹੁਤ ਸਖਤ ਸੀ ਉਹ ਘੱਟ ਤੋਲਿਆ ਹੋਇਆ ਪੂਰਾ ਕਰਨ ਵਾਸਤੇ ਤੋਲਣ ਵਾਲੇ ਦੇ ਸਰੀਰ ਵਿਚੋਂ ਮਾਸ ਕੱਟ ਕੇ ਹੀ ਪੂਰਾ ਕਰਦਾ ਸੀ। ਭਾਈ ਕਟਾਰੂ ਘਬਰਾ ਗਿਆ ਅਤੇ ਉਸ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਤੇਰੇ ਬਿਨਾਂ ਮੇਰਾ ਕੋਈ ਨਹੀਂ ਹੈ, ਮੈਂ ਤੇਰੇ ਭਰੋਸੇ ਤੇ ਸਮਾਂ ਲੰਘਾ ਰਿਹਾ ਹਾਂ। ਮੈਂ ਨਾ ਕਿਸੇ ਦੇਵੀ ਦੇਵਤਾ ਪੀਰ ਪੈਗੰਬਰ ਦੀ ਆਸ ਰਖਦਾ ਹਾਂ, ਮੈਨੂੰ ਜੇ ਆਸ ਹੈ ਤਾਂ ਸਿਰਫ ਤੇਰੀ ਹੈ। ਇਧਰ ਗੁਰੂ ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਆ ਸੀ ਅਤੇ ਸੰਗਤਾਂ ਦੀ ਭੀੜ ਲੱਗੀ ਹੋਈ ਸੀ। ਸਾਰੇ ਇਉਂ ਗੁਰੂ ਮਹਾਰਾਜ ਜੀ ਦਾ ਦਰਸ਼ਨ ਕਰ ਰਹੇ ਸਨ ਜਿਵੇਂ ਲੱਖਾਂ ਚਕੋਰਾਂ ਚੰਦਰਮਾਂ ਦਾ ਦਰਸ਼ਨ ਕਰਦੀਆਂ ਅੱਖ ਵੀ ਨਹੀਂ ਝਮਕਦੀਆਂ। ਅਰਦਾਸ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਪਹੁੰਚਦੀ ਹੈ ਤਾਂ ਗੁਰੂ ਮਹਾਰਾਜ ਜੀ ਨੇ ਦੇਖਿਆ ਕਿ ਭਾਈ ਕਟਾਰੂ ਇਮਾਨਦਾਰ ਹੈ ਪਰ ਗਲਤੀ ਨਾਲ ਵੱਟਾ ਵਟ ਜਾਣ ਕਰਕੇ ਮੁਸ਼ਕਲ ਵਿਚ ਫਸ ਗਿਆ। ਗੁਰੂ ਦਾ ਬਿਰਦ ਹੈ–

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ॥*
*ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥*
*ਗੁਰ ਕਾ ਸਿਖੁ ਵਡਭਾਗੀ ਹੇ॥*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥*

*ਪੰਨਾ - 286*

ਜਿਥੇ ਵੀ ਸੇਵਕ ਦਾ ਕੰਮ ਹੁੰਦਾ ਹੈ ਗੁਰੂ ਉਸ ਦੀ ਸਹਾਇਤਾ ਕਰਦਾ ਹੈ। ਆਪਣੇ ਸੇਵਕ ਦੀ ਆਪ ਹੀ ਰਾਖੀ ਕਰਦਾ ਹੈ –

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*

*ਪੰਨਾ - 403*

ਐਨੇ ਵਿਚ ਕੋਈ ਗੁਰਸਿੱਖ ਆਇਆ। ਉਸ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਪੰਜ ਪੈਸੇ ਚੜ੍ਹਾਏ। ਗੁਰੂ ਮਹਾਰਾਜ ਨੇ ਉਹ ਪੰਜ ਪੈਸੇ ਹੱਥ ਵਿਚ ਚੁਕ ਲਏ, ਆਪ ਕਦੇ ਖੱਬੇ ਵਿਚ ਰਖ ਲੈਂਦੇ ਹਨ ਅਤੇ ਕਦੇ ਸੱਜੇ ਵਿਚ ਬਦਲ ਦਿੰਦੇ ਹਨ। ਕਾਫੀ ਦੇਰ ਮਹਾਰਾਜ ਇਸੇ ਤਰ੍ਹਾਂ ਕਰਦੇ ਰਹੇ। ਸੰਗਤ ਦੇ ਮੁਖੀ ਇਸ ਕ੍ਰਿਆ ਨੂੰ ਸਮਝ ਨਾ ਸਕੇ, ਅਖੀਰ ਥੋੜ੍ਹੇ ਚਿਰ ਪਿਛੋਂ ਗੁਰੂ ਮਹਾਰਾਜ ਜੀ ਨੇ ਉਹ ਪੈਸੇ ਧਰਤੀ ਉਤੇ ਰਖ ਦਿਤੇ।

ਉਸ ਵੇਲੇ ਸੰਗਤਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਅੱਜ ਤਕ ਆਪ ਨੇ ਮਾਇਆ ਨੂੰ ਹੱਥ ਨਹੀਂ ਸੀ ਲਾਇਆ, ਅੱਜ ਆਪ ਇਹ ਪੰਜ ਪੈਸੇ ਆਪਣੇ ਸੱਜੇ ਖੱਬੇ ਹੱਥ ਵਿਚ ਘੁਮਾਈ ਗਏ ਹੋ, ਕ੍ਰਿਪਾ ਕਰਕੇ ਇਹ ਭੇਤ ਸੰਗਤ ਨੂੰ ਦੱਸੋ ਕਿਉਂਕਿ ਸਾਡੇ ਮਨਾਂ ਵਿਚ ਸੰਸਾ ਪੈਦਾ ਹੋ ਗਿਆ ਹੈ। ਉਸ

(ਬਾਕੀ ਪੰਨਾ 63 ਤੇ)

# ਲਿਵ ਲਗਾ ਕੇ ਅੰਤਰ ਸੰਗਠਨ ਕਰਨਾ

*ਡਾ. ਵੇਦ ਭਾਰਤੀ ਜੀ*

ਪਿਛਲੇ ਪ੍ਰਵਚਨ ਵਿਚ ਜਦੋਂ ਆਪਣੇ ਆਪ ਨਾਲ ਅੰਤਰ ਵਾਰਤਾਲਾਪ ਬਾਰੇ ਬਚਨ ਚਲ ਰਹੇ ਸਨ ਅਤੇ ਇਹ ਦਸਿਆ ਜਾ ਰਿਹਾ ਸੀ ਕਿ ਮੰਤਰ ਦੇ ਅਰਥਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਇਹ ਦੇਖਣਾ ਚਾਹੀਦਾ ਹੈ ਕਿ ਤੁਹਾਡੇ ਵਿਚਾਰ ਇਸ ਅਰਥ ਦੇ ਅਨੁਕੂਲ ਹਨ, ਇਸ ਨਾਲ ਮੇਲ ਖਾਂਦੇ ਹਨ, ਮੈਂ ਉਸੇ ਗੱਲ ਨੂੰ ਹੋਰ ਅੱਗੇ ਚਲਾਉਂਦਾ ਹਾਂ। ਪਹਿਲੀ ਗੱਲ ਜਿਹੜੀ ਮੈਂ ਅੰਤਰ ਵਾਰਤਾਲਾਪ ਬਾਰੇ ਕਹਾਂਗਾ ਉਹ ਇਹ ਹੈ ਕਿ ਮੈਂ ਹੁਣ ਚੇਤਨ ਅਵਸਥਾ ਵਿਚ ਅੰਤਰ ਵਾਰਤਾਲਾਪ ਨਹੀਂ ਕਰਦਾ, ਇਸ ਤਰ੍ਹਾਂ ਕਰਨ ਦਾ ਮੇਰੇ ਕੋਲ ਸਮਾਂ ਹੀ ਨਹੀਂ ਹੈ, ਮੈਂ ਬਚਪਨ ਤੋਂ ਹੀ ਇਹ ਕਰਦਾ ਆਇਆ ਹਾਂ, ਹੁਣ ਤਾਂ ਇਹ ਕੇਵਲ ਇਕ ਆਤਮ ਨਰੀਖਣ ਹੀ ਬਣ ਗਿਆ ਹੈ, ਵਾਰਤਾਲਾਪ ਨਹੀਂ ਰਿਹਾ, ਇਹ ਅੰਤਰ ਵਾਰਤਾਲਾਪ ਆਤਮ ਨਰੀਖਣ ਇਕ ਆਪਾ ਸੁਧਾਰਣ ਦਾ ਹੀ ਇਕ ਤਰੀਕਾ ਬਣ ਗਿਆ ਹੈ। ਉਸ ਲਈ ਮੇਰਾ ਟੈਸਟ ਇਹ ਦੇਖਣਾ ਹੈ ਕਿ ਕੀ ਮੈਂ ਰਜੋ ਗੁਣ ਦੇ ਦੁਖ ਤੋਂ ਉਪਰ ਉਠ ਰਿਹਾ ਹਾਂ? ਕੀ ਮੈਂ ਤਮੋ ਗੁਣ ਦੀ ਆਲਸ ਤੋਂ ਉਪਰ ਉਠ ਰਿਹਾ ਹਾਂ। ਸਤੋ ਗੁਣ ਵਿਚ ਅਨੰਦ ਹੈ, ਜੇ ਤੁਸੀਂ ਸੂਤਰ ਪੜ੍ਹੇ ਹਨ, ਤੁਸੀਂ ਦੇਖੋਗੇ ਅਨੰਦ ਸਾਤਵਿਕ ਹੈ, ਦੁਖ ਦਰਦ ਰਜੋ ਗੁਣੀ ਹਨ, ਸੁਸਤੀ ਤਮੋ ਗੁਣੀ ਹੈ, ਸੰਵੇਦਨਾ ਸਹਿਤ ਹੋਣਾ ਤਮੋਗੁਣੀ ਹੈ। ਸੂਤਰਾਂ ਦੀ ਵਿਆਖਿਆ ਦੇ ਇਕ ਪੈਰ੍ਹੇ ਵਿਚ ਦਸਿਆ ਹੈ ਕਿ ਜਦੋਂ ਰਜੋ ਗੁਣ, ਸਤੋ ਗੁਣਾਂ ਉਤੇ ਭਾਰੂ ਹੁੰਦਾ ਹੈ ਤਾਂ ਸਤੋ ਗੁਣਾਂ ਨੂੰ ਨੁਕਸਾਨ ਹੁੰਦਾ ਹੈ। ਸਾਨੂੰ ਆਪਣਾ ਮਨੋਰਥ ਬਿਲਕੁਲ ਠੀਕ ਰਖਣਾ ਚਾਹੀਦਾ ਹੈ, ਸਾਡਾ ਅਸਲੀ ਗੋਲ, ਮਨੋਰਥ ਤਾਂ ਗਿਆਨ ਹੈ, ਹਾਂ ਇਸ ਗਿਆਨ ਪ੍ਰਾਪਤੀ ਲਈ, ਵਿਅਕਤੀਤ੍ਵ ਦੀ ਸ਼ੁਧਤਾ, ਆਪੇ ਦੀ ਸਫਾਈ ਅਤੇ ਸ਼ੁਧਤਾ ਵੀ ਜ਼ਰੂਰੀ ਹੈ, ਆਪੇ ਦੀ ਸ਼ੁਧਤਾ ਤੋਂ ਭਾਵ ਹੈ ਭਾਵਨਾਵਾਂ ਦੀ ਸੁਧਤਾ, ਮਨ ਦਾ ਅਨੰਦ, ਮਨ ਦੀ ਸਾਤਵਿਕਤਾ। ਸਿਧਾਂਤ ਰੂਪ ਵਿਚ ਇਕ ਆਦਰਸ਼ਕ ਵਿਅਕਤੀਤ੍ਵ ਕੀ ਹੈ? ਇਸ ਤੋਂ ਥੋੜ੍ਹਾ ਹੋਰ ਅੱਗੇ ਦੇਖੀਏ, ਮੇਰਾ ਕੀ ਆਦਰਸ਼ ਹੈ, ਮੇਰਾ ਮੇਰੇ ਆਪੇ ਦਾ ਕੀ ਆਦਰਸ਼ ਹੈ? ਮੈਨੂੰ ਆਪਣੇ ਆਪ ਨੂੰ ਕਿਸ ਤਰ੍ਹਾਂ ਬਣਾਉਣਾ ਚਾਹੀਦਾ ਹੈ। ਜੇ ਮੈਂ ਭਗਤੀ ਮਾਰਗ ਤੇ ਚਲ ਰਿਹਾ ਹਾਂ, ਤਾਂ ਇਸ ਮਾਰਗ ਤੇ ਚਲਦਿਆਂ ਮੇਰਾ ਆਦਰਸ਼ਕ ਵਿਅਕਤੀਤ੍ਵ ਕੀ ਹੋਣਾ ਚਾਹੀਦਾ ਹੈ? ਇਸ ਚੀਜ਼ ਨੂੰ ਫੇਰ ਇਕ ਧੇਅ ਬਣਾਇਆ ਜਾਏ, ਇਕ ਨਾਪ ਮੰਨਿਆ ਜਾਵੇ ਤੇ ਸਾਰੇ ਵਿਚਾਰ ਉਸ ਨਾਲ ਨਾਪੇ ਜਾਣ, ਉਸ ਕਸੌਟੀ ਤੇ ਪਰਖੇ ਜਾਣ; ਬੋਲਣਾ, ਬੋਲਣ ਦਾ ਅੰਦਾਜ਼, ਸਰੀਰਕ ਹਿਲਜੁਲ, ਭਾਵਨਾਵਾਂ, ਕਰਮ, ਸੰਵੇਗ ਤੇ ਜਜ਼ਬੇ ਇਨ੍ਹਾਂ ਸਭ ਦਾ ਨਰੀਖਣ ਕਰਦੇ ਰਹਿਣਾ, ਇਨ੍ਹਾਂ ਨੂੰ ਸਮੇਂ-ਸਮੇਂ ਸਿਰ ਜਾਂਚਦੇ ਰਹਿਣਾ ਤੇ ਦੇਖਣਾ ਕੀ ਮੈਂ ਇਨ੍ਹਾਂ ਤੇ ਤਰੱਕੀ ਕਰ ਰਿਹਾ ਹਾਂ, ਕੀ ਮੇਰੇ ਰਜੋ ਗੁਣ ਘਟ ਰਹੇ ਹਨ, ਕੀ ਮੈਂ ਦੁਖ ਦਰਦ ਘਟ ਮਹਿਸੂਸ ਕਰਨ ਲਗ ਪਿਆ ਹਾਂ, ਜੇ ਇਹ ਹੈ ਤਾਂ ਮੈਂ ਤਰੱਕੀ ਕਰ ਰਿਹਾ ਹਾਂ; ਇਸ ਤੋਂ ਭਾਵ ਹੈ ਸਾਤਵਿਕ ਗੁਣ ਵਧ ਰਹੇ ਹਨ, ਕਈ ਵਾਰੀ ਦੁਖ ਦਰਦ ਤੇ ਵਿਜੈ ਪ੍ਰਾਪਤ ਕਰਨ ਲਈ ਦੁਖ ਦਰਦ ਭੋਗਣਾ ਪੈਂਦਾ ਹੈ ਇਸ ਨੂੰ ਤਪਸ ਕਹਿੰਦੇ ਹਨ, ਪਰ ਇਸ ਨੂੰ ਬਹੁਤ ਦੇਰ ਤਕ ਨਹੀਂ ਰਹਿਣ ਦੇਣਾ ਚਾਹੀਦਾ ਤੇ ਬਹੁਤ ਦੇਰ ਤਕ ਨਹੀਂ ਚਲਣ ਦੇਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਤਰੱਕੀ ਹੋਣੀ ਖਤਮ ਹੀ ਨਹੀਂ ਹੁੰਦੀ ਬਲਕਿ ਪਿਛੇ ਨੂੰ ਮੋੜਾ ਪੈ ਜਾਂਦਾ ਹੈ, ਇਸ ਤਰ੍ਹਾਂ ਕਰਨ ਨਾਲ ਅੰਤਰ ਵਾਰਤਾਲਾਪ ਖਤਮ ਹੋ ਜਾਂਦਾ ਹੈ, ਆਪਾ ਨਰੀਖਣ ਖਤਮ ਹੋ ਜਾਂਦਾ ਹੈ, ਸਾਨੂੰ ਤਾਂ ਅਨੰਦ ਦੀ ਸਥਿਤੀ ਚਾਹੀਦੀ ਹੈ। ਮੇਰੇ ਲਈ ਇਹ ਇਕ ਇਮਤਿਹਾਨ ਹੈ ਜੇ ਮੇਰੇ ਮਨ ਵਿਚ ਦੁਖ ਹੈ, ਮੈਂ ਰਜੋ ਗੁਣਾਂ ਵਿਚ ਫਸਿਆ ਹੋਇਆਂ ਹਾਂ ਜਿਨ੍ਹਾਂ ਨੂੰ ਕੱਢਣ ਦੀ ਲੋੜ ਹੈ, ਮੈਂ ਕੋਈ ਪੁਸਤਕਾਂ ਵਿਚੋਂ ਤਾਂ ਪੜ੍ਹਾਉਂਦਾ ਨਹੀਂ, ਤੁਹਾਨੂੰ ਦਸਦਾ ਨਹੀਂ, ਮੈਂ ਜੀਵਨ ਵਿਚ ਪੁਸਤਕਾਂ ਤੋਂ ਘੱਟ ਆਪਣੇ ਅਨੁਭਵ ਤੋਂ ਵਧੇਰੇ ਸਿਖਿਆ ਹੈ, ਆਪਣੇ ਅੰਦਰ ਦੇ ਅਨੁਭਵ ਤੋਂ ਸਿਖਿਆ ਹੈ, ਮੈਨੂੰ 50 ਸਾਲ ਹੋ ਗਏ ਹਨ ਪ੍ਰਵਚਨ ਕਰਦਿਆਂ, ਪੜ੍ਹਾਉਣ ਤੋਂ ਪ੍ਰਵਚਨਾਂ ਦਾ ਭਾਵ ਹੈ ਲਗਾਤਾਰ ਪੜ੍ਹਨਾ। ਮੈਂ ਐਨੇ ਸਾਲਾਂ ਤੋਂ ਪੜ੍ਹ ਰਿਹਾ ਹਾਂ ਤੇ ਆਤਮ ਸ਼ੁਧੀ ਆਤਮ ਨਰੀਖਣ ਤੇ ਆਤਮ ਸੋਧ ਕਰ ਰਿਹਾ ਹਾਂ, ਇਸ ਸਾਰੀ ਵਿਧੀ ਵਿਚ ਮੈਂ ਦੇਖਿਆ ਹੈ ਕਿਵੇਂ ਹੌਲੀ-ਹੌਲੀ ਦੁਖ ਦਰਦ ਘਟਦਾ ਜਾਂਦਾ ਹੈ। ਸੂਤਰ ਵਿਚ ਦੂਸਰੀ ਜਗ੍ਹਾ ਲਿਖਿਆ ਹੋਇਆ ਹੈ, ਲਾਲਸਾ, ਲੋਭ ਦੁਖਾਂ ਦਾ ਘਰ ਹੈ। ਦੇਖਣ ਦੀ ਗੱਲ ਹੈ ਕਿ ਕੀ ਮੇਰਾ ਲੋਭ ਘਟ ਰਿਹਾ ਹੈ? ਕੀ ਮੇਰਾ ਲੋਭ ਕਿਸੇ ਹੋਰ ਪਾਸੇ ਤਾਂ ਨਹੀਂ ਜਾ ਰਿਹਾ? ਕੀ ਮੈਂ ਆਪਣੇ ਲੋਭ ਲਈ ਘੜੀ ਘੜੀ ਬਜ਼ਾਰ ਜਾ ਕੇ ਬਹੁਤੀਆਂ ਚੀਜ਼ਾਂ ਤਾਂ ਨਹੀਂ ਖਰੀਦਦਾ, ਉਸ ਤੋਂ ਅੱਗੇ ਦੇਖੀਏ ਤਾਂ ਇਹ ਇਕ ਰੋਗ ਬਣ ਜਾਂਦਾ ਹੈ, ਸਾਡੇ ਆਦਰਸ਼ ਠੀਕ ਹੋਣੇ ਚਾਹੀਦੇ ਹਨ, ਅੰਤਮ ਆਦਰਸ਼, ਵਿਚਲਾ ਆਦਰਸ਼ ਤੇ ਆਪਣਾ ਆਦਰਸ਼, ਮੇਰਾ ਆਪਣਾ ਆਦਰਸ਼ ਇਹ ਰਿਹਾ ਹੈ ਕਿ ਮੈਂ ਕਦੀ ਵੀ ਬੈਠ ਕੇ ਪਿਛੋਕੜ ਬਾਰੇ ਨਹੀਂ ਸੋਚਿਆ, ਕਦੀ ਆਪਣੇ ਦੁਖਾਂ ਦਰਦਾਂ ਬਾਰੇ ਨਹੀਂ ਸੋਚਿਆ, ਮੈਂ ਇਹ ਸੋਚਣ ਨੂੰ ਤਿਆਰ ਨਹੀਂ ਕਿ ਕਿਵੇਂ ਕਿੰਨੀਆਂ ਗੱਲਾਂ ਤੋਂ ਮੇਰੇ ਪਿਤਾ ਨੇ ਮੈਨੂੰ ਮਾਰਿਆ ਸੀ। ਮੇਰਾ ਮਨ ਤਾਂ ਚੰਗੀਆਂ ਸੋਹਣੀਆਂ ਗੱਲਾਂ ਸੋਚਣ ਨੂੰ ਕਰਦਾ ਹੈ, ਮੇਰੇ ਪਿਤਾ ਨੇ ਬਹੁਤ ਸਾਰੀਆਂ ਸੋਹਣੀਆਂ ਚੰਗੀਆਂ ਗੱਲਾਂ ਵੀ ਕੀਤੀਆਂ ਹੋਣਗੀਆਂ, ਮੈਨੂੰ ਇਹ ਯਾਦ ਕਰਨਾ ਚੰਗਾ ਨਹੀਂ ਲਗਦਾ ਕਿ ਜਦੋਂ ਮੇਰੀ ਮਾਤਾ ਨੇ ਮੇਰੇ ਮੂੰਹ ਤੇ ਥੱਪੜ ਮਾਰਿਆ ਸੀ, ਉਨ੍ਹਾਂ ਨੇ ਲਾਲ ਸਾੜ੍ਹੀ ਪਾਈ ਹੋਈ ਸੀ। ਮੈਨੂੰ ਇਹ ਚੇਤੇ ਰਖਣਾ ਚੰਗਾ ਲਗਦਾ ਹੈ ਜਦੋਂ ਮਾਂ ਨੇ ਮੈਨੂੰ ਮੇਰੀ ਗਲ੍ਹ ਤੇ ਚੁੰਮਿਆ ਸੀ ਉਸ ਨੇ ਨੀਲੀ ਸਾੜ੍ਹੀ ਪਾਈ ਹੋਈ ਸੀ, ਇਹ ਮੈਂ ਛੋਟੀਆਂ-ਛੋਟੀਆਂ ਉਦਾਹਰਣਾਂ ਦੇ ਰਿਹਾ ਹਾਂ ਕਿਉਂਕਿ ਮੈਂ ਇਹ ਸਮਝ ਗਿਆ ਹਾਂ ਕਿ ਚਾਨਣ ਕਰਨ ਨਾਲ ਹਨ੍ਹੇਰਾ ਦੂਰ ਨਹੀਂ ਹੁੰਦਾ, ਹਨ੍ਹੇਰੇ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ ਜਿਸ ਨੂੰ ਦੂਰ ਕਰਨ ਦੀ ਜ਼ਰੂਰਤ ਹੈ। ਰੋਸ਼ਨੀ ਰੋਸ਼ਨੀ ਹੀ ਹੈ ਮੈਨੂੰ ਉਸ ਦੀ ਵਿਆਖਿਆ ਕਰਨ ਦੀ ਲੋੜ ਨਹੀਂ, ਮੈਨੂੰ ਮੇਰੇ ਦੁਖਾਂ ਦੀ ਵਿਆਖਿਆ ਕਰਨ ਦੀ ਲੋੜ ਨਹੀਂ, ਕਮਰੇ ਵਿਚ ਕਦੋਂ ਹਨ੍ਹੇਰਾ ਹੋਇਆ ਸੀ, ਕਿੰਨੀ ਦੇਰ ਹਨ੍ਹੇਰਾ ਰਿਹਾ ਸੀ, ਕਿੰਨਾ

ਗੂੜ੍ਹਾ ਹਨ੍ਹੇਰਾ ਸੀ, ਹਨ੍ਹੇਰਾ ਕਰਾਰਾ, ਕਿੰਨਾ ਲੰਮਾ, ਕਿੰਨਾ ਚੌੜਾ ਹੈ ਕੀ ਤੁਸੀਂ ਜਾਣਦੇ ਹੋ? ਇਸ ਸਾਰੀ ਵਿਆਖਿਆ ਕਰਨ ਨਾਲ ਕਮਰੇ ਵਿਚ ਚਾਨਣਾ ਨਹੀਂ ਹੋਣ ਲੱਗਾ, ਇਸੇ ਤਰ੍ਹਾਂ ਹੀ ਜੇ ਮੈਂ ਆਪਣੇ ਦੁਖ ਚੇਤੇ ਕਰਦਾ ਰਹਾਂਗਾ ਉਸ ਨਾਲ ਮੈਨੂੰ ਖੁਸ਼ੀਆਂ ਨਹੀਂ ਮਿਲਣ ਲੱਗੀਆਂ। ਪਰ ਜੇ ਮੈਂ ਇਕ ਖੁਸ਼ੀਆਂ ਭਰੀ ਯਾਦ ਲੈ ਲਵਾਂ ਉਸ ਨੂੰ ਯਾਦ ਕਰਾਂ ਤਾਂ ਸਾਰਾ ਵਾਤਾਵਰਣ ਸੁਖਦਾਈ ਹੋ ਸਕਦਾ ਹੈ, 200 ਸਾਲ ਦਾ ਹਨ੍ਹੇਰਾ ਇਕ ਮੋਮਬੱਤੀ ਨਾਲ ਦੂਰ ਕੀਤਾ ਜਾ ਸਕਦਾ ਹੈ, ਉਹ ਇਹ ਨਹੀਂ ਕੀਹੰਦੀ ਮੈਂ ਇਕੱਲੀ ਹਾਂ, ਮੈਂ ਨਿਮਾਣੀ ਹਾਂ, ਇਹ ਹਨ੍ਹੇਰਾ ਤਾਂ ਬਹੁਤ ਗੂੜ੍ਹਾ ਹੈ ਮੈਂ ਕੀ ਕਰਾਂਗੀ, ਕਹਿਣ ਤੋਂ ਭਾਵ ਹੈ ਸਾਨੂੰ ਹਰ ਸਮੇਂ ਸਤਰਕ ਰਹਿਣਾ ਚਾਹੀਦਾ ਹੈ, ਨਹੀਂ ਤਾਂ ਮਨ ਤਾਂ ਪੰਜ ਰੋਗਾਂ ਦੇ ਵਸ ਜਾਂ ਪੰਜਾਂ 'ਚੋਂ ਇਕ ਦੇ ਫੇਰੇ ਵਿਚ ਝੱਟ ਹੀ ਆ ਜਾਂਦਾ ਹੈ। (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਕੀ ਕੀਤਾ ਜਾਵੇ ਜੋ ਮਨ ਇਨ੍ਹਾਂ ਦੇ ਚੱਕਰ ਵਿਚ ਨਾ ਫਸੇ। ਮੈਂ ਤੁਹਾਨੂੰ ਆਦਰਸ਼ਕ ਵਿਅਕਤੀਤ੍ਵ ਦਾ ਆਦਰਸ਼ ਦਸਦਾ ਹਾਂ; ਮਨ ਨੂੰ ਸ਼ਾਂਤ, ਸਥਿਰ ਰਖਣਾ, ਮਹਾਂਵਾਕਯ ਦੇ ਅਨੁਸਾਰ ਰਹਿਣਾ, ਸਿਮਰਨ ਕਰਨਾ, ਸਮਾਧੀ ਸਥਿਤ ਰਹਿ ਕੇ ਉਸ ਦਾ ਪ੍ਰਭਾਵ ਟਿਕਾ ਕੇ ਰਖਣਾ, ਮਹਾਂਵਾਕਯ ਦਾ ਅਰਥ ਸਮਝਣਾ, ਮੰਤਰ ਦਾ ਅਰਥ ਸਮਝਣਾ ਤੇ ਯਾਦ ਰਖਣਾ ਇਹ ਸਭ ਕੁਝ ਅੰਤਰ ਵਾਰਤਾਲਾਪ ਦਾ ਹੀ ਹਿੱਸਾ ਹੈ। ਜਦੋਂ ਵੀ ਤੁਸੀਂ ਅੰਤਰ ਵਾਰਤਾਲਾਪ ਕਰ ਰਹੇ ਹੋ, ਅਰਥ ਸਮਝ ਕੇ ਉਸ ਦੀ ਡੂੰਘਾਈ ਤਕ ਜਾਣ ਦੀ ਕੋਸ਼ਿਸ਼ ਕਰੋ। ਅੰਤਰ ਸ਼ਬਦ ਨੂੰ ਸਮਝਣਾ ਤੇ ਸਮਝਾਉਣਾ ਬਹੁਤ ਔਖਾ ਹੈ। ਸਾਡੇ ਆਪੇ ਦੀਆਂ ਕਿੰਨੀਆਂ ਤੈਹਾਂ ਹਨ ਹਰ ਤਹਿ ਦੇ ਥੱਲੇ ਇਕ ਹੋਰ ਤਹਿ ਹੈ, ਹਰ ਇਕ ਦਾ ਅੰਤਰ ਇਕ ਹੋਰ ਹੈ ਹਰ ਇਕ ਦਾ ਬਾਹਰ ਕੋਈ ਹੋਰ ਹੈ, ਇਕ ਅੰਦਰ ਜਦੋਂ ਤੁਸੀਂ ਜਾਂਦੇ ਹੋ ਤੁਸੀਂ ਅਚੇਤ ਦੇ ਹਨ੍ਹੇਰੇ ਵਿਚ ਜਾ ਰਹੇ ਹੋਂ, ਉਸ ਦੇ ਦੁਖ ਵਿਚ ਤੁਸੀਂ ਜਾ ਰਹੇ ਹੋ, ਦੂਸਰੇ ਪਾਸੇ ਤੁਸੀਂ ਪਰਾ ਚੇਤਨਤਾ ਦੀ ਵ੍ਰਿਧੀ ਵੀ ਕਰ ਰਹੇ ਹੋ ਸਕਦੇ ਹੋ; ਜਦੋਂ ਇਹ ਸਭ ਕੁਝ ਅੰਦਰ ਹੋ ਰਿਹਾ ਹੁੰਦਾ ਹੈ ਤੁਸੀਂ ਕਿਥੇ ਪਹੁੰਚ ਰਹੇ ਹੋ, ਕੀ ਤੁਸੀਂ ਜਾਣਦੇ ਹੋ? ਕੀ ਤੁਸੀਂ ਆਪਣੇ ਅੰਤਰ ਦਾ ਨਕਸ਼ਾ ਬਣਾਇਆ ਹੈ? ਕੀ ਤੁਸੀਂ ਇਸ ਦੇ ਅਨੁਸਾਰ ਚਲ ਰਹੇ ਹੋ? ਕੀ ਤੁਸੀਂ ਦਸ ਸਕਦੇ ਹੋ ਕਿ ਤੁਸੀਂ ਮਨ ਦੇ ਕਿਥੇ ਕਰਕੇ ਪਹੁੰਚ ਰਹੇ ਹੋ? ਕੀ ਉਥੇ ਕੋਈ ਨਿਸ਼ਾਨੀ ਵੀ ਲੱਗੀ ਹੋਈ ਹੈ ਜਿਵੇਂ ਸੜਕਾਂ ਤੇ ਲਿਖ ਕੇ ਲਗਾਇਆ ਗਿਆ ਹੈ, ਇਹ ਸੜਕ ਦਿੱਲੀ ਜਾਂਦੀ ਹੈ ਇਹ ਕਲਕੱਤੇ ਜਾਂਦੀ ਹੈ, ਸੋ ਆਪਣੇ ਦੁਖ ਕਲੇਸ਼ਾਂ ਤੇ ਧਿਆਨ ਨਾ ਦੇਓ, ਧਿਆਨ ਦੇਓ ਆਪਣੇ ਅਚੰਚਲਤਾ ਤੇ ਆਪਣੀ ਸ਼ਾਂਤੀ ਤੇ। ਮਨ ਨੂੰ ਸ਼ਾਂਤ ਰੱਖੋ, ਧਿਆਨ ਲਗਾਓ, ਸਿਮਰਨ ਕਰੋ, ਸਮਾਧੀ ਲਗਾਓ, ਸ੍ਵਾਸ ਠੀਕ ਲਓ, ਜਪ ਕਰੋ। ਬਿਲਕੁਲ ਉਸ ਤਰ੍ਹਾਂ ਹੀ ਕਰੋ ਜਿਵੇਂ ਕਿ ਇਕ ਅਧਿਆਪਕ ਤੁਹਾਨੂੰ ਦਸਣ ਤੋਂ ਪਹਿਲਾਂ ਸਭ ਕੁਝ ਠੀਕ ਤਰ੍ਹਾਂ ਸ਼ੁਰੂ ਕਰਕੇ ਦਸਦਾ ਹੈ ਸਿਮਰਨ ਧਿਆਨ ਕਰੋ ਤਾਂ ਜੋ ਉਸ ਦਾ ਪ੍ਰਭਾਵ ਤੁਸੀਂ ਸਾਰਾ ਦਿਨ ਰਖ ਸਕੋ, ਸਾਰਾ ਦਿਨ ਸੰਭਾਲ ਸਕੋ। ਜਦੋਂ ਤੁਸੀਂ ਅੰਤਰ ਵਾਰਤਾਲਾਪ ਕਰਦੇ ਹੋ, ਤੁਹਾਡਾ ਅੰਦਰ ਬਿਲਕੁਲ ਸਥਿਰ ਸ਼ਾਂਤ ਹੋਣਾ ਚਾਹੀਦਾ ਹੈ ਤਾਂ ਜੋ ਤੁਹਾਡਾ ਵਾਰਤਾਲਾਪ ਠੀਕ ਢੰਗ ਨਾਲ ਹੋ ਸਕੇ, ਤਾਂ ਜੋ ਤੁਹਾਡੇ ਅੰਤਰ ਵਾਰਤਾਲਾਪ ਦਾ ਤੁਹਾਨੂੰ ਲਾਹਾ ਮਿਲ ਸਕੇ, ਤੁਹਾਡੇ ਦੁਖ ਕਲੇਸ਼ ਘਟ ਸਕਣ, ਸ਼ਾਂਤੀ ਤੁਹਾਡੇ ਅੰਦਰੋਂ ਉਠੇ, ਸਥਿਰਤਾ ਤੁਹਾਡੇ ਅੰਦਰੋਂ ਉਠੇ, ਅੰਦਰੋਂ ਪੈਦਾ ਹੋਵੇ ਤੇ ਤੁਹਾਡਾ ਮਨ ਉਸ ਸਥਿਰਤਾ ਨਾਲ ਸ਼ਾਂਤੀ ਨਾਲ ਭਰ ਜਾਵੇ। ਫੇਰ ਤੁਸੀਂ ਉਸ ਹੀ ਜੀਵਨ ਨੂੰ ਵੱਖ-ਵੱਖ ਰੰਗਾਂ ਵਿਚ ਦੇਖ ਸਕੋ, ਸੋ ਆਪਣੇ ਆਪ ਨੂੰ ਪੂਰਨ ਸ਼ਾਂਤ ਕਰੋ, ਸਥਿਰ ਕਰੋ, ਸ਼ੁਧ ਕਰੋ ਇਸ ਸਾਤਵਿਕ ਚਾਨਣ ਨਾਲ ਤੁਸੀਂ ਆਪਣੇ ਦੁਖ ਕਲੇਸ਼ ਧੋ ਦਿਓ। ਕੋਈ ਲੋੜ ਨਹੀਂ, ਦੁਖ ਕਲੇਸ਼ ਦੀਆਂ ਯਾਦਾਂ ਨੂੰ ਯਾਦ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਨ ਕਰਕੇ ਦੁਖੀ ਹੋਣ ਦੀ, ਇਨ੍ਹਾਂ ਥਾਵਾਂ ਨੂੰ ਸ਼ਾਂਤੀ ਨਾਲ ਭਰੋ, ਨਿਸਚਲਤਾ ਨਾਲ ਭਰੋ, ਦੇਖੋ ਇਹ ਜੋ ਮੈਂ ਭਰਿਆ ਹੈ ਇਹ ਮੇਰੇ ਆਦਰਸ਼ਾਂ ਦੇ ਅਨਕੂਲ ਹੈ ਕੀ ਇਹ ਅਹਿੰਸਕ ਹੈ? ਕੀ ਇਹ ਹਉਮੈ ਰਹਿਤ ਹੈ? ਇਸ ਵਿਚ ਕੀ ਮੇਰੀ ਅਸਥਿਰਤਾ ਦਰਸਾਉਂਦਾ ਹੈ। ਕੀ ਮੇਰੇ ਗੁਣ ਦਸਦਾ ਹੈ? ਬੁੱਧ ਨੇ ਅਸ਼ਟ ਮਾਰਗ ਦਿਤਾ ਮੈਂ ਉਸ ਨੂੰ ਦੂਸਰੇ ਜਾਂ ਤੀਸਰੇ ਸੂਤਰ ਵਿਚ ਦਿਤਾ ਹੈ - ਧਰਮ, ਗਿਆਨ, ਬੈਰਾਗ, ਈਸ਼ਵਰੀਆ, ਅਧਰਮ, ਅਗਿਆਨ, ਅਵਿਰਾਗ, ਅਨਈਸ਼ਵਰ, ਗੁਣ, ਗਿਆਨ ਬੈਰਾਗ। ਅਨਈਸ਼ਵਰਯ (ਆਜ਼ਾਦੀ ਖੁਦ ਮੁਖਤਿਆਰੀ) ਤੇ ਇਨ੍ਹਾਂ ਦੇ ਵਿਪਰੀਤ ਵੀ। ਅਸੀਂ ਨਹੀਂ ਜਾਣਦੇ ਸਾਡੀ ਬੁੱਧੀ ਤੇ ਕਿੰਨੀ ਰਾਜਸਿਕ, ਤਾਮਸਿਕ, ਸਾਤਵਿਕ ਪਰਤਾਂ ਚੜ੍ਹੀਆਂ ਪਈਆਂ ਹਨ, ਜਦੋਂ ਤਕ ਇਹ ਪਰਤਾਂ ਨਹੀਂ ਉਤਰਦੀਆਂ, ਧਰਮ, ਗਿਆਨ, ਬੈਰਾਗ, ਇਸ਼ਵਰਯ ਤਕ ਅਸੀਂ ਨਹੀਂ ਪਹੁੰਚ ਸਕਦੇ। ਇਹ ਸਾਰੀਆਂ ਤਾਂ ਨਿਰੋਲ ਬੁੱਧੀ ਵਿਚ ਵਸਦੀਆਂ ਹਨ, ਉਥੋਂ ਹੀ ਬੁੱਧੀ ਦਾ ਉਥਾਨ ਹੋ ਸਕਦਾ ਹੈ, ਉਥੋਂ ਤੁਹਾਡੇ ਆਦਰਸ਼ ਦਾ ਉਥਾਨ ਹੋ ਸਕਦਾ ਹੈ, ਫੇਰ ਤੁਸੀਂ ਕਹਿ ਸਕਦੇ ਹੋ ਕਿ ਇਹ ਵਿਚਾਰ ਮੇਰੀ ਹਉਮੈ ਸੀ। ਬਾਕੀ ਦਾ 45% ਨੂੰ ਕਿਵੇਂ ਮੈਂ ਆਪਣੇ ਆਦਰਸ਼ ਵਿਚ ਬਦਲਾਂ, ਇਹ ਨਿਸ਼ਾਨਾ ਬਣਾ ਕੇ ਚਲਣਾ ਚਾਹੀਦਾ ਹੈ ਕਿ ਆਦਰਸ਼ ਤਕ ਪੁਜਣਾ ਹੈ, ਸਥਿਰਤਾ ਸ਼ਾਂਤੀ ਨੂੰ ਬਣਾ ਕੇ ਰੱਖਿਆ ਜਾਵੇ। ਮੰਤਰ ਦੇ ਜਾਪ ਨਾਲ ਆਪੇ ਦੇ ਵੱਖ-ਵੱਖ ਭਾਗਾਂ ਤੇ ਭਾਵ ਸ਼ੁਰੂ ਮਧ ਤੇ ਅੰਤ ਤਕ, ਭਾਵ ਮੰਤਰ ਜਾਪ ਹੋਵੇ, ਸਾਧਨਾ ਹੋਵੇ, ਸਮਾਧੀ ਹੋਵੇ ਮੰਤਰ ਦੇ ਅਰਥ ਤੇ ਉਨ੍ਹਾਂ ਦਾ ਉਪਯੋਗ ਨਿਰੰਤਰ ਕੀਤਾ ਜਾਵੇ। ਪਿਛਲੀ ਵਾਰੀ ਮੈਂ ਤੁਹਾਨੂੰ ਵਾਸਦੇਵ ਸ਼ਬਦ ਦੀ ਉਦਾਹਰਣ ਦਿਤੀ ਸੀ ਉਸ ਨੂੰ ਦੁਬਾਰਾ ਸੁਣੋ, ਸਮਝੋ, ਉਹ ਹੈ ਵੇਦਾਂਤ ਦਾ ਮਹਾਂਵਾਕਯ ਮੈਂ ਉਹ ਹੀ ਹਾਂ, ਮੈਂ ਹੀ ਬ੍ਰਹਮ ਹਾਂ, ਇਨ੍ਹਾਂ ਨੂੰ ਇਕੱਠਾ ਕਰੋ। ਇਨ੍ਹਾਂ ਨੂੰ ਗੁੰਦ ਕੇ ਅੰਤਰ ਵਾਰਤਾਲਾਪ ਕਰੋ, ਜੇ ਕੇਵਲ ਤੁਸੀਂ ਮਨੁੱਖੀ ਹਾਲਾਤ ਦੇ ਵਿਸ਼ਲੇਸ਼ਨ ਤੇ ਹੀ ਜਾ ਰਹੇ ਹੋ ਤਾਂ ਤੁਸੀਂ ਆਪਣੇ ਆਦਰਸ਼ ਤੋਂ ਬਹੁਤ ਹੇਠਾਂ ਹੋ। ਕੀ ਇਹ ਵਿਚਾਰ; "ਮੈਂ ਸ਼ਾਂਤੀ ਨੂੰ ਆਪਣੇ ਅੰਦਰ ਸਥਾਈ ਬਣਾਉਣਾ ਹੈ," ਸਮੁੱਚੀ ਸ਼ਾਂਤੀ ਨੂੰ ਹਰ ਵਕਤ ਦੀ ਸ਼ਾਂਤੀ ਵਿਚ ਲਿਆਉਣਾ ਹੈ, ਆਪਾ ਨਰੀਖਣ ਇਨ੍ਹਾਂ ਨੂੰ ਸਥਾਈ ਬਣਾਈ ਰਖਣਾ, ਕੀ ਇਹ ਮੈਨੂੰ ਮੇਰੇ ਮਹਾਂਵਾਕਯ 'ਮੈਂ ਹੀ ਬ੍ਰਹਮ ਹਾਂ, ਮੈਂ ਹੀ ਉਹ ਹਾਂ' ਉਸ ਦੇ ਨੇੜੇ ਪਹੁੰਚਾ ਰਿਹਾ ਹੈ। ਕੀ ਮੈਂ ਜੋ ਕਰਮ ਕਰ ਰਿਹਾ ਹਾਂ, ਉਹ ਮੈਨੂੰ ਮੇਰੇ ਪਿਆਰੇ ਦੇ ਨੇੜੇ ਲੈ ਜਾ ਰਿਹਾ ਹੈ? ਕੀ ਮੇਰੀਆਂ ਭਾਵਨਾਵਾਂ, ਮੇਰੇ ਜਜ਼ਬੇ

(ਬਾਕੀ ਪੰਨਾ 64 ਤੇ)

# ਅਮਰ ਜੋਤੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਸੰਸਾਰ ਵਿਚ ਜਦੋਂ ਧਰਮ ਦੀ ਹਾਨੀ ਹੋਣੀ ਸ਼ੁਰੂ ਹੋ ਜਾਂਦੀ ਹੈ, ਇਨਸਾਨੀ ਕੀਮਤਾਂ ਕਦਰਾਂ ਦੇ ਵਿਪਰੀਤ ਧੱਕੇ, ਜ਼ੋਰ, ਮਜ਼ਹਬੀ ਈਰਖਾ, ਰਾਜਸੀ ਅਨਿਆਂ, ਸਮਾਜਿਕ ਨਫਰਤ, ਅਭਿਮਾਨ, ਮਾਇਕ ਸ਼ਕਤੀ ਵਿਚ ਬੇਹੋਸ਼ੀ, ਸਮਾਜ ਵਿਚ, ਰਾਜਸੀ ਵਾਤਾਵਰਣ ਵਿਚ, ਪ੍ਰਵੇਸ਼ ਕਰ ਜਾਂਦੀ ਹੈ ਉਸ ਵੇਲੇ ਰਾਜਾ ਕਸਾਈ ਬਣ ਜਾਂਦਾ ਹੈ, ਉਸ ਦੇ ਰਾਜ ਵਿਚ ਧਰਮ ਨਹੀਂ ਰਿਹਾ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*
*ਪੰਨਾ - 145*

ਜਿਉਂ-ਜਿਉਂ ਜ਼ੁਲਮ ਦਾ ਵਾਧਾ ਹੁੰਦਾ ਹੈ ਅਗਿਆਨ ਦਾ ਕਾਲਾ ਬੋਲਾ ਹਨ੍ਹੇਰਾ ਛਾ ਜਾਂਦਾ ਹੈ, ਆਦਮੀ ਦੀ ਸੁਰਤ ਪਸ਼ੂਆਂ ਦੀ ਪੱਧਰ ਤੇ ਨੀਵੀਂ ਗਿਰ ਜਾਂਦੀ ਹੈ, ਉਸ ਵੇਲੇ ਸਤਿ ਅਸਤਿ, ਧਰਮ-ਅਧਰਮ, ਨਿਆ-ਅਨਿਆਂ ਦੀ ਸੂਝ ਆਦਮੀ ਦੇ ਅੰਦਰੋਂ ਅਗਿਆਨ ਦੇ ਅੰਧਕਾਰ ਵਿਚ ਗੁਆਚ ਜਾਂਦੀ ਹੈ। ਉਸ ਦੀ ਪੀੜਾ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਤਕ ਪਹੁੰਚਦੀ ਹੈ, ਉਸ ਵੇਲੇ ਉਹ ਆਪਣੀ ਪਰਮ ਹੋਂਦ ਵਿਚੋਂ ਆਪਣਾ ਹੀ ਰੂਪ ਪ੍ਰਗਟ ਕਰਕੇ ਖੰਡਾਂ ਬ੍ਰਹਿਮੰਡਾਂ ਵਿਚ ਭੇਜਦਾ ਰਹਿੰਦਾ ਹੈ, ਜਿਸ ਨੇ ਸਰੀਰ ਧਾਰੀ ਹੋ ਕੇ ਇਸ ਅਗਿਆਨ ਅਤੇ ਜ਼ੁਲਮ ਦਾ ਨਾਸ਼ ਕਰਨਾ ਹੁੰਦਾ ਹੈ। ਜੇ ਬਿਮਾਰੀ ਵਧ ਜਾਵੇ ਅਤੇ ਸਮਾਜ ਦੇ ਸਰੀਰ ਵਿਚ ਫੈਲਣੀ ਸ਼ੁਰੂ ਹੋ ਜਾਵੇ ਉਸ ਵੇਲੇ ਲਾਇਕ ਡਾਕਟਰ ਜ਼ਰੂਰੀ ਸਮਝਦਾ ਹੈ ਕਿ ਸਰੀਰ ਵਿਚੋਂ ਉਹ ਹਿੱਸੇ ਕਟ ਦਿਤੇ ਜਾਣ ਜੋ ਬਿਮਾਰੀ ਦਾ ਅਸਰ ਲੈ ਚੁੱਕੇ ਹਨ, ਕੈਂਸਰ ਹੋਣ ਤੇ ਅੰਗ ਕੱਟ ਦਿਤੇ ਜਾਂਦੇ ਹਨ। ਇਸੇ ਤਰ੍ਹਾਂ ਨਾਲ ਜਦੋਂ ਸਮਾਜ ਵਿਚ ਵਰਤ ਰਹੇ ਪ੍ਰਕਾਸ਼ ਵਿਚ ਅੰਧਕਾਰ ਛਾ ਜਾਂਦਾ ਹੈ, ਉਸ ਵੇਲੇ ਗੁਰੂ, ਪੀਰ ਅਵਤਾਰ, ਪੈਗੰਬਰ, ਮਹਾਂਪੁਰਸ਼ ਪ੍ਰਭੂ ਦੇ ਪਰੇਰੇ ਹੋਏ ਹੁਕਮ ਵਿਚ ਵਰਤਦੇ ਸਮਾਜ ਤੇ ਰਾਜਸੀ ਸ਼ਕਤੀਆਂ ਨੂੰ ਸੇਧ ਦੇਣ ਲਈ ਬਹੁਤ ਸਾਰੇ ਤਰੀਕੇ ਅਪਨਾਉਂਦੇ ਹਨ। ਕਿਤੇ ਆਪਣੀਆਂ ਮਾਨਸਿਕ ਸ਼ਕਤੀਆਂ ਵਰਤ ਕੇ ਹੋਸ਼ ਵਿਚ ਲਿਆਉਣੇ ਪੈਂਦੇ ਹਨ, ਕਿਤੇ ਸ਼ਸ਼ਤਰਾਂ ਦਾ ਪ੍ਰਹਾਰ ਕਰਕੇ ਲਾ-ਇਲਾਜ਼ ਅੰਧਕਾਰ ਦੇ ਘੇਰੇ ਹੋਏ ਮਨਮੁਖ ਵਜੂਦਾਂ ਨੂੰ ਖਤਮ ਕਰਨਾ ਪੈਂਦਾ ਹੈ, ਕਿਤੇ ਪਿਆਰ ਪ੍ਰੇਮ ਦੇ ਉਪਦੇਸ਼ ਦੇ ਕੇ ਉਨ੍ਹਾਂ ਦੇ ਅੰਦਰੋਂ ਅੰਧਕਾਰ ਦਾ ਨਾਸ਼ ਗੁਰੂ ਪੀਰ ਹੋ ਕੇ ਕਰਿਆ ਜਾਂਦਾ ਹੈ। ਇਸ ਤਰ੍ਹਾਂ ਜਿਹੋ ਜਿਹੀ ਲੋੜ ਹੁੰਦੀ ਹੈ ਪ੍ਰਭੂ ਉਹੋ ਜਿਹੀ ਹੀ ਹਸਤੀ ਗੁਰੂ ਰੂਪ ਵਿਚ, ਅਵਤਾਰ ਰੂਪ ਵਿਚ, ਪੈਗੰਬਰ ਰੂਪ ਵਿਚ ਸੰਸਾਰ ਉਤੇ ਭੇਜਦੇ ਰਹਿੰਦੇ ਹਨ।

ਗੁਰੂ ਦਸ਼ਮੇਸ਼ ਪਿਤਾ ਜੀ (ਗੁਰੂ ਗੋਬਿੰਦ ਸਿੰਘ ਜੀ) ਨੇ ਆਪਣੇ ਸੰਸਾਰ ਤੇ ਪ੍ਰਗਟ ਹੋਣ ਦੇ ਬਾਰੇ ਦਸਦਿਆਂ ਫੁਰਮਾਨ ਕੀਤਾ ਕਿ ਪ੍ਰਭੂ ਨੇ ਉਨ੍ਹਾਂ ਨੂੰ ਖਾਸ ਮਿਸ਼ਨ ਦਿਤਾ ਅਤੇ ਹੁਕਮ ਕੀਤਾ ਕਿ ਜਿਸ ਧਰਮ ਦਾ ਰਸਤਾ ਨਿਰੋਲ, ਖਾਲਸ, ਭੇਖਾਂ ਭਰਮਾਂ ਤੋਂ ਅਛੋਹ, ਨਫਰਤ, ਈਰਖਾ, ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਤੋਂ ਪਵਿੱਤਰ, ਨਿਆਰਾ, ਨਰੋਆ ਹੈ, ਉਸ ਸਮਾਜ ਦੀ ਸਿਰਜਣਾ ਲਈ ਭੇਜਿਆ ਹੈ। ਗੁਰੂ ਮਹਾਰਾਜ ਜੀ ਅਸਾਨੂੰ ਸੂਝ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਦੇ ਹੁਕਮ ਮੁਤਾਬਿਕ ਇਹ ਫੁਰਮਾਨ ਹੋਇਆ ਕਿ ਮੈਂ ਆਪ ਨੂੰ ਆਪਣੇ ਪੁੱਤਰ ਦਾ ਦਰਜਾ ਦੇ ਕੇ ਖਾਸ ਮਿਸ਼ਨ ਦੀ ਪੂਰਤੀ ਲਈ ਭੇਜ ਰਿਹਾ ਹਾਂ। ਭਾਰਤ ਵਰਸ਼ ਵਿਚ ਸੱਤ-ਅਠ ਸੌ ਸਾਲ ਤੋਂ ਅਨਿਆਂ ਅਤੇ ਜ਼ੁਲਮ ਦੀ ਪੀੜਾ ਵਧਦੀ ਹੀ ਜਾ ਰਹੀ ਹੈ, ਜਾਬਰ ਸ਼ਾਸਕ ਵਿਦੇਸ਼ਾਂ ਤੋਂ ਚੜ੍ਹ-ਚੜ੍ਹ ਕੇ ਭਾਰਤ ਦੇ ਨਰ, ਨਾਰੀਆਂ ਨੂੰ ਪੈਰਾਂ ਥੱਲੇ ਰੋਲ ਰਹੇ ਹਨ, ਨਾ ਭਾਰਤੀ ਨਾਰੀ ਦਾ ਕੋਈ ਸਤਿਕਾਰ ਹੈ ਅਤੇ ਨਾ ਹੀ ਕੋਈ ਭਾਰਤੀ ਬੰਦੇ ਨੂੰ ਸਾਹ ਲੈਣ ਜੋਗਾ ਥਾਂ ਮਿਲਦਾ ਹੈ। ਉਨ੍ਹਾਂ ਦੇ ਪੂਜਾ ਅਸਥਾਨ ਗਿਰਾ ਕੇ ਲੱਖਾਂ ਦਿਲਾਂ ਨੂੰ ਤੋੜ ਦਿਤਾ ਜਾਂਦਾ ਹੈ। ਇਹ ਸਭ ਮਜ਼ਹਬ ਦੇ ਨਾਮ ਤੇ ਕੀਤਾ ਜਾਂਦਾ ਹੈ, ਮਜ਼ਹਬ ਦੇ ਨਾਮ ਤੇ ਪਾਪ ਨੂੰ ਪੁੰਨ ਬਣਾਇਆ ਜਾਂਦਾ ਹੈ, ਇਸ ਘੋਰ ਅੰਧਕਾਰ ਵਿਚ ਫਸੇ ਹੋਏ ਜੀਵ ਸਾਹ ਸਤਿ ਗਵਾ ਚੁਕੇ ਹਨ, ਕੋਈ ਸਾਹਸ ਉਨ੍ਹਾਂ ਵਿਚ ਨਹੀਂ ਰਿਹਾ, ਡਰ ਦੇ ਵਾਤਾਵਰਣ ਵਿਚ ਐਨੇ ਨੀਵੇਂ ਹੋ ਗਏ ਹਨ ਕਿ ਉਹ ਆਪਣੇ ਗੌਰਵ ਨੂੰ ਭੁੱਲ ਚੁਕੇ ਹਨ। ਪ੍ਰਭੂ ਨੇ ਕਿਹਾ ਕਿ ਮੈਂ ਤੁਹਾਨੂੰ ਸੰਸਾਰ ਵਿਚ ਭੇਜ ਰਿਹਾ ਹਾਂ ਤਾਂ ਕਿ ਤੁਸੀਂ ਸਤਿ ਦਾ ਮਾਰਗ ਪ੍ਰਚਲਤ ਕਰੋ ਅਤੇ ਧਰਮ ਦੇ ਨਾਮ ਵਿਚ ਰਲੀ ਹੋਈ ਅੰਧਕਾਰਮਈ ਸੋਚ ਨੂੰ ਦੂਰ ਕਰੋ। ਜ਼ੁਲਮ ਨੇ ਇਹ ਵੀ ਪਛਾਣ ਹਟਾ ਦਿਤੀ ਹੈ ਕਿ ਬੁਧ ਕੀ ਹੈ, ਕੁਬੁਧ ਕੀ ਹੈ। ਕੁਬੁੱਧ ਨੂੰ ਅਪਨਾਅ ਕੇ ਇਨਸਾਨ ਦੁਖੀ ਹੋ ਰਿਹਾ ਹੈ। ਗੁਰੂ ਮਹਾਰਾਜ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੈਂ ਧਿਆਨ ਲਾ ਕੇ ਦੇਖਿਆ ਹੈ ਕਿ ਸਾਰੀ ਸ੍ਰਿਸ਼ਟੀ ਜਲ ਰਹੀ

ਹੈ, ਅੰਧਕਾਰ ਛਾ ਚੁਕਿਆ ਹੈ ਅਤੇ ਇਹ ਧਰਮ ਦਾ ਮਾਰਗ, ਜਿਸ ਨੂੰ ਆਤਮ ਮਾਰਗ ਕਿਹਾ ਜਾਂਦਾ ਹੈ, ਇਹ ਤਾਂ ਹੀ ਚਲ ਸਕਦਾ ਹੈ ਜੇਕਰ ਆਪ ਸ਼ਕਤੀ ਦੇਣ ਵਾਲਾ ਸਹਾਇਕ ਪਵਿੱਤਰ ਹੱਥ ਮੇਰੀ ਪਿੱਠ ਤੇ ਰੱਖੋ। ਉਨ੍ਹਾਂ ਦੇ ਜ਼ੁਬਾਨੀ ਇਸ ਤਰ੍ਹਾਂ ਹੈ –

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***
***ਅਕਾਲ ਪੁਰਖ ਬਾਚ। ਚੌਪਈ***

***ਕਬਿ ਬਾਚ॥ ਦੋਹਰਾ॥***
***ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ।***
***ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ।***

ਗੁਰੂ ਮਹਾਰਾਜ ਜੀ ਆਪਣਾ ਮੰਤਵ ਸੰਸਾਰ ਨੂੰ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਮੈਨੂੰ ਇਸੇ ਕਾਰਨ ਸੰਸਾਰ ਵਿਚ ਭੇਜਿਆ ਗਿਆ ਹੈ, ਮੇਰਾ ਕਿਸੇ ਨਾਲ ਵੈਰ ਨਹੀਂ, ਸਾਰਿਆਂ ਨਾਲ ਮੇਰਾ ਪਿਆਰ ਹੈ, ਮੈਨੂੰ ਇਹ ਨਾ ਸਮਝਿਓ ਕਿ ਮੈਂ ਰੱਬ ਬਣ ਕੇ ਸੰਸਾਰ ਵਿਚ ਆਇਆ ਹਾਂ, ਉਹ ਪਾਰਬ੍ਰਹਮ ਪ੍ਰਮੇਸ਼ਰ ਅਗੰਮ ਅਗੋਚਰ ਹੈ, ਇਕਾਈ ਰੂਪ ਵਿਚ ਮੈਂ ਉਸ ਦਾ ਦਾਸ ਹਾਂ, ਇਸ ਕਰਕੇ ਇਹ ਗਲਤੀ ਨਾ ਕਰ ਲਿਓ ਕਿ ਤੁਸੀਂ ਮੈਨੂੰ ਹੀ ਪ੍ਰਮੇਸ਼ਰ ਸਮਝ ਲਓ ਕਿਉਂਕਿ ਪ੍ਰਮੇਸ਼ਰ ਅਗੰਮ ਹੈ, ਅਗੋਚਰ ਹੈ, ਨਿਰਾਲਾ ਹੈ, ਉਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਹ ਸਾਰੇ ਪਰੀਪੂਰਨ ਹੈ ਅਤੇ ਸਾਰਿਆਂ ਦੇ ਅੰਦਰ ਘਟ ਘਟ ਵਿਚ ਵਾਸਾ ਰਖਦਾ ਹੈ, ਉਹ ਅਖੰਡ ਜੋਤ ਹੈ। ਮੈਂ ਉਸ ਦਾ ਦਾਸ ਹਾਂ। ਇਸ ਗੱਲ ਵਿਚ ਕੋਈ ਵੀ ਸੰਸਾ ਮਨ ਵਿਚ ਨਹੀਂ ਲਿਆਉਣਾ। ਇਉਂ ਸਮਝ ਲਓ ਕਿ ਮੈਂ ਉਸ ਪਰਮ ਪੁਰਖ ਦਾ ਦਾਸ ਸੰਸਾਰ ਤੇ ਉਸਦਾ ਹੁਕਮ ਵਜਾਉਣ ਲਈ ਦੇਹਧਾਰੀ ਹੋਇਆ ਹਾਂ। ਮੈਂ ਜਗਤ ਦਾ ਤਮਾਸ਼ਾ ਦੇਖਣਾ ਹੈ ਅਤੇ ਸਤਿ ਦੀ ਵਿਜੈ ਅਤੇ ਅਸਤਿ ਦੀ ਹਾਰ ਮੇਰਾ ਕਾਰਜ ਹੈ। ਆਪ ਨੇ ਫੁਰਮਾਨ ਕੀਤਾ ਹੈ –

***ਚੌਪਈ। ਇਹ ਕਾਰਨਿ ਪ੍ਰਭ ਮੋਹਿ ਪਠਾਯੋ।***
***ਤਬ ਮੈ ਜਗਤ ਜਨਮ ਧਰਿ ਆਯੋ।***
***ਜਿਮ ਤਿਨ ਕਹੀ ਤਿਨੈ ਤਿਮ ਕਹਿ ਹੌਂ।***
***ਅਉਰ ਕਿਸੂ ਤੇ ਬੈਰ ਨ ਗਹਿ ਹੌਂ।੩੧।***
***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***
***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।੩੧।***
***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।੩੨।***
***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।***
***ਮ੍ਰਿਤ ਲੋਕ ਤੇ ਮੋਨ ਨ ਰਹਿ ਹੌਂ।੩੩।***

ਇਸ ਕਰਕੇ ਇਸ ਜਗਤ ਵਿਚ ਇਹ ਕੰਮ ਕਰਨ ਵਾਸਤੇ ਮੈਂ ਸਰੀਰ ਧਾਰਿਆ ਹੈ, ਦੋਵੇਂ ਤਰ੍ਹਾਂ ਨਾਲ ਮੇਰਾ ਕਾਰਜ ਚੱਲੇਗਾ। ਪਿਆਰ ਅਤੇ ਪ੍ਰੇਮ ਨਾਲ ਬੈਰਾਗ, ਭਗਤੀ ਅਤੇ ਗਿਆਨ ਦੇ ਉਪਦੇਸ਼ ਦੇ ਕੇ ਆਦਮੀ ਦੇ ਅੰਦਰੋਂ ਹਨ੍ਹੇਰਾ ਖਤਮ ਕਰਾਂਗਾ ਅਤੇ ਉਸ ਨੂੰ ਸੋਝੀ ਪ੍ਰਦਾਨ ਕੀਤੀ ਜਾਵੇਗੀ ਕਿ ਤੂੰ ਸਰੀਰ ਨਹੀਂ ਹੈਂ, ਤੂੰ ਪ੍ਰਾਣ ਨਹੀਂ ਹੈਂ, ਮਨ ਨਹੀਂ ਹੈਂ, ਬੁੱਧੀ ਨਹੀਂ ਹੈਂ, ਚਿੱਤ ਨਹੀਂ ਹੈਂ ਅਤੇ ਨਾ ਹੀ ਤੂੰ ਜੀਵ ਹੈਂ, ਤੂੰ ਵਾਹਿਗੁਰੂ ਦੀ ਅੰਸ ਹੈਂ, ਉਸ ਇਕੋ ਆਤਮਾ ਦੀ ਅਖੰਡ ਜੋਤ ਹੈਂ, ਉਸ ਨੂੰ ਆਪਣੇ ਆਪ ਦੀ ਪਛਾਣ ਦੱਸੀ ਜਾਵੇਗੀ। ਜਿਸ ਸਰੀਰ ਵਿਚ ਅਗਿਆਨ ਅਤੇ ਬੁਰਿਆਈਆਂ ਦਾ ਅਸਾਧ ਰੋਗ ਜਿਸ ਦਾ ਕੋਈ ਵੀ ਇਲਾਜ ਨਾ ਹੁੰਦਾ ਹੋਵੇ ਅਤੇ ਸਰੀਰ ਮਹਾਂ ਅੰਧਕਾਰ ਵਿਚ ਗ੍ਰਹਸਤ ਹੋ ਚੁਕਿਆ ਹੋਵੇ। ਉਸ ਨੂੰ ਸੰਸਾਰ ਮੰਚ ਵਿਚੋਂ ਯੁੱਧ ਕਰਕੇ ਨਵਾਂ ਸਰੀਰ ਧਾਰਨ ਕਰਨ ਲਈ ਤੋਰਿਆ ਜਾਵੇਗਾ। ਸੋ ਮੈਨੂੰ ਇਹ ਨਾ ਸਮਝਿਓ ਕਿ ਮੈਂ ਕਿਸੇ ਦੇ ਪਹਿਲੇ ਧਰਮ ਤੋਂ ਪ੍ਰੇਰਿਤ ਹੋ ਕੇ ਕੁਛ ਕਰਾਂਗਾ, ਮੈਂ ਪ੍ਰਭੂ ਵਲੋਂ ਦਿਤਾ ਹੋਇਆ ਕਾਰਜ ਸਭ ਸੰਪਰਦਾਵਾਂ ਮਜ਼ਹਬਾਂ ਤੋਂ ਉਚਾ ਹੋ ਕੇ ਨਿਰਪੱਖਤਾ ਨਾਲ ਨੇਪਰੇ ਚਾੜ੍ਹਾਂਗਾ। ਆਪਣੇ ਬਾਰੇ ਦਸਦੇ ਹੋਏ ਫੁਰਮਾਨ ਕਰਦੇ ਹਨ –

***ਕਹਿਓ ਪ੍ਰਭੂ ਸੁ ਭਾਖਿ ਹੌਂ। ਕਿਸੂ ਨ ਕਾਨ ਰਾਖਿ ਹੌਂ।***
***ਕਿਸੂ ਨ ਭੇਖ ਭੀਜ ਹੌਂ। ਅਲੇਖ ਬੀਜ ਬੀਜ ਹੌਂ।੩੪।***
***ਪਖਾਣ ਪੂਜ ਹੌਂ ਨਹੀਂ। ਨ ਭੇਖ ਭੀਜ ਹੌਂ ਕਹੀਂ।***
***ਅਨੰਤ ਨਾਮੁ ਗਾਇ ਹੌਂ। ਪਰਮ ਪੁਰਖ ਪਾਇ ਹੌਂ।੩੫।***
***ਜਟਾ ਨ ਸੀਸ ਧਾਰਿ ਹੌਂ। ਨ ਮੁੰਦ੍ਰਕਾ ਸੁਧਾਰਿ ਹੌਂ।***
***ਨ ਕਾਨ ਕਾਹੂ ਕੀ ਧਰੋਂ। ਕਹਿਓ ਪ੍ਰਭੂ ਸੋ ਮੈ ਕਰੋਂ।੩੬।***
***ਭਜੋਂ ਸੁ ਏਕ ਨਾਮਯੰ। ਜੁ ਕਾਮ ਸਰਬ ਠਾਮਯੰ।***
***ਨ ਜਾਪ ਆਨ ਕੋ ਜਪੋ। ਨ ਅਉਰ ਥਾਪਨਾ ਥਪੋ।੩੭।***
***ਬਿਅੰਤ ਨਾਮ ਧਿਆਇ ਹੌਂ। ਪਰਮ ਜੋਤਿ ਪਾਇ ਹੌਂ।***
***ਨ ਧਿਆਨ ਆਨ ਕੋ ਧਰੋਂ। ਨ ਨਾਮ ਆਨ ਉਚਰੋਂ।੩੮।***
***ਤਵੱਕ ਨਾਮ ਰੱਤਿਯੰ। ਨ ਆਨ ਮਾਨ ਮੱਤਿਯੰ।***
***ਪਰੱਮ ਧਿਆਨ ਧਾਰਯੰ। ਅਨੰਤ ਪਾਪ ਟਾਰੀਯੰ। ੩੯ ।***
***ਤੁਮੇਵ ਰੂਪ ਰਾਚਿਯੰ। ਨ ਆਨ ਦਾਨ ਮਾਚਿਯੰ।***
***ਤਵੱਕ ਨਾਮ ਉਚਾਰਿਅੰ। ਅਨੰਤ ਦੂਖ ਟਾਰਿਅੰ। ੪੦ ।***

ਦੁਸ਼ਟ ਦੋਖੀਆਂ ਨੂੰ ਮੈਂ ਪਕੜ ਕੇ ਪਛਾੜਾਂਗਾ ਵੀ, ਧਰਮ ਦੇ ਮਾਰਗ ਤੇ ਭੀ ਚਲਾਵਾਂਗਾ ਅਤੇ ਅਸਾਧ ਅੰਧਕਾਰ ਮਈ ਸਥਿਤੀ ਵਾਲੀ ਦੁਸ਼ਟਤਾ ਨੂੰ ਜੜ੍ਹੋਂ ਉਖੇੜਾਂਗਾ। ਇਸ ਤਰ੍ਹਾਂ ਵੱਡੀ ਭਾਰੀ ਜ਼ਿੰਮੇਵਾਰੀ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੰਸਾਰ ਵਿਚ ਪ੍ਰਗਟ ਹੋਏ।

ਉਨ੍ਹਾਂ ਦੇ ਜੀਵਨ ਨੂੰ ਆਪਾਂ ਵਿਚਾਰੀਏ ਤਾਂ ਉਪਰ ਵਰਨਣ ਕੀਤੀਆਂ ਸਾਰੀਆਂ ਗੱਲਾਂ ਸੁਖੈਨ ਵਿਚ ਹੀ ਸਮਝ ਆ ਜਾਣਗੀਆਂ। ਉਨ੍ਹਾਂ ਨੇ ਇਕ ਅਜਿਹਾ ਸਮਾਜ ਸੰਸਾਰ ਉਪਰ ਰੂਪਮਾਨ ਕੀਤਾ ਜੋ ਨਿਰੋਲ ਖਾਲਸਾ ਸੀ, ਉਸ ਵਿਚ ਕੋਈ ਭਰਮ ਤੇ ਭੁਲੇਖਾ ਨਹੀਂ ਸੀ, ਨਾ ਹੀ ਕੋਈ ਰਲਾਓ ਸੀ, ਆਪ ਨੇ ਫੁਰਮਾਇਆ ਕਿ ਆਪਣੇ ਆਤਮ ਸਰੂਪ ਨੂੰ ਪਛਾਣ ਕੇ ਉਸ ਦਾ ਰਸ ਮਾਨਣਾ, ਆਪਣੀ ਹੋਂਦ ਨੂੰ ਉਸ ਆਤਮ ਹੋਂਦ ਵਿਚ ਲੈਅ ਕਰਨਾ ਅਤੇ ਸੱਚ ਆਚਾਰ ਕਮਾਉਣੇ ਇਹ ਖਾਲਸਾ ਜੀਵਨ ਦਾ ਪ੍ਰਤੱਖ ਰੂਪ ਹੋਵੇਗਾ ਅਤੇ ਉਸ ਦੀ ਉਚਤਾ, ਐਨੀ ਉਚੀ ਹੋਵੇਗੀ ਕਿ ਉਸ ਦੀ ਮਹਿਮਾ ਨੂੰ ਦੇਵੀ ਦੇਵਤੇ ਵੀ ਨਹੀਂ ਜਾਣ ਸਕਣਗੇ। ਦੇਵ ਲੋਕ ਦੇ ਮੁਖ ਦੇਵ ਉਸਦਾ ਸੰਗ ਲੋਚਣਗੇ ਜਿਵੇਂ ਕਿ –

***ਵਰਤਣਿ ਜਾ ਕੈ ਕੇਵਲ ਨਾਮ॥***

*ਅਨਦ ਰੂਪ ਕੀਰਤਨੁ ਬਿਸ੍ਰਾਮ॥*
*ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥*
*ਕੋਟਿ ਕੋਟਿ ਅਘ ਕਾਟਨਹਾਰਾ॥*
*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥*
*ਸੂਰਬੀਰ ਬਚਨ ਕੇ ਬਲੀ॥*
*ਕਉਲਾ ਬਪੁਰੀ ਸੰਤੀ ਛਲੀ॥*
*ਤਾ ਕਾ ਸੰਗੁ ਬਾਛਹਿ ਸੁਰਦੇਵ॥*
*ਅਮੋਘ ਦਰਸੁ ਸਫਲ ਜਾ ਕੀ ਸੇਵ॥*
*ਕਰ ਜੋੜਿ ਨਾਨਕੁ ਕਰੇ ਅਰਦਾਸਿ॥*
*ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥ ਪੰਨਾ - 392*

*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272*

ਅਤੇ ਆਪ ਫੁਰਮਾਨ ਕਰਦੇ ਹਨ ਕਿ -

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ 'ਚੋਂ*

ਆਪ ਦਾ ਜੀਵਨ ਇਕ ਮਹਾਨ ਸੰਗਰਾਮ ਦਾ ਜੀਵਨ ਹੈ ਕਿਉਂਕਿ ਅੰਧਕਾਰ ਦੇ ਪਥਰਾਏ ਹੋਏ ਅਤੇ ਬੇਹੋਸ਼ ਹੋਏ-ਹੋਏ ਜੀਵਾਂ ਨੂੰ ਜਗਾਉਣਾ ਅਤਿ ਕਠਨ ਸੀ, ਦੂਜੇ ਪਾਸੇ ਅਧਰਮ ਦੀਆਂ ਸ਼ਕਤੀਆਂ ਧਰਮ ਦੀ ਆਵਾਜ਼ ਨੂੰ ਮਿਟਾ ਦੇਣ ਉਤੇ ਤਤਪਰ ਸਨ। ਇਸ ਦੀ ਹੋਰ ਜ਼ਿਆਦਾ ਵਿਆਖਿਆ ਕਰਨ ਤੇ ਬਹੁਤ ਵਿਸਥਾਰ ਵਧ ਜਾਂਦਾ ਹੈ ਸੋ ਸੰਖੇਪ ਵਿਚ ਐਉਂ ਹੈ ਕਿ ਉਸ ਸਮੇਂ ਵੱਖੋ ਵੱਖ ਸੰਪਰਦਾਵਾਂ ਵਿਚ ਹਦ ਤੋਂ ਜ਼ਿਆਦਾ ਵੈਰ ਭਾਵ ਸੀ ਅਤੇ ਕੱਟੜਪੁਣਾ ਐਨਾ ਜ਼ਿਆਦਾ ਸੀ ਕਿ ਆਪਣੇ ਤੋਂ ਵਿਪਰੀਤ ਨਿਸ਼ਚੇ ਵਾਲੇ ਮਨੁੱਖ ਨੂੰ ਮਨੁੱਖ ਹੀ ਨਹੀਂ ਸਮਝਿਆ ਜਾਂਦਾ ਸੀ। ਉਸਦਾ ਬੱਧ ਕਰ ਦੇਣਾ, ਉਸਦਾ ਘਰ-ਬਾਰ ਲੁੱਟ ਲੈਣਾ, ਔਰਤਾਂ ਦੀ ਬੇਇਜ਼ਤੀ ਕਰ ਦੇਣੀ, ਬੱਚਿਆਂ ਨੂੰ ਗੁਲਾਮ ਬਣਾ ਲੈਣਾ ਇਕ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ਇਸ ਅਧਰਮ ਦੇ ਅੰਧਕਾਰ ਨੂੰ ਪੈਦਾ ਕਰਨ ਵਾਲੇ ਪੱਛਮ ਤੋਂ ਆਏ ਹੋਏ ਬਾਦਸ਼ਾਹ ਅਮਰਾਵ ਵਜ਼ੀਰ, ਕਾਜ਼ੀ, ਮੁਲਾਂ ਸਨ। ਉਨ੍ਹਾਂ ਨੇ ਧਰਮ ਦੀ ਪਰਿਭਾਸ਼ਾ ਆਪਣੇ ਹਿਤਾਂ ਦੇ ਮੁਤਾਬਿਕ ਮੋੜ ਲਈ ਅਤੇ ਹਰ ਪਾਪ ਨੂੰ ਪੁੰਨ ਕਹਿ ਕੇ ਪੁੰਨੀ ਬਣਦੇ ਸਨ। ਗੁਰੂ ਦਸ਼ਮੇਸ਼ ਪਿਤਾ ਜੀ ਦੀ ਧਰਮ ਅਤੇ ਸ਼ਾਂਤੀ ਲਈ ਕੀਤੀ ਉੱਚੀ ਅਵਾਜ਼ ਨੂੰ ਮਲੀਆ ਮੇਟ ਕਰਨ ਲਈ ਉਸ ਸਮੇਂ ਦੇ ਘੱਟ ਸੋਚ ਵਾਲੇ ਸਾਸ਼ਕ ਅਤੇ ਰਾਜਸੀ ਸ਼ਕਤੀ ਤਤਪਰ ਸੀ, ਉਹ ਚਾਹੇ ਹਿੰਦੂ ਬੁਰਕਾ ਪਹਿਨ ਕੇ ਪਹਾੜਾਂ ਵਿਚ ਰਾਜ ਕਰਦੇ ਸਨ, ਚਾਹੇ ਤੁਰਕ ਬੁਰਕਾ ਪਹਿਨ ਕੇ ਦਿੱਲੀ ਦੇ ਤਖਤ ਤੇ ਰਾਜ ਕਰਦੇ ਸਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਸਾਡਾ ਕਿਸੇ ਨਾਲ ਵੈਰ ਨਹੀਂ ਸੀ, ਕੇਵਲ ਅਸੀਂ ਮਾਨਵ ਧਰਮ ਦਾ ਮਾਰਗ ਪ੍ਰਚਲਤ ਕਰ ਰਹੇ ਸਾਂ। ਇਹ ਅਵਾਜ਼ ਰਾਜਿਆਂ ਨੂੰ ਬਹੁਤ ਚੁਭੀ ਕਿਉਂਕਿ ਉਹ ਧਰਮੀ ਹੋ ਜਾਣ ਵਾਲੀ ਤੇ ਆਪਣੇ ਹੱਕਾਂ ਦੀ ਪਛਾਣ ਕਰਨ ਵਾਲੀ ਰਿਆਇਆ ਦੀ ਦਲੇਰੀ ਤੋਂ ਡਰਦੇ ਸਨ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਬਗੈਰ ਕਿਸੇ ਕਾਰਨ ਤੇ ਜਦੋਂ ਅਸੀਂ ਪਾਉਂਟੇ ਸਾਹਿਬ ਨਿਵਾਸ ਰਖਦੇ ਸਾਂ, ਉਸ ਵੇਲੇ ਪਹਾੜੀ ਰਾਜੇ ਇਕੱਠੇ ਹੋਏ ਅਤੇ ਫਤਹਿ ਚੰਦ ਰਾਜਾ ਜੋ ਸ੍ਰੀ ਨਗਰ ਵਿਚ ਰਾਜ ਕਰਦਾ ਸੀ ਉਨ੍ਹਾਂ ਸਾਰਿਆਂ ਰਾਜਿਆਂ ਨੂੰ ਨਾਲ ਲੈ ਕੇ ਅਸਾਡੇ ਉਤੇ ਆਕਰਮਣਕਾਰੀ ਹੋਇਆ, ਉਸ ਵੇਲੇ ਆਪ ਸਾਰੇ ਧਰਮਾਂ ਦੇ ਸਾਹਿਤ ਦੀ, ਸ਼ੁਧ ਰੂਪ ਵਿਚ, ਅਧਿਆਤਮਵਾਦ ਦੇ ਪ੍ਰਕਾਸ਼ ਵਿਚ, ਰਚਨਾ ਕਰ ਰਹੇ ਸਨ। ਫੁਰਮਾਨ ਹੈ -

*ਫਤੇ ਸਾਹ ਕੋਪਾ ਤਬਿ ਰਾਜਾ।*
*ਲੋਹ ਪਰਾ ਹਮ ਸੋ ਬਿਨੁ ਕਾਜਾ। ਬਚਿਤ੍ਰ ਨਾਟਕ*

ਯੁੱਧ ਸਾਡੇ ਉਪਰ ਥੋਪਿਆ ਗਿਆ, ਅਸੀਂ ਕਦੇ ਵੀ ਇਹ ਨਹੀਂ ਚਾਹੁੰਦੇ ਸਾਂ ਕਿ ਕਿਸੇ ਉਪਰ ਆਕਰਮਣਕਾਰੀ ਹੋਇਆ ਜਾਵੇ ਅਤੇ ਉਸ ਦਾ ਰਾਜ ਖੋਹ ਲਿਆ ਜਾਵੇ, ਅਸਾਡੇ ਅੱਗੇ ਕੋਈ ਚਾਰਾ ਵੀ ਨਹੀਂ ਸੀ ਕਿਉਂਕਿ ਸ਼ਾਂਤਮਈ ਰਹਿ ਕੇ ਜ਼ੁਲਮ ਸਹਿਨ ਦੀ ਹੱਦ ਕਰਨ ਵਾਲੇ ਗੁਰੂ ਪਿਤਾ (ਗੁਰੂ ਤੇਗ ਬਹਾਦਰ ਸਾਹਿਬ) ਪੜਦਾਦਾ ਗੁਰੂ (ਗੁਰੂ ਅਰਜਨ ਸਾਹਿਬ) ਕਿੰਨੇ ਘਿਨਾਉਣੇ ਤਸੀਹੇ ਸਹਿ ਚੁਕੇ ਸਨ, ਇਨ੍ਹਾਂ ਜ਼ਾਲਮਾਂ ਅੱਗੇ ਹੱਥ ਤੇ ਹੱਥ ਧਰਾ ਕੇ ਸ਼ਹੀਦ ਹੋ ਜਾਣਾ ਕੋਈ ਮਹੱਤਤਾ ਨਹੀਂ ਸੀ ਰਖਦਾ ਕਿਉਂਕਿ ਸ਼ਾਂਤਮਈ ਦੀ ਹੱਦ ਹੋ ਚੁਕੀ ਸੀ। ਉਹ ਤਸੀਹੇ ਮਹਾਨ ਗੁਰੂਆਂ ਦੇ ਸਬਰ ਨੂੰ ਤੋੜ ਰਹੇ ਸਨ। ਉਹ ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਫੇਰ ਵੀ ਇਨਸਾਨੀ ਹੱਦ ਵਿਚ ਰਹਿੰਦੇ ਹੋਏ ਜ਼ਾਲਮ ਦੀਆਂ ਅੰਨੀਆਂ ਅੱਖਾਂ ਖੋਲ੍ਹਣ ਲਈ ਬਲੀਦਾਨ ਦੇ ਗਏ। ਕੋਈ ਵੀ ਇਨਸਾਨ ਯੁੱਧ ਨਹੀਂ ਚਾਹੁੰਦਾ ਸਭ ਸ਼ਾਂਤੀ ਅਤੇ ਸੁਖ ਚਾਹੁੰਦੇ ਹਨ ਪਰ ਜਦੋਂ ਕੋਈ ਚਾਰਾ ਹੀ ਨਾ ਰਹੇ ਤਾਂ ਆਪਣੀ ਰਖਸ਼ਾ ਵਾਸਤੇ ਸਸ਼ਤਰ ਚੁਕ ਲੈਣਾ, ਆਪਣਾ ਤਾਣ ਲਾਉਣਾ ਆਪਣੇ ਹਮ ਖਿਆਲ ਇਕੱਠੇ ਕਰਕੇ ਦੁਸ਼ਟਤਾਈ ਨੂੰ ਦੂਰ ਕਰਨ ਲਈ ਜੇ ਸਸ਼ਤਰ ਦਾ ਜਵਾਬ ਸ਼ਸ਼ਤਰ ਨਾਲ ਦਿਤਾ ਜਾਵੇ ਤਾਂ ਕੋਈ ਅਯੋਗ ਗੱਲ ਨਹੀਂ ਹੋਇਆ ਕਰਦੀ। ਸਗਮਾਂ ਧਰਮ ਇਹ ਮੰਗ ਕਰਦਾ ਹੈ ਕਿ ਕਾਇਰਾਂ ਵਾਂਗੂੰ ਗਰਦਨਾਂ ਕਟਾਉਣ ਦਾ ਕੋਈ ਲਾਭ ਨਹੀਂ, ਬਹਾਦਰਾਂ ਵਾਂਗੂੰ ਆਪਣੇ ਬਲੀਦਾਨ ਦਿਓ। ਗੁਰਮਤਿ ਸਾਰੇ ਸੰਸਾਰ ਦਾ ਭਲਾ ਮੰਗਦੀ ਹੋਈ ਅਰਦਾਸ ਕਰਦੀ ਹੈ ਕਿ ਹੇ ਵਾਹਿਗੁਰੂ! ਜਲਦੇ ਹੋਏ ਸੰਸਾਰ ਨੂੰ ਰੱਖ ਲੈ, ਜਿਸ ਦੁਆਰੇ ਤੋਂ ਉਹ ਲੰਘ ਸਕਦਾ ਹੈ ਉਥੋਂ ਹੀ ਕ੍ਰਿਪਾ ਕਰਕੇ ਲੰਘਾ ਦੇ। ਅਜਿਹੀ ਵਿਸ਼ਾਲ ਫਿਲਾਸਫੀ ਦੇ ਹੁੰਦਿਆਂ ਕਿਸੇ ਨਾਲ ਵਿਰੋਧ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਪੰਨਾ - 1381*

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਮੁੱਚਾ ਜੀਵਨ ਦੁਸ਼ਟਤਾਈ ਦਾ ਸੁਧਾਰ ਕਰਦਿਆਂ ਅਤੇ ਸੱਚ ਦੇ ਪ੍ਰਕਾਸ਼ ਲਈ ਯਤਨ ਕਰਦਿਆਂ ਲੰਘ ਰਿਹਾ ਸੀ। ਆਪ ਨੇ ਸਾਰੇ ਪੁਰਾਣੇ ਸਾਹਿਤ ਨੂੰ ਰੂਪਮਾਨ ਕਰਨ ਲਈ 52 ਕਵੀ ਅਤੇ 50 ਲਿਖਾਰੀ ਆਪਣੇ ਦਰਬਾਰ ਵਿਚ ਰੱਖੇ ਹੋਏ ਸਨ। ਮੰਗਲ ਕਵੀ ਨੂੰ ਮਹਾਂਭਾਰਤ ਦੇ ਪੁਰਬ ਦਾ ਅਨੁਵਾਦ ਕਰਨ ਲਈ ਉਸ ਸਮੇਂ ਦਾ 60,000 ਰੁਪਿਆ ਦਿਤਾ ਅਤੇ ਐਨੇ ਤੋਹਫੇ ਦਿਤੇ ਜਿਨ੍ਹਾਂ ਨੂੰ ਮੰਗਲ ਕਵੀ ਦੇ ਘਰ ਤੀਕਰ ਪਹੁੰਚਾਉਣ ਲਈ ਦੋ ਸੌ ਜਵਾਨ ਨਾਲ ਹੋਰ ਤੋਹਫੇ ਦੇ ਕੇ ਭੇਜੇ।

ਗੁਰੂ ਮਹਾਰਾਜ ਜੀ ਉਪਰ ਤਕਰੀਬਨ 14 ਵਾਰੀ

ਆਕਰਮਣ ਕੀਤਾ ਗਿਆ। ਸਤਿ ਧਰਮ ਦੇ ਰਾਖੇ ਖਾਲਸੇ ਦੇ ਵਜੂਦ ਵਿਚ ਜਾਗ ਉਠੇ ਸੂਰਮਿਆਂ ਨੇ ਸਦਾ ਹੀ ਇਨ੍ਹਾਂ ਨੂੰ ਹਾਰ ਦਿਤੀ। ਭਾਵੇਂ ਇਹ ਬੇਪਨਾਹ ਫੌਜਾਂ ਦੇ ਮਾਲਕ ਸਨ, ਜੰਗੀ ਸਸ਼ਤਰਾਂ ਦਾ ਕੋਈ ਥਾਹ ਨਹੀਂ ਸੀ ਪਾ ਸਕਦਾ। ਗੁਰੂ ਮਹਾਰਾਜ ਜੀ ਦੇ ਪਿਆਰੇ ਗੁਰਸਿੱਖ ਆਪਣੇ ਸੀਮਤ ਸਾਧਨਾਂ ਨਾਲ ਔਰੰਗਜ਼ੇਬ ਦੇ ਮਹਾਨ ਸਮਰਾਜ ਅਤੇ 22 ਧਾਰ ਦੇ ਪਹਾੜੀ ਰਾਜਿਆਂ ਨਾਲ ਸਤਿ ਦੀ ਓਟ ਲੈ ਕੇ ਜੂਝਦੇ ਰਹੇ। ਅਖੀਰ ਸਾਰੇ ਭਾਰਤ ਦੀ ਰਾਜਸੀ ਸ਼ਕਤੀ ਜਿਸ ਵਿਚ 22 ਧਾਰ ਦੇ ਪਹਾੜੀ ਰਾਜੇ, ਔਰੰਗਜ਼ੇਬ ਦੀ ਬੇਪਨਾਹ ਫੌਜ ਅਤੇ ਜਹਾਦ ਦੇ ਭਰਮ ਵਿਚ ਪੁੱਠੀ ਮਤ ਵਾਲੇ ਲੁਟੇਰੇ ਜਿਨ੍ਹਾਂ ਦੀ ਗਿਣਤੀ ਦਸ ਲੱਖ ਦੇ ਕਰੀਬ ਦੱਸੀ ਜਾਂਦੀ ਹੈ ਉਹ ਇਸ ਮਹਾਨ ਯੁੱਧ ਵਿਚ ਸੰਮਿਲਤ ਹੋਏ। ਦੂਜੇ ਪਾਸੇ ਗੁਰੂ ਮਹਾਰਾਜ ਕੋਲ ਨਾ ਤਾਂ ਖੁਰਾਕ ਦੇ ਵੱਡੇ ਅੰਬਾਰ ਸਨ, ਨਾ ਹੀ ਸਸ਼ਤਰਾਂ ਦਾ ਵੱਡਾ ਭੰਡਾਰ ਸੀ। ਓਟ ਸੀ ਤਾਂ ਸਤਿ ਦੀ ਸੀ। ਦੋਹਾਂ ਦਲਾਂ ਦਾ ਕੋਈ ਮੁਕਾਬਲਾ ਨਹੀਂ ਸੀ ਪਰ ਗੁਰੂ ਮਹਾਰਾਜ ਦਾ ਜੋ ਵਾਕ ਸੀ ਕਿ -

***ਚਿੜੀਓਂ ਸੇ ਮੈਂ***
***ਬਾਜ ਤੁੜਾਓਂ***
***ਸਵਾ ਲਾਖ ਸੇ***
***ਏਕ ਲੜਾਊਂ।***

ਇਹ ਪ੍ਰਤੱਖ ਰੂਪ ਵਿਚ ਨਜ਼ਰੀਂ ਪੈ ਰਿਹਾ ਸੀ, ਛੇ ਮਹੀਨੇ ਜਾਂ ਇਸ ਤੋਂ ਵਧ ਸਮੇਂ ਦਾ ਘੇਰਾ ਸੀ। ਗੁਰੂ ਸਾਹਿਬ ਦੇ ਕਿਲ੍ਹਿਆਂ ਵਿਚ ਅੰਨ ਅਤੇ ਸਸ਼ਤਰਾਂ ਦਾ ਭੰਡਾਰਾ ਸੀਮਤ ਰੂਪ ਵਿਚ ਰਹਿ ਗਿਆ। ਖਾਲਸਾ ਫੌਜ ਨੇ ਦਰਖਤਾਂ ਦੇ ਪੱਤੇ ਉਬਾਲ ਕੇ ਪੀ ਲਏ, ਦਰਖਤਾਂ ਦੀਆਂ ਛਿਲਾਂ ਆਟੇ ਵਿਚ ਰਲਾ ਕੇ ਖਾ ਲਈਆਂ। ਲੰਮਾ ਘੇਰਾ ਹੋਣ ਕਰਕੇ ਘੇਰਾ ਪਾਉਣ ਵਾਲੇ ਭੀ ਘਬਰਾਏ ਹੋਏ ਸਨ, ਉਨ੍ਹਾਂ ਨੇ ਵਿਸ਼ਵਾਸ਼ ਦਿਵਾਇਆ ਤੇ ਔਰੰਗਜ਼ੇਬ ਦੇ ਦਸਖਤਾਂ ਵਾਲੀ ਚਿੱਠੀ ਪਵਿੱਤਰ ਪੁਸਤਕ ਕੁਰਾਨ ਸਰੀਫ ਦੇ ਨਾਲ ਰੱਖੀ। ਪਹਾੜੀ ਹਿੰਦੂ ਰਾਜਿਆਂ ਨੇ ਗੀਤਾ ਦੀ ਮਹਾਂ ਪਵਿੱਤਰ ਪੁਸਤਕ ਥਾਲ ਵਿਚ ਰੱਖੀ ਅਤੇ ਉਸੇ ਥਾਲ ਵਿਚ ਇਕ ਗਊ ਬਣਾ ਕੇ ਰੱਖੀ ਗਈ ਅਤੇ ਇਹ ਪ੍ਰਣ ਕੀਤਾ ਗਿਆ ਕਿ ਅਸੀਂ ਗੀਤਾ ਦੀ ਅਤੇ ਗਊ ਦੀ ਆਣ ਰਖਦਿਆਂ ਕਸਮ ਖਾ ਕੇ ਆਪਣੇ ਦਿਲ ਦੀ ਸਚਾਈ ਪ੍ਰਗਟ ਕਰਦੇ ਹਾਂ ਕਿ ਜੇਕਰ ਆਪ ਕਿਲਾ ਛੱਡ ਦੇਵੋਂ ਤਾਂ ਆਪ ਦਾ ਜਿਥੇ ਜੀਅ ਕਰਦਾ ਹੈ ਉਥੇ ਰਹਿ ਸਕਦੇ ਹੋਂ। ਇਸ ਤਰ੍ਹਾਂ ਕੁਰਾਨ ਸਰੀਫ ਵਾਲਿਆਂ ਨੇ ਕੁਰਾਨ ਸ਼ਰੀਫ ਦੀ ਸੁਗੰਧ ਖਾਧੀ ਅਤੇ ਕੁਰਾਨ ਸ਼ਰੀਫ ਦੀ ਜਾਮਨੀ ਦੇ ਕੇ ਕਿਹਾ ਕਿ ਅਸੀਂ ਹਜ਼ਰਤ ਮੁਹੰਮਦ ਸਾਹਿਬ ਦੀ ਕਲਾਮ ਵਾਲੇ ਇਸ ਪਵਿੱਤਰ ਪੁਸਤਕ ਦੀ ਜਾਮਨੀ ਦੇ ਕੇ ਆਪ ਨੂੰ ਕਿਲਾ ਛੱਡਣ ਲਈ ਬੇਨਤੀ ਕਰਦੇ ਹਾਂ ਆਪ ਅਨੰਦਪੁਰ ਛੱਡ ਜਾਵੋ, ਜਿਥੇ ਜੀਅ ਕਰੇ ਜਾ ਸਕਦੇ ਹੋਂ, ਆਪ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਮਹਾਰਾਜ ਜੀ ਚੰਗੀ ਤਰ੍ਹਾਂ ਸਮਝਦੇ ਸਨ ਕਿ ਇਹ ਫਰੇਬੀ ਲੋਕ ਨਾ ਰੱਬ ਨੂੰ ਮੰਨਦੇ ਹਨ, ਨਾ ਧਰਮੀ ਬੰਦੇ ਹਨ, ਇਹ ਤਾਂ ਆਪਣੇ ਹਿਤ ਦੇ ਪਿਛੇ ਧਰਮਾਂ ਦੀ ਜੜ੍ਹ ਕੱਟ ਰਹੇ ਹਨ। ਇਸ ਲਈ ਪਹਾੜੀ ਰਾਜਿਆਂ ਦਾ ਗੀਤਾ ਦੀ ਜਾਮਨੀ ਦੇਣਾ ਅਤੇ ਕੁਰਾਨ ਸ਼ਰੀਫ ਵਾਲਿਆਂ ਦਾ ਕੁਰਾਨ ਸ਼ਰੀਫ ਦੀ ਕਸਮ ਖਾਣੀ ਇਕ ਫਰੇਬ ਹੈ, ਇਕ ਢੀਠਤਾਈ ਹੈ। ਗੁਰੂ ਮਹਾਰਾਜ ਜੀ ਨੇ ਸਿੰਘਾਂ ਦੀਆਂ ਬੇਨਤੀਆਂ ਸੁਣ ਕੇ ਕਿਲਾ ਖਾਲੀ ਕਰਨ ਦਾ ਮਨ ਬਣਾ ਲਿਆ। ਭਾਵੇਂ ਉਹ ਜਾਣਦੇ ਸਨ ਕਿ ਇਹ ਅਖੌਤੀ ਮੋਮਨ ਅਤੇ ਦੇਵੀ ਭਗਤ ਅੰਦਰੋਂ ਬਿਲਕੁਲ ਖੋਖਲੇ ਹਨ। ਇਨ੍ਹਾਂ ਦਾ ਕੁਰਾਨ ਸ਼ਰੀਫ ਨੂੰ ਮੰਨਣਾ ਅਤੇ ਦੇਵੀ ਦੇਵਤਿਆਂ ਨੂੰ ਮੰਨਣਾ ਕੇਵਲ ਆਪਣੇ ਹਿਤ ਲਈ ਢੌਂਗ ਰਚਣਾ ਹੈ। ਗੁਰੂ ਮਹਾਰਾਜ ਨੇ ਇਹ ਦਰਸਾਇਆ ਕਿ ਆਪਣੇ ਧਰਮ ਗ੍ਰੰਥਾਂ ਦਾ ਆਦਰ ਤਾਂ ਸਾਰਾ ਸੰਸਾਰ ਹੀ ਕਰਦਾ ਹੈ ਪਰ ਦੂਸਰਿਆਂ ਦੇ ਧਰਮ ਚਿੰਨਾਂ ਦਾ ਆਦਰ ਕਰਨਾ ਵੀ ਮਹਾਨ ਪੁਰਸ਼ਾਂ ਦੀ ਡਿਊਟੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦਾ ਸਤਿਕਾਰ ਕਾਇਮ ਕਰਦਿਆਂ 20 ਦਸਬੰਰ 1704 ਮੁਤਾਬਿਕ ਛੇ ਪੋਹ ਸੰਮਤ 1761 ਦੀ ਅੱਧੀ ਰਾਤ ਲੰਘਣ ਸਮੇਂ 7 ਪੋਹ ਦਿਨ ਬੁੱਧਵਾਰ ਨੂੰ ਕਿਲਾ ਖਾਲੀ ਕਰ ਦਿਤਾ। ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਦੂਸਰੇ ਧਰਮਾਂ ਦੀਆਂ ਪੁਸਤਕਾਂ ਦਾ ਹਦੋਂ ਵੱਧ ਸਤਿਕਾਰ ਕਰਕੇ ਦਸਿਆ ਕਿ ਪ੍ਰਮੇਸ਼ਰ ਦੀ ਬਾਣੀ ਭਾਵੇਂ ਅਰਬੀ ਵਿਚ ਹੋਵੇ, ਭਾਵੇਂ ਸੰਸਕ੍ਰਿਤ ਵਿਚ ਹੋਵੇ, ਭਾਵੇਂ ਕਿਸੇ ਹੋਰ ਜ਼ੁਬਾਨ ਵਿਚ ਹੋਵੇ, ਪੂਰਨ ਰੂਪ ਵਿਚ ਸਤਿਕਾਰਤ ਹੈ। ਉਸ ਉਪਰ ਵਿਸ਼ਵਾਸ਼ ਕਰਨਾ ਇਕ ਬਹੁਤ ਵੱਡੀ ਮਹਾਨਤਾ ਹੈ। ਕਿਲਾ ਖਾਲੀ ਹੁੰਦਿਆਂ ਹੀ ਮਕਾਰ ਹਾਕਮਾਂ ਨੇ ਨਾ ਕੁਰਾਨ ਸ਼ਰੀਫ ਦੀ ਪਵਿੱਤਰਤਾ ਦੀ ਪ੍ਰਵਾਹ ਕੀਤੀ, ਨਾ ਗੀਤਾ ਅਤੇ ਗਊ ਦੀ ਪ੍ਰਵਾਹ ਕੀਤੀ, ਆਪਣੀਆਂ ਸਾਰੀਆਂ ਫੌਜਾਂ ਗਿਣਤੀ ਦੇ ਗੁਰਸਿਖਾਂ ਦੇ ਪਿਛੇ ਲਾ ਕੇ ਹੁਕਮ ਦਿਤਾ ਕਿ ਘੇਰਾ ਪਾ ਕੇ ਸਾਰਿਆਂ ਨੂੰ ਮਾਰ ਦਿਤਾ ਜਾਵੇ। ਇਕ ਵੀ ਬੰਦਾ ਗੁਰੂ ਗੋਬਿੰਦ ਸਿੰਘ ਸਮੇਤ ਨਿਕਲ ਨਾ ਜਾਵੇ। ਅਨੰਦਪੁਰ ਸਾਹਿਬ ਤੋਂ ਲੈ ਕੇ ਸਰਸੇ ਦੇ ਕੰਢੇ ਤਕ ਇਕ ਭਿਆਨਕ ਯੁੱਧ ਹੋਇਆ ਇਥੇ ਇਕ ਹੋਰ ਚਮਤਕਾਰੀ ਘਟਨਾ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ।

7 ਪੋਹ ਦੇ ਅੰਮ੍ਰਿਤ ਵੇਲੇ ਨੂੰ ਸੰਭਾਲਣ ਲਈ ਆਪ ਨੇ

ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰਾ ਦਿਤਾ। ਇਕ ਪਾਸੇ ਮਾਰ ਧਾੜ ਹੋ ਰਹੀ ਹੈ, ਦੂਜੇ ਪਾਸੇ ਬਿਰਤੀਆਂ ਇਕਾਗਰ ਕਰਕੇ ਪ੍ਰਭੂ ਪਿਆਰ ਦਾ ਮਹਾਨ ਆਤਮ ਰਸ ਮਾਣਿਆ ਜਾ ਰਿਹਾ ਹੈ। ਉਨ੍ਹਾਂ ਨੇ ਸਰੀਰ ਨਾਲੋਂ ਹਰੀ ਨੂੰ ਯਾਦ ਕਰਨ ਲਈ ਕੀਤੇ ਜਾ ਰਹੇ ਕੀਰਤਨ ਨੂੰ ਤਰਜੀਹ ਦਿਤੀ, ਦਰਿਆ ਸਰਸਾ ਬਹੁਤ ਚੌੜੇ ਪਟ ਵਿਚ ਵਗਦਾ ਹੈ, ਪਹਾੜ ਵਿਚ ਬਾਰਸ਼ ਹੋਣ ਨਾਲ ਬਹੁਤ ਹੀ ਠੰਢ ਅਤੇ ਧੁੰਦ ਹੋ ਗਈ, ਸਰਸਾ ਬਹੁਤ ਤੇਜ਼ੀ ਨਾਲ ਆਪਣੇ ਕੰਢਿਆਂ ਤੋਂ ਉਪਰ ਦੀ ਹੋ ਕੇ ਵਗ ਰਿਹਾ ਹੈ ਐਉਂ ਪ੍ਰਤੀਤ ਦਿੰਦਾ ਸੀ ਕਿ ਅੱਜ ਸਰਸੇ ਨੇ ਵੀ ਗੁਰੂ ਮਹਾਰਾਜ ਦੇ ਪਵਿੱਤਰ ਕਾਰਜ ਵਿਚ ਵਿਘਨਕਾਰੀ ਹੋ ਕੇ ਉਨ੍ਹਾਂ ਦਾ ਰਸਤਾ ਰੋਕਣ ਦੀ ਭੁੱਲ ਕੀਤੀ। ਇਸੇ ਕਰਕੇ ਗੁਰਸਿੱਖਾਂ ਨੇ ਇਸ ਵਗਦੇ ਦਰਿਆ ਦੇ ਪਾਣੀ ਉਪਰ ਅਜ ਤਕ ਪੰਜ ਜੁਤੀਆਂ ਮਾਰਨੀਆਂ ਇਕ ਤਰ੍ਹਾਂ ਦਾ protest (ਰੋਸ) ਪ੍ਰਗਟ ਕੀਤਾ ਹੈ। ਇਸ ਥਾਂ ਉਪਰ ਘੋਰ ਸੰਗਰਾਮ ਹੋਇਆ।

ਗੁਰੂ ਮਹਾਰਾਜ ਜੀ ਚਾਰ ਦਿਨਾਂ ਤੋਂ ਉਨੀਂਦਰੇ ਸਨ ਅਤੇ ਸਖਤ ਥਕੇਵਾਂ ਹੋਇਆ ਹੋਇਆ ਸੀ। ਇਥੇ ਸਾਹਿਤ ਦਾ ਬਹੁਤ ਵੱਡਾ ਨੁਕਸਾਨ ਹੋਇਆ ਜਿਸ ਦਾ ਘਾਟਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਗੁਰੂ ਮਹਾਰਾਜ ਦੀ 20-22 ਸਾਲ ਦੀ ਅਣਥੱਕ ਮਿਹਨਤ, ਦਿਮਾਗੀ ਨਿਚੋੜ ਪਲ ਭਰ ਵਿਚ ਸਰਸਾ ਦੀ ਭੇਟ ਹੋ ਗਿਆ। ਪਰ ਧੰਨ ਸਨ ਗੁਰੂ ਮਹਾਰਾਜ ਜਿਨ੍ਹਾਂ ਨੇ ਸਭ ਕੁਝ ਵਾਹਿਗੁਰੂ ਜੀ ਦੀ ਆਗਿਆ ਸਮਝ ਕੇ ਸਹਿਨ ਕਰ ਲਿਆ।

ਗੁਰੂ ਮਹਾਰਾਜ ਜੀ ਇਥੋਂ ਚਲਦੇ ਹੋਏ 22 ਦਸਬੰਰ ਸਵੇਰ ਤਕ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਜੋ ਇਕ ਹਵੇਲੀ ਵਰਗੀ ਸੀ ਪਰ ਉਚੇ ਸਥਾਨ ਤੇ ਸਥਿਤ ਸੀ, ਵਿਚ ਦਾਖਲ ਹੋ ਗਏ। ਸਵੇਰੇ ਹੀ ਅਣਗਿਣਤ ਫੌਜ ਨੇ ਆ ਕੇ ਉਸ ਗੜ੍ਹੀ ਨੂੰ ਘੇਰ ਲਿਆ, ਉਸ ਗੜ੍ਹੀ ਵਿਚ ਗੁਰੂ ਮਹਾਰਾਜ ਦੇ 40 ਮਰਜੀਵੜੇ ਸਿੱਖ ਦੋ ਸਾਹਿਬਜ਼ਾਦੇ ਗੁਰੂ ਮਹਾਰਾਜ ਜੀ ਦੇ ਨਾਲ ਸਨ, ਸਵੇਰੇ ਹੀ ਯੁੱਧ ਸ਼ੁਰੂ ਹੋ ਗਿਆ। ਦਿਨ ਭਰ 25 ਸਿੰਘ ਇਸ ਗੜ੍ਹੀ ਦੇ ਵਿਚੋਂ ਵਾਰੀ-ਵਾਰੀ ਨਿਕਲ ਕੇ ਸਵਾ ਲੱਖ ਨਾਲ ਇਕ ਦੇ ਲੜਨ ਵਾਲੀ ਗੁਰੂ ਇਛਿਆ ਨੂੰ ਸਾਕਾਰ ਕਰਦੇ ਸਨ। ਨਾ ਕਿਸੇ ਨੂੰ ਘਬਰਾਹਟ ਸੀ, ਗੜ੍ਹੀ ਵਿਚੋਂ

ਮੀਲਾਂ ਤਕ ਇਕ ਵਿਸ਼ਾਲ ਲਸ਼ਕਰ ਨਜ਼ਰ ਆਉਂਦਾ ਸੀ। ਐਉਂ ਲਗਦਾ ਸੀ ਜਿਵੇਂ ਫੌਜਾਂ ਦਾ ਹੜ੍ਹ ਆਇਆ ਹੋਇਆ ਹੈ ਅਤੇ ਸਾਰੇ ਹੀ ਗੜ੍ਹੀ ਤਕ ਪਹੁੰਚਣ ਲਈ ਇਕ ਤੋਂ ਇਕ ਕਾਹਲੇ ਹਨ। 25 ਸਿੰਘਾਂ ਨੇ ਦੁਪਹਿਰ ਤਕ ਯੁੱਧ ਕੀਤਾ। ਸੂਰਜ ਢਲਣਾ ਸ਼ੁਰੂ ਹੋਇਆ, ਉਹ ਪੁਰਜਾ-ਪੁਰਜਾ ਕੱਟ ਕੇ ਸ਼ਹਾਦਤ ਪ੍ਰਾਪਤ ਕਰ ਗਏ ਪਰ ਕਮਾਲ ਇਹ ਸੀ ਕਿ ਕੋਈ ਵੀ ਬੇਦਿਲ ਨਹੀਂ ਹੋਇਆ ਅਤੇ ਕਿਸੇ ਨੇ ਵੀ ਸਸ਼ਤਰ ਨਹੀਂ ਸੁਟਿਆ। ਆਖਰੀ ਦਮ ਤਕ ਸਸ਼ਤਰ ਚਲਾਉਂਦੇ ਰਹੇ। ਇਸ ਪਿਛੋਂ ਸਾਹਿਬਜ਼ਾਦਾ ਅਜੀਤ ਸਿੰਘ ਜਿਨ੍ਹਾਂ ਦੀ ਸਰੀਰਕ ਉਮਰ 18 ਕੁ ਸਾਲ ਦੀ ਸੀ, ਆਪ ਨੇ ਗੁਰੂ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਸ਼ਾਹ! ਮੈਨੂੰ ਵੀ ਆਪਣਾ ਸਰੀਰ ਇਸ ਮਨੁੱਖਤਾ ਦੀ ਰਾਖੀ ਲਈ ਕੀਤੇ ਜਾ ਰਹੇ ਮਹਾਨ ਯੁੱਗ ਰੂਪੀ ਯੁੱਧ ਵਿਚ ਜੂਝ ਕੇ ਸਫਲ ਕਰਨ ਦੀ ਆਗਿਆ ਬਖਸ਼ੋ। ਗੁਰੂ ਮਹਾਰਾਜ ਜੀ ਨੇ ਪ੍ਰਸੰਨਤਾ ਨਾਲ ਆਗਿਆ ਦਿਤੀ, ਆਪਣੇ ਹੱਥੀਂ ਸਸ਼ਤਰ ਸਜਾਏ, ਸਾਹਿਬ ਅਜੀਤ ਸਿੰਘ ਘੋੜੇ ਤੇ ਸਵਾਰ ਹੋਏ ਅਤੇ ਪੰਜ ਸਿੰਘ ਲੈ ਕੇ ਇਸ ਠਾਠਾਂ ਮਾਰਦੇ ਦੁਸ਼ਮਣ ਦਲ ਵਿਚ ਆ ਦਾਖਲ ਹੋਏ। ਉਸ ਵੇਲੇ ਦਾ, ਪਿਆਰ ਵਾਲੇ ਕਵੀ ਯੋਗੀ ਅੱਲਾ ਯਾਰ ਖਾਨ ਨੇ ਇਉਂ ਰੂਪਮਾਨ ਕੀਤਾ ਹੈ -

*ਗੋਬਿੰਦ ਕੇ ਦਿਲਦਾਰ ਕਿਲ੍ਹੇ ਸੇ ਨਿਕਲ ਆਏ।*
*ਵੁਹ ਦੇਖੀਏ ਸਰਕਾਰ ਕਿਲੇ ਸੇ ਨਿਕਲ ਆਏ।*
*ਘੋੜੇ ਪੈ ਹੋ ਅਸਵਾਰ ਕਿਲ੍ਹੇ ਸੇ ਨਿਕਲ ਆਏ।*
*ਲੇ ਹਾਥ ਮੇਂ ਤਲਵਾਰ ਕਿਲ੍ਹੇ ਸੇ ਨਿਕਲ ਆਏ।*
*ਕਿਆ ਵਸਫ ਹੋ ਉਸ ਤੇਗ ਕਾ ਇਸ ਤੇਗੇ ਜੁਬਾਨ ਸੇ।*
*ਵੁਹ ਮਿਆਨ ਸੇ ਨਿਕਲੀ ਨਹੀਂ ਨਿਕਲੀ ਯੇਹ ਵਹਾਂ ਸੇ।*
***ਸ਼ੇਅਰ ੭੮***

ਸਾਹਿਬ ਅਜੀਤ ਸਿੰਘ ਦੀ ਸਸ਼ਤਰ ਵਿਦਿਆ ਨੂੰ ਦੇਖ ਕੇ ਦੁਸ਼ਮਣ ਵੀ ਅਸ਼-ਅਸ਼ ਕਰ ਰਿਹਾ ਹੈ ਕਿਉਂਕਿ ਐਨੀ ਫੁਰਤੀ ਨਾਲ ਤਲਵਾਰ ਚਲ ਰਹੀ ਸੀ, ਕੱਟ ਰਹੀ ਸੀ ਕਿ ਨਿਗ੍ਹਾ ਵੀ ਸਾਥ ਨਹੀਂ ਦੇ ਰਹੀ, ਬਿਜਲੀ ਦੀ ਚਾਲ ਤੋਂ ਘੱਟ ਇਨ੍ਹਾਂ ਦੀ ਚਾਲ ਨਹੀਂ ਸੀ। ਇਨ੍ਹਾਂ ਬਾਰੇ ਵੀ ਇਸੇ ਕਵੀ ਨੇ ਲਿਖਿਆ ਹੈ -

*'ਤਲਵਾਰ ਸੀ, ਤਲਵਾਰ ਥੀ ਕਿਆ ਜਾਨੀਏ ਕਿਆ ਥੀ।*
*ਖ਼ੂੰਖਾਰ ਥੀ, ਖ਼ੂੰਨ ਬਾਜ ਥੀ ਆਫਤ ਥੀ ਬੱਲਾ ਥੀ।*
*ਥੀ ਆਬ ਯਾ ਫੌਲਾਦ ਪੈ ਬਿਜਲੀ ਕੀ ਜਲਾ ਥੀ।*
*'ਯਮ ਰਾਜ' ਕੀ ਅੰਮਾਂ ਥੀ ਵੁਹ ਸ਼ਮਸ਼ੇਰ ਕਜ਼ਾ ਥੀ।*
*ਅਰਦਲ ਮੈਂ ਬਿਚਾਰੇ 'ਮਲਕੱਲ ਮੌਤ' ਖੜੇ ਥੇ*
*ਅਪਨੇ ਸ਼ੁਗਲੇ ਖਾਸ ਮੈਂ ਮਸ਼ੱਗੂਲ ਬੜੇ ਥੇ। **ਸ਼ੇਅਰ ੮੮***

ਇਹ ਪੰਜੇ ਸਿੰਘ ਕਈ ਘੰਟੇ ਯੁਧ ਕਰਦੇ ਰਹੇ। ਉਸ ਵੇਲੇ ਪਹਿਲਾਂ-ਪਹਿਲਾਂ ਇਕ ਐਸੀ ਗੱਲ ਹੋਈ ਕਿ ਪਹਾੜੀ ਰਾਜਿਆਂ, ਨਵਾਬ ਅਤੇ ਮੁਗਲ ਫੌਜਾਂ ਦੇ ਜਰਨੈਲਾਂ ਨੇ ਸਾਹਿਬਜ਼ਾਦੇ ਦੀ ਕਲਾਂ ਨੂੰ ਦੇਖਣ ਲਈ ਹੁਕਮ ਕਰ ਦਿਤਾ। ਇਹ ਛੇ ਸਿੰਘ ਹਨ ਇਨ੍ਹਾਂ ਨਾਲ ਇਕੱਲੇ ਨਾਲ ਇਕੱਲਾ ਯੁੱਧ ਕਰੇ। ਕਾਇਰ ਤਾਂ ਪਿਛੇ ਹਟ ਗਏ, ਅੱਲਾ ਦਾ ਸ਼ੁਕਰ ਕਰਦਿਆਂ ਪਰ ਬਹਾਦਰੀ ਦਾ ਘੁਮੰਡ ਰਖਣ ਵਾਲੇ ਵਾਰੀ-ਵਾਰੀ ਸਾਮ੍ਹਣੇ ਆਉਂਦੇ ਰਹੇ, ਇਤਿਹਾਸ ਦਸਦਾ ਹੈ ਕਿ ਇਨ੍ਹਾਂ ਛੇਆਂ ਨੇ 150 ਦੇ ਕਰੀਬ ਜ਼ਾਲਮਾਂ ਨੂੰ ਸਦਾ ਦੀ ਨੀਂਦ ਆਪਣੀ ਤਲਵਾਰ ਦੀ ਛੋਹ ਦੇ ਕੇ ਸੁਲਾ ਦਿਤਾ। ਉਸ ਵੇਲੇ ਸਾਰੇ ਨਿਯਮ ਤੋੜਦੇ ਹੋਏ ਦੁਸ਼ਟ ਫੌਜ ਦੇ ਜਵਾਨ ਇਨ੍ਹਾਂ ਉਪਰ ਟੁਟ ਪਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਇਕੱਲੇ ਹੀ ਬਹੁਤ ਦੂਰ ਤਕ ਯੁੱਧ ਕਰਦੇ ਨਿਕਲ ਗਏ। ਅੰਤ ਇਸ ਤਰ੍ਹਾਂ ਇਕ ਮਹਾਨ ਘੇਰੇ ਵਿਚ ਫਸੇ ਹੋਏ ਹਨ ਜਿਵੇਂ ਅਭਿਮਨਯੂੰ ਮਹਾਂਭਾਰਤ ਦੇ ਯੁੱਧ ਵਿਚ ਚਕਰਵਿਊ ਨੂੰ ਤੋੜਨ ਲਈ ਮਹਾਨ ਕਿਲੇ ਬੰਦੀ ਵਿਚ ਫਸ ਗਿਆ ਸੀ ਪਰ ਬਾਹਰ ਨਾ ਨਿਕਲ ਸਕਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਤਲਵਾਰ ਟੁੱਟ ਗਈ ਅਤੇ ਇਕ ਸੰਜੋਹ ਪਹਿਨੇ ਹੋਏ ਮੁਗਲ ਸਿਪਾਹੀ ਨੂੰ ਬਰਛੀ ਮਾਰੀ, ਉਹ ਸੰਜੋਅ ਚੀਰ ਕੇ ਹੱਡੀਆਂ ਵਿਚ ਫਸ ਗਈ ਅਤੇ ਸਸ਼ਤਰ ਹੀਣੇ ਹੋ ਕੇ ਸ਼ਹੀਦ ਹੋ ਗਏ। ਉਹ ਆਪਣੇ ਪਵਿੱਤਰ ਸਰੀਰ ਦਾ ਬਲੀਦਾਨ ਦੇ ਕੇ ਅਮਰਾਪੁਰੀ ਵਿਚ ਪ੍ਰਵੇਸ਼ ਹੋ ਗਏ। ਉਨ੍ਹਾਂ ਦੇ ਯੁੱਧ ਨੇ ਗੜ੍ਹੀ ਵਿਚ ਬਾਕੀ ਰਹਿੰਦੇ ਸਿੰਘਾਂ ਨੂੰ ਬਹੁਤ ਹੀ ਉਤਸ਼ਾਹ ਦਿਤਾ ਹੋਇਆ ਸੀ। ਜਿਹੜੇ ਸਿੰਘ ਬਾਕੀ ਰਹਿ ਗਏ ਸਨ ਉਨ੍ਹਾਂ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ 14 ਸਾਲ ਦੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਲਾਡਲੇ ਪੁੱਤਰ ਭੀ ਸਨ, ਉਹ ਅੱਗੇ ਵਧੇ ਅਤੇ ਉਨ੍ਹਾਂ ਨੇ ਕਿਹਾ ਕਿ ਪਿਤਾ ਜੀ! ਵੀਰ ਮੇਰਾ ਸ਼ਹਾਦਤ ਪ੍ਰਾਪਤ ਕਰ ਚੁਕਿਆ ਹੈ, ਮੈਂ ਉਸ ਤੋਂ ਪਿਛੇ ਨਹੀਂ ਰਹਿਣਾ। ਭਾਵੇਂ ਮੇਰੀ ਸਰੀਰਕ ਉਮਰ ਛੋਟੀ ਹੈ ਪਰ ਆਪ ਦੀ ਬਖਸ਼ੀ ਸ਼ਕਤੀ ਰਾਹੀਂ ਮੇਰੇ ਵਿਚ ਅਥਾਹ ਬਲ ਪ੍ਰਵੇਸ਼ ਕਰ ਗਿਆ ਹੈ। ਮੈਨੂੰ ਯੁੱਧ ਕਰਨ ਦੀ ਆਗਿਆ ਦੇਵੋ। ਗੁਰੂ ਮਹਾਰਾਜ ਜੀ ਨੇ ਪਿੱਠ ਉਪਰ ਥਾਪੀ ਦਿਤੀ ਅਤੇ ਛੋਟੇ ਛੋਟੇ ਸਸ਼ਤਰ ਕਮਰਕੱਸੇ ਵਿਚ ਸਜਾਏ। ਛੋਟੀ ਤਲਵਾਰ ਤੇ ਕਮਾਨ ਦੇ ਕੇ ਪਿਤਰੀ ਪਿਆਰ ਦਿਤਾ। ਘੋੜੇ ਤੇ ਸਵਾਰ ਕਰਾ ਕੇ ਪੰਜ ਸਿੰਘ ਨਾਲ ਦਿਤੇ ਅਤੇ ਕਿਹਾ ਬੇਟਾ! ਅੱਜ ਨਿਆਂ ਅਤੇ ਅਨਿਆ ਦਾ ਯੁੱਧ ਹੈ, ਇਹ ਸਾਡੇ ਸ਼ਹੀਦ ਹੋ ਜਾਣ ਨਾਲ ਖਤਮ ਨਹੀਂ ਹੋ ਜਾਣਾ। ਇਹ ਲੰਮਾ ਯੁੱਧ ਹੈ, ਅਧਰਮ ਉਤੇ ਵਿਜੈ ਪ੍ਰਾਪਤ ਕਰਨੀ ਹੈ, ਜਾਓ! ਤੁਸੀਂ ਵੀ ਇਸ ਮਹਾਨ ਕਾਰਜ ਵਿਚ ਆਪਣੇ ਸਰੀਰ ਦੀ ਅਹੂਤੀ ਪਾਓ। ਪਿਆਰਿਓ! ਕਿੱਡਾ ਦਰਦਨਾਕ ਦ੍ਰਿਸ਼ ਹੈ ਜਿਸ ਨੂੰ ਅਸੀਂ ਦੇਖ ਤਾਂ ਕੀ ਸਕਣਾ ਸੀ, ਸੁਣ ਵੀ ਨਹੀਂ ਸਕਦੇ। ਪਿਆਰੇ ਪਿਤਾ ਜਿਸ ਨੇ ਕੋਈ ਮੁਲਕ ਨਹੀਂ ਸੀ ਦਬਾਉਣਾ, ਨਾ ਕਿਸੇ ਦਾ ਰਾਜ ਹੀ ਖੋਹਣਾ ਸੀ ਕੇਵਲ ਦੁਖੀਆਂ ਦੇ ਦੁਖ ਦੂਰ ਕਰਨ ਲਈ ਸੰਸਾਰ ਵਿਚ ਨਿਆਂ ਲਿਆਉਣ ਲਈ ਆਪਣੇ ਸਾਰੇ ਸੁਖ ਦਾਓ ਉਪਰ ਲਾਏ ਹੋਏ ਸਨ। ਅੱਜ ਉਨ੍ਹਾਂ ਦਾ ਪਿਆਰਾ ਪੁੱਤਰ 14 ਸਾਲ ਦਾ ਮਹਾਨ ਜੰਗ ਵਿਚ ਪ੍ਰਵੇਸ਼ ਕਰਨ ਵਾਲਾ ਹੈ। ਪਿਤਾ ਦੇ ਅੱਖਾਂ 'ਚੋਂ ਜਲ ਨਹੀਂ ਜਾ ਰਿਹਾ। ਆਪ ਪ੍ਰਸੰਨ ਹੋ ਕੇ ਪਿੱਠ ਉਪਰ ਥਾਪੀ ਦੇ ਰਹੇ ਹਨ, ਗਲਵੱਕੜੀ ਵਿਚ ਲੈ ਕੇ ਉਚਾ ਚੁਕ ਕੇ ਪਿਆਰ ਦਿਤਾ, ਮੱਥਾ ਚੁੰਮਿਆ, ਥਾਪੀ ਦਿਤੀ ਅਤੇ ਕਿਹਾ ਕਿ ਇਸ ਅਜ਼ਾਦੀ ਦੇ ਘੋਲ ਵਿਚ ਤੂੰ ਵੀ ਆਪਣੀ ਅਹੂਤੀ ਦੇ। ਸੰਸਾਰ ਵਿਚ ਜੋ ਆਇਆ ਹੈ ਉਸ ਨੇ ਜਾਣਾ ਹੀ ਹੈ। ਤੂੰ ਉਹ ਪਦਵੀ ਪ੍ਰਾਪਤ ਕਰ ਜਿਥੇ ਵੱਡੇ-ਵੱਡੇ ਜਤੀ, ਯੋਗੀ, ਦਾਨੀ ਨਹੀਂ ਪਹੁੰਚ ਸਕਦੇ। ਉਸ ਸਾਰੀ ਅਵਸਥਾ ਨੂੰ ਯੋਗੀ ਅੱਲਾ ਯਾਰ ਜੀ ਨੇ ਅੱਖਰਾਂ ਵਿਚ ਰੂਪਮਾਨ ਕਰਦਿਆਂ ਅੰਕਿਤ ਕੀਤਾ ਹੈ -

*'ਭਰਾਈ ਸੀ ਆਵਾਜ਼ ਮੈ ਬੋਲੇ ਗੁਰੂ ਗੋਬਿੰਦ ਸਿੰਘ।*
*ਪਾਲਾ ਹੈ ਤੁਮੇਂ ਨਾਜ਼ ਸੇ ਬੋਲੇ ਗੁਰੂ ਗੋਬਿੰਦ ਸਿੰਘ।*
*ਰੋਕਾ ਨਹੀਂ ਆਗਾਜ਼ ਸੇ ਬੋਲੇ ਗੁਰੂ ਗੋਬਿੰਦ ਸਿੰਘ।*
*ਇਸ ਨੰਨ੍ਹੇ ਸੇ ਜਾਨ ਬਾਜ਼ ਸੇ ਬੋਲੇ ਗੁਰੂ ਗੋਬਿੰਦ ਸਿੰਘ।*

*ਲੋ! ਆਉ ਤੱਨ ਪਾਕ ਪੈ ਹਥਿਆਰ ਸਜਾ ਦੇਂ।*
*ਛੋਟੀ ਸੀ, ਕਮਾਂ-ਨੰਨ੍ਹੀ ਸੀ ਤਲਵਾਰ ਸਜਾ ਦੇਂ।*

ਸ਼ੇਅਰ ੧੦੪

*ਲੋ! ਜਾਉ ਸਿਧਾਰੋ ਤੁਮੇ ਕਰਤਾਰ ਕੋ ਸੌਂਪਾ।*
*ਮਰ ਜਾਉ-ਯਾ-ਮਾਰੋ! ਤੁਮੇਂ ਕਰਤਾਰ ਕੋ ਸੌਂਪਾ।*
*ਰੱਬ ਕੋ ਨ ਬਿਸਾਰੋ! ਤੁਮੇਂ ਕਰਤਾਰ ਕੋ ਸੌਂਪਾ।*
*ਸਿੱਖੀ ਕੋ ਉਭਾਰੋ! ਤੁਮੇਂ ਕਰਤਾਰ ਕੋ ਸੌਂਪਾ।*
*ਵਾਹਿਗੁਰੂ ਅੱਬ ਜੰਗ ਕੀ ਤੁਮੇਂ ਹਿੰਮਤ ਬਖਸ਼ੇਂ।*
*ਪਿਆਸੇ ਹਰ ਜਾਤ ਜਾਮੇਂ ਸ਼ਹਾਦਤ ਤੁਮੇਂ ਬਖਸ਼ੇਂ।*

ਸ਼ੇਅਰ 106

ਸੂਰਜ ਦੇ ਛਪਾਓ ਤਕ ਇਸ ਛੋਟੇ ਵਜੂਦ ਨੇ ਉਹ ਕਮਾਲ ਕੀਤਾ, ਜਿਸ ਦੀ ਸਦੀਆਂ ਤਕ ਪ੍ਰਸ਼ੰਸਾ ਹੁੰਦੀ ਰਹੇਗੀ। ਅਸੀਂ ਤੁਲਨਾ ਨਹੀਂ ਕਰਦੇ ਪਰ ਇਕ ਗੱਲ ਕਹਿਣੀ ਕੁਥਾਂ ਨਹੀਂ ਹੋਵੇਗੀ ਕਿ ਸ੍ਰੀ ਰਾਮ ਚੰਦਰ ਜੀ ਦੀ ਲੰਕਾ ਦੀ ਲੜਾਈ ਵਿਚ ਸ੍ਰੀ ਲਛਮਣ ਜੀ ਮੂਰਛਤ ਹੋ ਗਏ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਦੀ ਬਿਰਹੁੰ ਦੀ ਤਸਵੀਰ ਜੋ ਰਾਮਾਇਣ ਵਿਚ ਖਿਚੀ ਗਈ ਹੈ ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਤਾਂ ਬੈਰਾਗਮਈ ਹੋਣਾ ਹੀ ਸੀ, ਪੜ੍ਹਨ ਵਾਲੇ ਦੇ ਨੇਤਰਾਂ ਵਿਚੋਂ ਵੀ ਜਲ ਦੀਆਂ ਧਾਰਾਂ ਵਹਿ ਤੁਰਦੀਆਂ ਹਨ। ਇਸੇ ਤਰ੍ਹਾਂ ਅਭਿਮਨਯੂ ਦੇ ਯੁੱਧ ਵਿਚ ਸ਼ਹੀਦ ਹੋ ਜਾਣ ਪਿਛੋਂ, ਪੰਜੇ ਪਾਂਡਵ ਕ੍ਰਿਸ਼ਨ ਮਹਾਰਾਜ ਦੇ ਦਿਲਾਸਾ ਦੇਣ ਤੇ ਵੀ ਸ਼ਾਂਤ ਨਹੀਂ ਹੁੰਦੇ ਬੱਚਿਆਂ ਵਾਂਗੂੰ ਵਿਛੋੜੇ ਵਿਚ ਰੋ ਰਹੇ ਹਨ। ਵਸ਼ਿਸ਼ਟ ਜੀ ਜੋ ਸ੍ਰੀ ਰਾਮ ਚੰਦਰ ਜੀ ਦੇ ਅਧਿਆਤਮਕ ਗੁਰੂ ਸਨ, ਸੌ ਪੁਤਰਾਂ ਦੇ ਮਰਨ ਦਾ ਵਿਛੋੜਾ ਨਾ ਸਹਿਣ ਕਰਦੇ ਹੋਏ ਸਤਿਲੁਜ ਵਿਚ ਪ੍ਰਾਣ ਛੱਡਣ ਲਈ ਆਏ ਪਰ ਦਰਿਆ ਸੌ ਧਾਰਾਂ ਵਿਚ ਹੋ ਕੇ ਵਗਣ ਲਗ ਗਿਆ ਅਤੇ ਸਤਦ੍ਰਵ ਕਹਾਇਆ। ਪਰ ਧੰਨ ਸਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਦੀ ਉਸ ਵੇਲੇ ਦੀ ਹਾਲਤ ਨੂੰ ਰੂਪਮਾਨ ਕਰਦਿਆਂ ਇਸੇ ਕਵੀ ਨੇ ਲਿਖਿਆ ਹੈ -

*ਯਾਕੂਬ ਕੋ ਯੂਸਫ ਕੇ ਬਿਛੜਨੇ ਨੇ ਰੁਲਾਇਆ,*
*ਸਾਬਰ ਕੋਈ ਕੰਮ ਐਸਾ ਰਸੂਲੂੰ ਮੈ ਹੈ ਆਇਆ।*
*ਕਟਵਾ ਕੇ ਪਿਸਰ ਚਾਰ ਇਕ ਆਂਸੂੰ ਨ ਗਿਰਾਇਆ,*
*ਰੁਤਬਾ ਗੁਰੂ ਗੋਬਿੰਦ ਸਿੰਘ ਨੇ ਰਿਸ਼ੀਓਂ ਕਾ ਬੜਾਇਆ।*

ਇਕ ਹੋਰ ਪ੍ਰੇਮੀ ਸ਼ੇਰੇ ਪੰਜਾਬ ਦੇ ਐਡੀਟਰ ਅਮਰ ਸਿੰਘ ਨੇ ਇਸ ਵਾਕੇ ਦਾ ਜ਼ਿਕਰ ਆਪਣੀ ਕਵਿਤਾ ਰਾਹੀਂ ਕੀਤਾ ਹੈ -

*ਉਠਤੀ ਜਵਾਨੀਉਂ ਕੋ ਲੁੱਟਾ ਕਰ ਚਲੇ ਗਏ,*
*ਸੀਨੇ ਮੈਂ ਆਰਜ਼ੂਏਂ ਦਬਾ ਕਰ ਚਲੇ ਗਏ।*
*ਚਮਕੌਰ ਮੈਂ ਨਾ ਬੂੰਦ ਬੀ ਪਾਨੀ ਕੀ ਮਿਲ ਸਕੀ,*
*ਖ਼ੂੰਨੇ ਜਿਗਰ ਸੇ ਪਿਆਸ ਬੁਝਾ ਕਰ ਚਲੇ ਗਏ।*
*ਭੂਖੇ ਥੇ ਰਾਤ ਕੇ, ਸ਼ਾਹਾ ਹਰ ਦੋ ਜਹਾਂ ਕੇ ਲਾਲ,*
*ਵਾਹ ਹਸਰਤਾਂ ਕਿ ਤੀਰ ਹੀ ਖਾ ਕਰ ਚਲੇ ਗਏ।*
*ਫਰਿਆਦ ਹੈ ਕਿ ਬਾਪ ਕੀ ਆਖੋਂ ਕੇ ਸਾਹਮਨੇ,*
*ਦੋਨੌ ਜਵਾਂ ਸਿਰ ਅਪਨਾ ਕਟਵਾ ਕਰ ਚਲੇ ਗਏ।*
*ਐਹ ਆਸਮਾਂ! ਵਹੁ ਕੌਣ ਥੇ? ਆ ਕਰ ਜੋ ਧਰ ਮੈਂ,*
*ਬਾਰੇ ਸਿਤਮ ਸਿਰੋਂ ਪਰ ਉਠਾ ਕਰ ਚਲੇ ਗਏ।*
*ਉਠਤੀ ਜਵਾਨੀਉਂ ਕੀ ਉਮੰਗੇਂ ਹਜ਼ਾਰ ਹਾ,*
*ਮਿੱਟੀ ਮੈਂ ਆਪ ਹੀ ਵਹੁ ਮਿਲਾ ਕਰ ਚਲੇ ਗਏ।*
*ਥੀ ਮੁਨਤਜ਼ਿਰ ਬਰਾਤ ਫਰਿਸ਼ਤੋਂ ਕੀ ਅਰਸ਼ ਪਰ,*
*ਜ਼ੋਰਾਵਰ ਜੋ ਸਿਹਰੇ ਬੰਧਾ ਕਰ ਚਲੇ ਗਏ।*
*ਸਾਤੋਂ ਸਮੁੰਦਰੋਂ ਸੇ ਬੁਝਾਈ ਨ ਜਾ ਸਕੇ,*
*ਐਸੀ ਦਿਲੋਂ ਮੈਂ ਆਗ ਲਗਾ ਕਰ ਚਲੇ ਗਏ।*
*ਆਏ ਥੇ ਕਾਰੇ ਜ਼ਾਰ ਮੁਬੱਬਤ ਮੈਂ ਦੇ ਕੇ ਜਾਨ,*
*ਮਿਹਰੋ ਵਫਾ ਕਾ ਐਹਦ ਨਿਭਾ ਕਰ ਚਲੇ ਗਏ।*
*ਸੁੰਦਰੀ ਕੇ ਲਾਲ ਸ਼ੇਰੇ ਦਿਲਵਾਰ ਅਜੀਤ ਸਿੰਘ,*
*ਕੁਸ਼ਤੂੰ ਕੇ ਪੁਸ਼ਤੇ ਰੰਨ ਮੈਂ ਲਗਾ ਕਰ ਚਲੇ ਗਏ।*
*ਮਨਸੂਰ ਇਨ ਪੈ ਰਹਿਮਤੇਂ ਪਰਵਰਦਗਾਰ ਕੀ,*
*ਉਜੜਾ ਹੂਆ ਵਤਨ ਜੋ ਬਸਾ ਕਰ ਚਲੇ ਗਏ।*

ਯੁੱਧ ਥੰਮ ਗਿਆ, ਗੁਰੂ ਮਹਾਰਾਜ ਜੀ ਨਾਲ 11 ਸੂਰਮੇ ਰਹਿ ਗਏ, 29 ਉਥੇ ਸ਼ਹੀਦੀਆਂ ਪਾ ਗਏ। ਗੁਰੂ ਮਹਾਰਾਜ ਜੀ ਦੀ ਵਿਚਾਰ ਫਿਲਾਸਫੀ ਮੁਤਾਬਿਕ ਕਾਲ ਅਵੱਸ਼ ਆਉਂਦਾ ਹੈ, ਗਿਣੇ ਹੋਏ ਸ੍ਵਾਸ ਪੂਰੇ ਹੋਣ ਪਿਛੋਂ ਸਰੀਰ ਛੱਡ ਕੇ ਜੀਵ ਚਲਿਆ ਜਾਂਦਾ ਹੈ। ਜਿਵੇਂ ਕਿ ਫੁਰਮਾਨ ਹੈ -

*ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥*

ਪੰਨਾ - 254

*ਜੋ ਕਹੂੰ ਕਾਲ ਤੇ ਭਾਜ ਕੈ ਬਾਚਯਤ ਤੌ ਚਹੁ ਕੁੰਟ ਬਿਖੇ ਭਜ ਜੱਯੈ।*
*ਆਗੇ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹਤੋ ਨਸ ਅਯੈ।*
*ਐਸੋ ਨ ਕੈ ਗਯੋ ਕੋ ਉਸੁ ਦਾਵਰੇ ਜਾਹਿ ਉਪਾਵ ਸੋ ਘਾਵ ਬਚਯੈ।*
*ਜਾਤੇ ਨ ਛੂਟੀਐ ਮੂੜ ਕਹੂੰ ਹਸ ਤਾਕੀ ਨ ਕਿਉਂ ਸਰਨਾਗਤ ਪੱਯੈ।*

ਗੜ੍ਹੀ ਨੂੰ ਘੇਰਨ ਵਾਲੇ ਨਾਮੀ ਸਰਦਾਰ ਜਿਨ੍ਹਾਂ ਦੀ ਸੂਰਮਤਾਈ ਭਾਰਤ ਵਿਚ ਮੰਨੀ ਜਾਂਦੀ ਹੈ ਉਹ ਸਨ ਨਾਹਰ ਖਾਂ, ਹੈਬਤ ਖਾਂ, ਇਸਮਾਈਲ ਖਾਂ, ਉਸਮਾਨ ਖਾਂ, ਸੁਲਤਾਨ ਖਾਂ, ਖ੍ਵਾਜਾਖਿਜ਼ਰ ਖਾਂ, ਜਹਾਨ ਖਾਂ, ਨਜੀਬ ਖਾਂ, ਮੀਆਂ ਖਾਂ, ਦਿਲਵਾਰ ਖਾਂ, ਸੈਦ ਖਾਂ, ਜ਼ਬਰਦਸਤ ਖਾਂ, ਵਜ਼ੀਦ ਖਾਂ, ਗੁਲਬੇਗ ਖਾਂ ਆਦਿਕ। ਗੁਰੂ ਮਹਾਰਾਜ ਜੀ ਦੇ ਮਹਾਨ ਸੂਰਮੇ ਆਲਮ ਸਿੰਘ, ਮਾਨ ਸਿੰਘ, ਦਯਾ ਸਿੰਘ, ਮੋਹਕਮ ਸਿੰਘ ਆਦਿ ਇਕ ਤੋਂ ਇਕ ਚੜ੍ਹਦੇ ਸਨ। ਹੁਣ ਰਾਤ ਪੈ ਚੁਕੀ ਸੀ ਸਿੰਘਾਂ ਨੇ ਸੋਚ ਵਿਚਾਰ ਕੇ ਮਤਾ ਪਾਸ ਕਰਿਆ ਅਤੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਆਪ ਇਸ ਜੰਗ ਵਿਚੋਂ ਭਾਵੇਂ ਸ਼ਕਤੀ ਵਰਤ ਕੇ, ਭਾਵੇਂ ਮਨੁੱਖੀ ਤਾਕਤ ਵਰਤ ਕੇ ਬਾਹਰ ਚਲੇ ਜਾਓ ਅਤੇ ਪੰਥ ਦੀ ਮੁੜ ਸਾਜਨਾ ਕਰੋ। ਬਾਰ-ਬਾਰ ਬੇਨਤੀ ਕਰਨ ਤੇ ਆਪ ਨੇ ਬੇਨਤੀ ਮੰਨ ਲਈ ਜੋ ਇਕ ਹੁਕਮਨਾਮੇ ਦੇ ਰੂਪ ਵਿਚ ਸੀ।

ਗੁਰੂ ਮਹਾਰਾਜ ਜੀ ਨੇ ਭਾਈ ਸੰਗਤ ਸਿੰਘ ਨੂੰ ਜੋ ਐਨ ਹੂ-ਬ-ਹੂ ਗੁਰੂ ਮਹਾਰਾਜ ਦੇ ਸਰੂਪ ਨਾਲ ਮਿਲਦੇ ਜੁਲਦੇ ਸਨ, ਨੂੰ ਆਪਣੀ ਜਗ੍ਹਾਂ ਤੇ ਬਿਠਾਇਆ, ਆਪਣਾ ਪੁਸ਼ਾਕਾ ਦਿਤਾ। ਉਸ ਵੇਲੇ ਆਪ ਨੇ ਬਚਨ ਕੀਤਾ ਕਿ ਪੰਜ ਸਿੰਘ, ਪੀਰਾਂ ਦੇ ਪੀਰ, ਗੁਰੂ ਦੇ ਸਰੂਪ, ਮੇਰੇ ਨਾਲ ਅਭੇਦ ਰਹਿਣਗੇ। ਜਦੋਂ ਤਕ ਉਚ ਅਸੂਲਾਂ ਤੋਂ ਗਿਰਾਵਟ ਨਹੀਂ ਹੋ ਜਾਂਦੀ ਮੈਂ ਪੰਥ ਖਾਲਸੇ ਦੀ ਸੰਭਾਲ ਕਰਾਂਗਾ।

*ਪੰਥ ਖਾਲਸਾ ਖੇਤੀ ਮੇਰੀ ਕਰਹੁੰ ਸੰਭਾਲ ਮੈ ਤਿਸ ਕੇਰੀ।*

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਆਪਣਾ ਧਨੁਖ ਅਤੇ ਕਈ ਸੌ ਤੀਰ ਸੌਂਪੇ ਅਤੇ ਕਿਹਾ

ਕਿ ਤੁਸੀਂ ਇਥੇ ਬੈਠ ਕੇ ਹੌਲੀ-ਹੌਲੀ ਤੀਰ ਛਡਦੇ ਜਾਣਾ। ਭਾਈ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ ਇਨ੍ਹਾਂ ਚੌਹਾਂ ਨੂੰ ਚੌਹਾਂ ਬੁਰਜਾਂ ਵਿਚ ਬਿਠਾ ਕੇ ਹੌਲੀ-ਹੌਲੀ ਬੰਦੂਕਾਂ ਚਲਾਉਂਦੇ ਤੇ ਜੀਵਨ ਸਿੰਘ ਮਜ਼੍ਹਬੀ, ਕਾਠਾ ਸਿੰਘ ਰਵਦਾਸੀਏ ਨੂੰ ਨਗਾਰਾ ਵਜਾਉਣ ਦਾ ਹੁਕਮ ਦਿਤਾ। ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਇਨ੍ਹਾਂ ਤਿੰਨਾਂ ਨੂੰ ਸਨਧਬੱਧ ਕਰਕੇ ਗੜ੍ਹੀ ਦੇ ਛੋਟੇ ਦਰਵਾਜ਼ੇ ਤੋਂ ਨਿਕਲ ਕੇ ਸ਼ਾਹੀ ਲਸ਼ਕਰ ਵਿਚ ਦਾਖਲ ਹੋ ਗਏ। ਗੁਰੂ ਮਹਾਰਾਜ ਜੀ ਨੇ ਉਸ ਵੇਲੇ ਚੋਰੀ ਜਾਣ ਨੂੰ ਬਿਲਕੁਲ ਚੰਗਾ ਨਾ ਸਮਝਿਆ। ਸੂਰਮਤਾਈ ਦੇ ਅਸੂਲਾਂ ਨੂੰ ਅਤੇ ਮਨੁੱਖ ਦੇ ਅਤਿ ਉਚੇ ਅਸੂਲਾਂ ਨੂੰ ਸਾਮ੍ਹਣੇ ਰਖਦਿਆਂ ਹੋਇਆਂ ਉਚੀ ਅਵਾਜ਼ ਵਿਚ ਕਿਹਾ ਕਿ ਹਿੰਦ ਦਾ ਪੀਰ ਜਾ ਰਿਹਾ ਹੈ। ਅੰਧੇਰੀ ਰਾਤ ਸੀ, ਹੱਥ ਮਾਰਿਆਂ ਦਿਸਦਾ ਨਹੀਂ ਸੀ, ਫੌਜ ਆਪੋ ਵਿਚ ਹੀ ਲੜ ਕੇ ਮਰ ਗਈ। ਗੁਰੂ ਮਹਾਰਾਜ ਜੀ ਮਾਛੀਵਾੜੇ ਪਹੁੰਚਦੇ ਹਨ ਉਥੋਂ ਉਚ ਦੇ ਪੀਰ ਹੋ ਕੇ ਮੰਜੇ ਉਪਰ ਬੈਠ ਕੇ ਮਾਛੀਵਾੜੇ ਤੋਂ ਬਾਹਰ ਨਿਕਲਦੇ ਹਨ ਪਰ ਪੰਜ ਹਜ਼ਾਰ ਫੌਜ ਨੇ ਘੇਰਾ ਪਾਇਆ ਹੋਇਆ ਸੀ, ਉਨ੍ਹਾਂ ਨੇ ਇਹ ਸ਼ੱਕ ਕਰਕੇ ਕਿ ਕਿਤੇ ਇਹ ਗੁਰੂ ਗੋਬਿੰਦ ਸਿੰਘ ਹੀ ਨਾ ਹੋਣ ਇਨ੍ਹਾਂ ਨੂੰ ਰੋਕ ਲਿਆ। ਦੂਸਰੇ ਦਿਨ ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ ਜਿਸ ਨੇ ਗੁਰੂ ਮਹਾਰਾਜ ਜੀ ਨੂੰ ਫਾਰਸੀ ਪੜ੍ਹਾਈ ਸੀ, ਸੱਦਿਆ। ਸੱਯਦ ਅਨਾਯਤ ਅਲੀ ਨੂਰਪੁਰੀਆ, ਸੱਯਦ ਹਸਨ ਅਲੀ ਮੋਠੂ ਮਾਜਰੀਆ ਸੱਦੇ ਗਏ। ਇਨ੍ਹਾਂ ਨੇ ਕਿਹਾ ਕਿ ਪੀਰਾਂਨ ਪੀਰ ਜਾ ਰਹੇ ਹਨ, ਤੁਸੀਂ ਬਹੁਤ ਬੁਰਾ ਕਰਿਆ, ਇਨ੍ਹਾਂ ਨੂੰ ਰੋਕ ਕੇ ਤੁਸੀਂ ਕਾਮਲ ਪੀਰ ਜੀ ਦੀ ਬੇਅਦਬੀ ਕੀਤੀ ਹੈ ਜੋ ਅੱਲਾਹ ਦੀ ਦਰਗਾਹ ਵਿਚ ਭੀ ਮੁਆਫ ਨਹੀਂ ਹੋਣੀ। ਗਨੀ ਖਾਂ, ਨਬੀ ਖਾਂ ਨਾਲ ਸਨ। ਉਸ ਫੌਜੀ ਅਫਸਰ ਨੇ ਸਿਜਦਾ ਕੀਤਾ, ਗੁਰੂ ਮਹਾਰਾਜ ਜੀ ਦੀ ਪਲੰਘ ਦੀ ਸਵਾਰੀ ਪੰਜ ਕੋਹ ਹੇਠਾਂ ਜਾ ਕੇ ਰੱਖ ਦਿਤੀ। ਇਸ ਤਰ੍ਹਾਂ ਚਲਦੇ ਹੋਏ ਰਾਏ ਕੱਲੇ ਪਾਸ ਰਾਏਕੋਟ ਪਹੁੰਚਦੇ ਹਨ। ਰਾਏ ਕੱਲੇ ਨੇ ਗੁਰੂ ਮਹਾਰਾਜ ਦਾ ਜਿਸ ਵਕਤ ਸਾਰਾ ਹਾਲ ਸੁਣਿਆ ਉਸ ਵੇਲੇ ਉਸਨੇ ਬਹੁਤ ਹੀ ਬੈਰਾਗ ਕੀਤਾ। ਗੁਰੂ ਮਹਾਰਾਜ ਜੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲਿਆਉਣ ਲਈ ਮਾਹੀ ਨੂੰ ਸਰਹੰਦ ਭੇਜਿਆ, ਉਸ ਨੇ ਆ ਕੇ ਸਾਰਾ ਹਾਲ ਰੋ ਰੋ ਕੇ ਦਸਿਆ। ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਬਾਰੇ ਸੁਣ ਕੇ ਰਾਏ ਕੱਲੇ ਅਤੇ ਹੋਰ ਜੋ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੇ ਸਨ ਉਨ੍ਹਾਂ ਦੀਆਂ ਅੱਖਾਂ ਵਿਚ ਐਨਾ ਜਲ ਵਹਿ ਤੁਰਿਆ ਕਿ ਰੁਕਣ ਵਿਚ ਹੀ ਨਾ ਆਵੇ। ਗੁਰੂ ਮਹਾਰਾਜ ਜੀ ਨੇ ਕਿਹਾ ਵਾਹਿਗੁਰੂ ਜੀ ਦੀ ਨੇਤ ਹੈ ਜਿਸ ਨੂੰ ਅਸੀਂ ਭਾਵੀ ਆਖਦੇ ਹਾਂ, ਇਹ ਤਾਂ ਜੋ ਕੁਝ ਹੋਣਾ ਹੈ ਉਹ ਹੋ ਕੇ ਰਹਿੰਦਾ ਹੈ, ਭਾਵੇਂ ਵੱਡਾ ਹੋਵੇ, ਭਾਵੇਂ ਛੋਟਾ ਹੋਵੇ ਭਾਵੀ ਵਰਤਦੀ ਹੀ ਹੈ। ਉਸ ਮਾਹੀ ਨੇ ਦਸਿਆ ਕਿ ਸੱਚੇ ਪਾਤਸ਼ਾਹ! ਆਪ ਦੇ ਪਾਸ ਰਹਿਣ ਵਾਲਾ ਸੇਵਾਦਾਰ ਗੰਗੂ, ਖੇੜੀ ਵਾਲਾ, ਬੇਈਮਾਨ ਹੋ ਗਿਆ ਅਤੇ ਉਸ ਨੇ ਜੋ ਧਨ ਮਾਤਾ ਗੁਜਰੀ ਜੀ ਪਾਸ ਸੀ ਉਹ ਲੁਕਾ ਲਿਆ। ਇਥੇ ਹੀ ਉਸ ਨੇ ਬਸ ਨਹੀਂ ਕੀਤੀ ਮੁਰਿੰਡੇ ਖਬਰ ਭੇਜ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਾ ਦਿਤਾ। ਉਸ ਵੇਲੇ ਸਾਰੇ ਸਰੋਤਿਆਂ ਦੇ ਸਾਮ੍ਹਣੇ ਮਾਹੀ ਨੇ ਕਿਹਾ ਕਿ ਦੋਨਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਬਗੈਰ ਕੋਈ ਕਪੜਾ ਕੰਬਲ ਦਿਤਿਆਂ ਪਹਿਨੇ ਹੋਏ ਕਪੜਿਆਂ ਸਮੇਤ ਹੀ ਠੰਢੇ ਬੁਰਜ ਵਿਚ ਕੈਦ ਕਰ ਦਿਤਾ ਜਿਥੇ ਹਵਾ ਤੋਂ ਬਚਣ ਲਈ ਕੋਈ ਓਟ ਨਹੀਂ ਹੈ। ਮਾਤਾ ਜੀ ਦੀ ਗੋਦੀ ਵਿਚ ਸਾਹਿਬਜ਼ਾਦੇ ਜਿਨ੍ਹਾਂ ਦੀ ਉਮਰ 5-7 ਸਾਲ ਦੀ ਦੱਸੀ ਜਾਂਦੀ ਹੈ, ਉਹ ਲੇਟੇ ਹੋਏ ਸਨ ਅਤੇ ਮਾਤਾ ਜੀ ਨਾਲ ਗੱਲਬਾਤ ਕਰ ਰਹੇ ਸਨ ਕਿ ਮਾਤਾ ਜੀ! ਪਿਤਾ ਗੁਰੂ ਜੀ ਦਾ ਕੀ ਹਾਲ ਹੈ, ਭਰਾਤਾ ਕਿਥੇ ਹੋਣੇ ਨੇ? ਆਪਾਂ ਇਥੇ ਕਿਥੇ ਆਏ ਹਾਂ? ਮਾਤਾ ਜੀ ਉਨ੍ਹਾਂ ਨੂੰ ਸੁਖਮਨੀ ਸਾਹਿਬ ਦੀ ਬਾਣੀ ਸੁਣਾ ਕੇ ਸਮਝਾ ਰਹੇ ਸਨ ਕਿ ਬੇਟਿਓ! ਸੰਸਾਰ ਦੇ ਉਪਰ ਧਰਮ ਰਖਣਾ ਸਭ ਤੋਂ ਵੱਡੀ ਚੀਜ਼ ਹੈ, ਸੰਸਾਰ ਵਿਚੋਂ ਜਾਣਾ ਸਭ ਨੇ ਹੈ ਪਰ ਆਪਣੇ ਧਰਮ ਉਪਰ ਸ਼ਹਾਦਤ ਦੇ ਦੇਣੀ ਇਹ ਮਹਾਨ ਜੀਵਨ ਦੇ ਹਿੱਸੇ ਹੀ ਆਇਆ ਕਰਦਾ ਹੈ। ਤੁਹਾਡੇ ਪਿਤਾ ਦੀ ਚਾਦਰ ਬਿਨਾਂ ਦਾਗ ਤੋਂ ਹੈ। ਮੈਨੂੰ ਨਹੀਂ ਲਗਦਾ ਕਿ ਇਹ ਸਾਨੂੰ ਇਥੋਂ ਛਡ ਦੇਣ, ਹੋ ਸਕਦਾ ਹੈ ਸਾਨੂੰ ਇਹ ਇਸਲਾਮ ਵਿਚ ਆਉਣ ਲਈ ਕਹਿਣ। ਤੁਸੀਂ ਆਪਣੇ ਪਿਤਾ ਦੀ ਚਾਦਰ ਨੂੰ ਦਾਗ ਨਹੀਂ ਲਾਉਣਾ ਅਤੇ ਸਾਬਤ ਕਦਮ ਰਹਿ ਕੇ ਸੰਸਾਰ ਤੋਂ ਜਾਣਾ ਹੈ। ਸਾਹਿਬ ਜ਼ੋਰਾਵਰ ਸਿੰਘ ਜੀ ਨੇ ਕਿਹਾ, "ਮਾਤਾ ਜੀ! ਪ੍ਰਮੇਸ਼ਰ ਤਾਂ ਇਕੋ ਹੈ ਉਹ ਆਪ ਹੀ ਪਸਰ ਰਿਹਾ ਹੈ ਜਿਵੇਂ ਹੁਣੇ ਤੁਸੀਂ ਪੜ੍ਹਿਆ ਸੀ -

***ਪਾਰਬ੍ਰਹਮ ਕੇ ਸਗਲੇ ਠਾਉ॥***

*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਅਗਿਆਨ ਕਰਕੇ ਇਹ ਜੀਵ ਹਉਮੈ ਰੋਗ ਵਿਚ ਗ੍ਰਸਿਆ ਵਾਹਿਗੁਰੂ ਜੀ ਨਾਲੋਂ ਟੁਟ ਕੇ ਜੀਵ ਉਪਾਧੀ ਧਾਰਨ ਕਰਕੇ ਦੁਖੀ ਹੋ ਰਿਹਾ ਹੈ। ਸਾਰੇ ਧਰਮ ਇਹੋ ਹੀ ਤਾਂ ਦਸਦੇ ਹਨ ਕਿ ਸਮਰੱਥ ਗੁਰੂ ਰਾਹੀਂ ਗਿਆਨ ਹੋਣ ਤੇ ਇਹ ਵਾਹਿਗੁਰੂ ਜੀ ਦਾ ਹੀ ਰੂਪ ਹੋ ਜਾਂਦਾ ਹੈ। ਇਸਲਾਮ, ਆਰੀਅਨ ਧਰਮ, ਗੁਰਮਤਿ ਮਾਰਗ ਸਾਰੇ ਇਕੋ ਹੀ ਹਨ ਫਿਰ ਮੌਤ ਦਾ ਡਰ ਦੇ ਕੇ ਖਿਚਾ ਖਿਚੀ ਕਿਉਂ ਕਰਦੇ ਹਨ।

ਮਾਤਾ ਜੀ ਨੇ ਕਿਹਾ, "ਬੇਟਿਓ! ਇਹੋ ਗੱਲ ਤਾਂ ਗੁਰਮਤਿ ਸਮਝਾਉਂਦੀ ਹੈ। ਪ੍ਰਹਿਲਾਦ ਨੂੰ ਉਸ ਦਾ ਪਿਤਾ ਹਰਿਨਾਕਸ਼ ਪ੍ਰਭੂ ਭਗਤੀ ਤੋਂ ਜਬਰੀ ਮੌਤ ਦਾ ਡਰ ਦੇ ਕੇ ਹਟਾਉਂਦਾ ਸੀ ਪਰ ਪ੍ਰਹਿਲਾਦ ਦੇ ਦਿਬਜ ਨੇਤਰ ਖੁਲ੍ਹੇ ਹੋਣ ਕਰਕੇ ਉਸ ਨੂੰ ਹਰ ਘਟ ਵਿਚ ਪ੍ਰਭੂ ਹੀ ਦਿਸਦਾ ਸੀ। ਪ੍ਰਭੂ ਨੇ ਉਸ ਦੀ ਰਾਖੀ ਕੀਤੀ। ਬੱਚਿਓ! ਆਤਮਾ ਸਾਰੇ ਪਸਾਰੇ ਦੀ ਇਕੋ ਹੈ ਇਕ ਬ੍ਰਹਮ ਹਰ ਥਾਂ ਹੈ। ਉਹ ਆਪ ਹੀ ਅਨੇਕ ਰੂਪ ਧਾਰ ਕੇ ਆਪਣੇ ਖੇਲ ਖੇਲ੍ਹ ਰਿਹਾ ਹੈ। ਤੁਹਾਡੇ ਪਿਤਾ ਜੀ ਨੇ ਫੁਰਮਾਨ ਕੀਤਾ ਹੈ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

*ਜਾਪੁ ਸਾਹਿਬ*

ਇਥੇ ਜੰਮਦਾ ਮਰਦਾ ਕੁਝ ਨਹੀਂ। ਸਾਰੇ ਨਿਰੰਕਾਰ ਦੀ ਜੋਤ ਹੀ ਅਨੇਕ ਰੂਪਾਂ ਵਿਚ ਖੇਲ੍ਹ ਕਰ ਰਹੀ ਹੈ ਜਿਵੇਂ -

*ਜਿਮੀ ਜਮਾਨ ਕੇ ਬਿਖੈ*
*ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ*
*ਨ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਸੰਜਮ ਤੇ ਮਰਿਆਦਾ ਹੀਣ ਜੀਵਨ ਮੁਰਦਾ ਹੈ, ਕੇਵਲ ਨਾਮੀ ਹੀ ਜਿਉਂਦਾ ਹੈ ਕਿਉਂਕਿ ਉਸ ਦੇ ਅੰਦਰੋਂ ਅਗਿਆਨ ਦਾ ਖਾਤਮਾ ਹੋ ਗਿਆ। ਇਹ ਲੋਕ ਮਹਾਂ ਅੰਧਕਾਰ ਵਿਚ ਹਨ। ਇਹ ਕਹਿੰਦੇ ਹਨ, ਆਪਣਾ ਧਰਮ ਛੱਡ ਕੇ ਅਸਾਡਾ ਧਰਮ ਅਪਣਾਅ ਲਵੋ, ਇਹ ਇਨ੍ਹਾਂ ਦੀ ਮਹਾਨ ਭੁੱਲ ਹੈ। ਮੌਤ ਦਾ ਡਰ ਦਿੰਦੇ ਹਨ। ਗਿਆਨੀ ਨੂੰ ਪਤਾ ਹੈ ਕਿ ਆਤਮਾ ਸਦਾ ਸਦਾ ਜਿਉਂਦੀ ਹੈ, ਮੌਤ ਉਸ ਵਿਚ ਹੈ ਹੀ ਨਹੀਂ, ਉਹ ਆਪਣੇ ਅਸੂਲਾਂ ਤੇ ਜੀਵਨ ਗੁਜ਼ਾਰਦੇ ਹਨ ਅਤੇ ਸਰੀਰ ਦਾ ਬਲੀਦਾਨ ਦੇਣ ਤੋਂ ਕਦੇ ਭੀ ਸੰਕੋਚ ਨਹੀਂ ਕਰਦੇ। ਤੁਹਾਡੇ ਦਾਦਾ ਗੁਰੂ ਜੀ ਨੇ ਹਿੰਦੂਆਂ ਦੇ ਧਰਮ ਤਿਲਕ ਜੰਞੂ ਦੀ ਰਾਖੀ ਕਰਦਿਆਂ ਮਹਾਨ ਸਾਕਾ ਕੀਤਾ। ਸੀਸ ਦੇ ਦਿਤਾ ਪਰ ਆਪਣੇ ਅਸੂਲ ਨਹੀਂ ਤਿਆਗੇ, ਉਨ੍ਹਾਂ ਦੇ ਦਾਦਾ ਜੀ ਤੱਤੀਆਂ ਤਵੀਆਂ ਤੇ ਬਿਠਾਏ ਗਏ, ਪਾਣੀ ਵਿਚ ਉਬਾਲੇ ਗਏ ਪਰ ਕੋਈ ਸਰਾਪ ਦੇਣ ਦੀ ਥਾਂ ਪ੍ਰਭੂ ਦੇ ਭਾਣੇ ਨੂੰ ਮਿੱਠਾ ਜਾਣਦੇ ਹੀ ਮਹਾਨ ਬਲੀਦਾਨ ਦੇ ਗਏ। ਬੇਟਿਓ! ਹਰ ਬਲੀਦਾਨ ਮੁਰਦਾ ਹੋ ਚੁੱਕੇ ਸਮਾਜ ਵਿਚ ਗਿਆਨ ਅਤੇ ਨਰੋਇਆਪੁਣ ਲਿਆਉਂਦਾ ਹੈ। ਇਸ ਕਰਕੇ ਡਰਨਾ ਨਹੀਂ, ਸੀਸ

ਜਾਂਦਾ ਹੈ ਤਾਂ ਪਿਆ ਚਲਿਆ ਜਾਵੇ ਪਰ ਸੱਚ ਧਰਮ ਨੂੰ ਕਦੇ ਭੀ ਡਰ, ਲਾਲਚ ਵਿਚ ਆ ਕੇ ਤਿਆਗਣਾ ਨਹੀਂ। ਤੁਹਾਡੇ ਦਾਦਾ ਜੀ ਤੁਹਾਨੂੰ ਲੈਣ ਆ ਰਹੇ ਹਨ, ਅਮਰਾਪੁਰੀ ਵਿਚ ਆਪਾਂ ਸਭਨਾਂ ਨੇ ਜਾਣਾ ਹੈ। ਤੁਹਾਡੇ ਪਿਤਾ ਜੀ ਇਕ ਬਚਿਤ੍ਰ ਨਾਟਕ ਕਰ ਰਹੇ ਹਨ, ਸਰਬ ਕਲਾ ਸਮਰੱਥ ਹਨ, ਇਕ ਫੁਰਨਾ ਕਰ ਦੇਣ ਨਾਲ ਸਭ ਕੁਝ ਨਸ਼ਟ ਭ੍ਰਸ਼ਟ ਕਰ ਦੇਣ ਪਰ ਇਥੇ ਇਕੋ ਵਾਹਿਗੁਰੂ ਜੀ ਪਰੀਪੂਰਨ ਹਨ, ਸਰਾਪ ਕਿਸਨੂੰ ਦੇਣਾ ਹੈ। ਇਸ ਲਈ ਉਹ ਖੇਚਲ ਸਹਿ ਕੇ ਭੀ ਅਤਿ ਉਚੇ ਸੂਖਮ ਗੁਣਾਂ ਨੂੰ ਉਭਾਰ ਰਹੇ ਹਨ। ਉਨ੍ਹਾਂ ਨੇ ਆਦਰਸ਼ਕ ਮਨੁੱਖ, ਜਿਸ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਉਸ ਨੂੰ ਖਾਲਸਾ ਆਦਰਸ਼ ਦਾ ਧਾਰਨੀ ਬਣਾ ਕੇ ਅਤਿ ਉਤਮ ਮਨੁੱਖ "ਖਾਲਸਾ" ਦੇ ਰੂਪ ਵਿਚ ਸਾਜਿਆ ਹੈ। ਆਪਣੇ ਪਿਤਾ ਦੀ ਮਹਾਨ ਵਡੱਤਣ ਨੂੰ ਮੌਤ ਤੋਂ ਡਰ ਕੇ ਦਾਗੀ ਨਹੀਂ ਬਣਾਉਣਾ ਸਗਵਾਂ ਹਸ ਹਸ ਕੇ ਮੌਤ ਨਾਲ ਗੱਲਵਕੜੀ ਪਾਉਣੀ ਹੈ। ਇਸ ਮੌਤ ਵਿਚੋਂ ਹੀ ਅਮਰ ਜੀਵਨ ਪ੍ਰਗਟ ਹੋਣਾ ਹੈ।"

ਦੂਸਰੇ ਦਿਨ ਛੋਟੇ ਸਾਹਿਬਜ਼ਾਦਿਆਂ ਦੀ ਨਵਾਬ ਸਰਹੰਦ ਦੀ ਕਚਹਿਰੀ ਵਿਚ ਪੇਸ਼ੀ ਹੁੰਦੀ ਹੈ, ਉਸ ਵੇਲੇ ਦਰਜਾ-ਬ-ਦਰਜਾ ਸਾਰੇ ਜਰਨੈਲ ਨਵਾਬ ਕਚਹਿਰੀ ਵਿਚ ਹਾਜ਼ਰ ਸਨ। ਸਾਹਿਬਜ਼ਾਦੇ ਦੀ ਨਿਰਭੈ ਅਵਸਥਾ, ਮਾਸੂਮੀਅਤ ਅਤੇ ਪਿਆਰ ਦ੍ਰਿਸ਼ਟੀ ਜੋ ਬਿਨਾਂ ਕਿਸੇ ਘਬਰਾਹਟ ਤੋਂ ਸੀ। ਚਿਹਰੇ ਹੰਸੂ-ਹੰਸੂ ਕਰਦੇ ਸਨ। ਉਨ੍ਹਾਂ ਨੂੰ ਦੇਖ ਕੇ ਬਹੁਤਿਆਂ ਨੂੰ ਆਪਣੇ ਪੁੱਤਰ ਯਾਦ ਆ ਗਏ ਅਤੇ ਕਈ ਤਾਂ ਦਿਲ ਵਿਚ ਇਹ ਵੀ ਆਖ ਰਹੇ ਸਨ ਕਿ ਇਨ੍ਹਾਂ ਬੱਚਿਆਂ ਨੇ ਕੀ ਕਸੂਰ ਕੀਤਾ ਹੈ ਕਿ ਇਨ੍ਹਾਂ ਨੂੰ ਕੋਈ ਸਜ਼ਾ ਦਿਤੀ ਜਾਵੇ। ਉਸ ਵੇਲੇ ਨਵਾਬ ਨੇ ਕਿਹਾ ਕਿ ਤੁਹਾਡੇ ਪਿਤਾ ਕੱਲ੍ਹ ਮਾਰ ਦਿਤੇ ਗਏ ਹਨ, ਤੁਹਾਡੇ ਭਰਾ ਵੀ ਚਮਕੌਰ ਦੇ ਜੰਗ ਵਿਚ ਮਾਰੇ ਗਏ ਹਨ। ਹੁਣ ਤੁਸੀਂ ਮਾਸੂਮ ਹੋ, ਬੁਢੀ ਦਾਦੀ ਹੈ ਤੁਹਾਡੇ ਨਾਲ। ਤੁਹਾਡੇ ਉਪਰ ਤਰਸ ਆਉਂਦਾ ਹੈ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਕਾਫਰਾਂ ਦਾ ਧਰਮ ਛੱਡ ਕੇ ਮਹਾਨ ਇਸਲਾਮ ਧਰਮ ਧਾਰਨ ਕਰ ਲਵੋ। ਉਸੇ ਵੇਲੇ ਦੋਵੇਂ ਭਰਾ ਇਕ ਦੂਜੇ ਵਲ ਦੇਖਦੇ ਹਨ ਅਤੇ ਸ੍ਵੈਮਾਨ ਦੇ ਭਾਵ ਚਿਹਰੇ ਤੇ ਲਿਆ ਕੇ ਕਹਿੰਦੇ ਹਨ –

***ਸ੍ਰੀ ਸਤਿਗੁਰ ਜੋ ਪਿਤਾ ਹਮਾਰਾ॥***
***ਜਗ ਮਹਿ ਕੌਨ ਸਕਹਿ ਤਿਹ ਮਾਰਾ।।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952***

ਉਹ ਤਾਂ ਆਪ ਸਰਬ ਕਲਾ ਸਮਰਥ ਹਨ, ਕੌਣ ਦੁਨੀਆਂ ਵਿਚ ਪੈਦਾ ਹੋਇਆ ਹੈ ਜੋ ਉਨ੍ਹਾਂ ਨੂੰ ਮਾਰ ਸਕੇ। ਅਕਾਸ਼ ਨੂੰ ਕੌਣ ਮਾਰ ਸਕਦਾ ਹੈ, ਹਨ੍ਹੇਰੀ ਕਿਸੇ ਤੋਂ ਰੋਕਿਆਂ ਰੁਕਦੀ ਨਹੀਂ, ਪਹਾੜ ਨੂੰ ਕੌਣ ਚਲਾਏਮਾਨ ਕਰ ਸਕਦਾ ਹੈ, ਸੂਰਜ ਚੰਦਰਮਾ ਦੇ ਵੇਗ ਨੂੰ ਕੌਣ ਰੋਕ ਸਕਦਾ ਹੈ। ਅਸਾਡੇ ਪਿਤਾ ਜੀ ਤਾਂ ਧਰਮ ਚਲਾਉਣ ਵਾਸਤੇ ਅਤੇ ਕਬੁੱਧੀ ਦਾ ਬੀਜ ਨਾਸ਼ ਕਰਨ ਵਾਸਤੇ ਇਸ ਸੰਸਾਰ ਤੇ ਆਏ ਹਨ।

ਐਨੇ ਵਾਕ ਸੁਣ ਕੇ ਸਾਰੀ ਕਚਹਿਰੀ ਦੇ ਬੰਦਿਆਂ ਵਿਚ ਸਾਹਿਬਜ਼ਾਦਿਆਂ ਦੀ ਨਿਰਭੈਤਾ ਦਾ ਪ੍ਰਗਟਾਵਾ ਦੇਖ ਕੇ ਹੈਰਾਨੀ ਛਾ ਗਈ, ਉਸ ਵੇਲੇ ਕਾਜ਼ੀ ਨੇ ਕਿਹਾ ਕਿ ਬੱਚਿਓ! ਕਚਹਿਰੀ ਵਿਚ ਆ ਕੇ ਫਤਹਿ ਨਹੀਂ ਬੁਲਾਈਦੀ, ਇਸ ਦੇ ਵਿਪਰੀਤ ਝੁਕ ਕੇ ਸੱਤ ਸਲਾਮਾਂ ਕਰੀਆਂ ਜਾਂਦੀਆਂ ਹਨ ਅਤੇ ਝੁਕ ਕੇ ਦਿਖਾਇਆ। ਉਸ ਵੇਲੇ ਦੋਹਾਂ ਨੇ ਇਕ ਦੂਜੇ ਦੇ ਮੂੰਹ ਵਲ ਤੱਕਿਆ ਅਤੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਕਿਸ ਅੱਗੇ ਨਿਵਿਆ ਜਾਂਦਾ ਹੈ। ਕੋਈ ਪ੍ਰਮੇਸ਼ਰ ਦਾ, ਅੱਲਾਹ ਦਾ ਪਿਆਰਾ ਮਿਲ ਜਾਵੇ ਤਾਂ ਅਸੀਂ ਨਿਵਣਾ ਤਾਂ ਇਕ ਪਾਸੇ ਰਹਿ ਗਿਆ ਉਸ ਦੇ ਚਰਨਾਂ ਦੀ ਧੂੜੀ ਲੋਚਦੇ ਹਾਂ। ਸਾਨੂੰ ਪਤਾ ਹੈ ਕਿ ਕਿਸ ਦਾ ਆਦਰ ਕੀਤਾ ਜਾਂਦਾ ਹੈ। ਉਨ੍ਹਾਂ ਅੱਲਾਹ ਦੇ ਪਿਆਰਿਆਂ ਅੱਗੇ ਨਿਵਿਆਂ ਅੱਲਾਹ ਦੀ ਰਹਿਮਤ ਪ੍ਰਾਪਤ ਹੁੰਦੀ ਹੈ। ਅਸਾਡੇ ਸੀਸ ਪਵਿੱਤਰ ਹਨ ਕਿਉਂਕਿ ਸਾਡੇ ਅੰਦਰ ਅੱਲਾਹ ਦਾ ਵਾਸਾ ਹੈ, ਇਸੇ ਕਰਕੇ ਅਸੀਂ ਰੱਬੀ ਪਿਆਰਿਆਂ ਅੱਗੇ ਨਿਵ ਸਕਦੇ ਹਾਂ। ਪਾਮਰਾਂ, ਲੁਟੇਰਿਆਂ, ਝੂਠਿਆਂ, ਕਾਫਰਾਂ ਅੱਗੇ ਅਸਾਡਾ ਅਸੀਸ ਕਦਾਂਚ ਵੀ ਨਹੀਂ ਨਿਵ ਸਕਦਾ। ਯਾਦ ਰੱਖੋ ਦਸਵੇਂ ਦੁਆਰ ਵਿਚ ਪ੍ਰਭੂ ਦਾ ਵਾਸਾ ਹੈ ਉਥੇ ਉਸ ਦੀ ਪੂਰਨ ਜੋਤ ਜਗਦੀ ਹੈ। ਤੁਸੀਂ ਅੱਲਾਹ ਦੇ ਪਿਆਰ ਤੋਂ ਹੀਣੇ ਖਾਲੀ ਮੁਰਦੇ ਹੋ। ਤੁਹਾਡੇ ਵਿਚ ਜੀਵਨ ਰੌਂ ਨਹੀਂ ਰੁਮਕਦੀ, ਇਸ ਲਈ ਅਸੀਂ ਤੁਹਾਨੂੰ ਕਿਉਂ ਨਿਵੀਏ। ਉਸ ਸਮੇਂ ਅਵਾਜ਼ ਆਈ ਕਿ ਇਹ ਬੱਚੇ ਬਿਲਕੁਲ ਨਹੀਂ ਡਰਦੇ, ਕਾਰਨ ਪੁਛਿਆ ਗਿਆ। ਬੱਚਿਆਂ ਨੇ ਕਿਹਾ ਕਿ ਡਰਦਾ ਉਹ ਹੈ ਜਿਸ ਨੇ ਕੋਈ ਗੁਨਾਹ ਕੀਤਾ ਹੋਵੇ, ਪਾਪ ਕੀਤਾ ਹੋਵੇ, ਜੋ ਅੱਲਾਹ ਦੀ ਮਰਜ਼ੀ ਤੋਂ ਵਿਪਰੀਤ ਹੋਵੇ। ਅਸੀਂ ਤਾਂ ਸਰਬੱਤ ਦਾ ਭਲਾ ਮੰਗਦੇ ਹਾਂ। ਸਾਡੇ ਪਿਤਾ ਜੀ ਵੀ ਇਹੋ ਕਹਿੰਦੇ ਹਨ। ਤੁਸੀਂ ਚੜ੍ਹਾਈ ਕਰਕੇ ਜਾਂਦੇ ਹੋ, ਜੀਉਣ ਦਾ ਹੱਕ ਖੋਹਂਦੇ ਹੋ, ਜੇ ਅਸੀਂ ਤੁਹਾਡਾ ਮੁਕਾਬਲਾ ਕਰੀਏ ਤਾਂ ਤੁਸੀਂ ਇਸ ਨੂੰ ਗੁਨਾਹ ਮੰਨਦੇ ਹੋ। ਇਹ ਗੁਨਾਹ ਕਿਵੇਂ ਹੋਇਆ?

***ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ***
***ਸੋ ਡਰੈ ਜਿਨਿ ਪਾਪ ਕਮਤੇ ਰਾਮ॥***
***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ***
***ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥***

***ਪੰਨਾ - 540***

ਉਸ ਵੇਲੇ ਬਹੁਤ ਹੀ ਕ੍ਰੋਧਿਤ ਹੋਇਆ ਹੋਇਆ ਇਕ ਸੁੱਚਾ ਨੰਦ ਨਾਮ ਦਾ ਖਤ੍ਰੀ ਦੀਵਾਨ ਕਚਹਿਰੀ ਵਿਚ ਬੈਠਾ ਸੀ। ਉਚੇ ਅਹੁਦੇ ਤੇ ਸਾਰੇ ਅਸੂਲਾਂ ਨੂੰ ਛਿਕੇ ਤੇ ਟੰਗਦਾ ਹੋਇਆ ਕ੍ਰੋਧ ਨਾਲ ਬੋਲਿਆ ਕਿ ਦੇਖੋ, ਸਮਝੋ, ਨਾਗ ਦੇ ਬੱਚੇ ਕਦੇ ਆਪਣੇ ਮੂੰਹੋਂ ਅੰਮ੍ਰਿਤ ਨਹੀਂ ਕੱਢ ਸਕਦੇ। ਇਹ ਵੀ ਨਾਗਾਂ ਦੇ ਬੱਚੇ ਹਨ, ਨਾਗਾਂ ਦੇ ਬੱਚਿਆਂ ਨੂੰ ਖਤਮ ਕਰਕੇ ਹੀ ਅੱਲਾਹ ਪਾਕ ਦੀ ਖੁਸ਼ੀ ਹੈ। ਉਸ ਵੇਲੇ ਨਵਾਬ ਨੇ ਧਿਆਨ ਨਾਲ ਸੁਣਿਆ ਅਤੇ ਬੱਚਿਆਂ ਨੂੰ ਸੰਬੋਧਨ ਕਰਕੇ ਕਿਹਾ ਕਿ ਬੱਚਿਓ! ਅਜੇ ਤੁਹਾਨੂੰ ਰਾਜਸੀ ਮਰਿਆਦਾ ਦਾ ਪਤਾ ਨਹੀਂ ਹੈ ਪਰ ਅਸੀਂ ਇਹ ਚਾਹੁੰਦੇ ਹਾਂ ਕਿ ਤੁਸੀਂ ਕੁਫਰ ਦਾ ਮਜ਼ਹਬ ਛੱਡੋ ਅਤੇ ਦੀਨੇ ਇਸਲਾਮ ਵਿਚ ਆ ਕੇ ਸ਼ਰਾ ਮੰਨੋ, ਤੁਹਾਨੂੰ ਅਸੀਂ ਪੂਰੇ ਪ੍ਰਬੰਧ ਕਰਕੇ ਪਾਲਾਂਗੇ। ਤੁਹਾਨੂੰ ਵੱਡੇ ਅਹੁਦੇ ਦੇਵਾਂਗੇ। ਨਵਾਬਾਂ ਦੀਆਂ ਲੜਕੀਆਂ ਨਾਲ ਤੁਹਾਡੀਆਂ ਸ਼ਾਦੀਆਂ ਹੋਣਗੀਆਂ ਅਤੇ ਅਸੀਂ ਤੁਹਾਨੂੰ ਪੀਰ ਕਰਕੇ ਮੰਨਾਂਗੇ।

ਉਸ ਵੇਲੇ ਦੋਨਾਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਨਵਾਬ ਸਾਹਿਬ! ਅਸਾਡਾ ਜੋ ਧਰਮ ਹੈ ਉਹ ਸੰਪੂਰਨ ਹੈ, ਧਰਮ ਧਾਰਨ ਦਾ ਮਤਲਬ ਅੱਲਾਹ ਪਾਕ ਨਾਲ ਮਿਲਣਾ ਹੋਇਆ ਕਰਦਾ ਹੈ। ਉਸ ਦਾ ਦੀਦਾਰ ਕਰਨਾ ਹੋਇਆ ਕਰਦਾ ਹੈ, ਉਸ ਵਿਚ

ਫਿਨਾਹ-ਫਿਲਾਹ ਹਾਲਤ ਵਿਚ ਅਭੇਦ ਹੋਣਾ ਹੋਇਆ ਕਰਦਾ ਹੈ। ਸੰਸਾਰ ਵਿਚ ਸਦਾ ਕੋਈ ਜੀਵਿਆ ਨਹੀਂ, ਇਥੋਂ ਸਭ ਨੇ ਜਾਣਾ ਹੀ ਹੈ। ਜਿਸ ਨੇ ਅੱਲਾਹ ਨੂੰ ਪ੍ਰਾਪਤ ਕਰ ਲਿਆ ਉਸ ਦਾ ਆਉਣਾ ਸਫਲ ਹੈ। ਸੋ ਗੁਰੂ ਨਾਨਕ ਦਾ ਦਸਿਆ ਮਾਰਗ ਆਤਮ ਮਾਰਗ ਹੈ ਜਿਸ ਵਿਚ ਕਿਸੇ ਕਿਸਮ ਦਾ ਵਿਰੋਧ ਨਹੀਂ ਹੈ, ਸਾਰੇ ਸਾਂਝੀਵਾਲ ਕਹਾਉਂਦੇ ਹਨ। ਸੰਸਾਰ ਦੀ ਵਲਗਣ ਐਨੀ ਸਾਂਝੀ ਹੈ ਕਿ ਸਾਰਾ ਸੰਸਾਰ ਗਲਵੱਕੜੀ ਵਿਚ ਆ ਜਾਂਦਾ ਹੈ। ਤੁਸੀਂ ਕਿਸ ਇਸਲਾਮ ਦੀ ਗੱਲ ਕਰਦੇ ਹੋ, ਕੀ ਤੁਸੀਂ ਕੁਰਾਨ ਸ਼ਰੀਫ ਨੂੰ ਮੰਨਦੇ ਹੋਂ? ਜੇ ਇਹ ਕਹਿੰਦੇ ਹੋ ਕਿ ਹਾਂ ਮੰਨਦੇ ਹਾਂ ਤਾਂ ਇਹ ਬਿਲਕੁਲ ਗਲਤ ਗੱਲ ਹੈ। ਤੁਸੀਂ ਨਾ ਕਿਸੇ ਨੇਕੀ ਨੂੰ ਮੰਨਦੇ ਹੋ, ਨਾ ਕਿਸੇ ਦੀਨ ਨੂੰ ਮੰਨਦੇ ਹੋ, ਤੁਸੀਂ ਕਾਫਰ ਹੋ, ਮੋਮਨ ਨਹੀਂ ਹੋਂ, ਤੁਸੀਂ ਅਸਾਡੇ ਪਿਤਾ ਜੀ ਪਾਸ ਕੁਰਾਨ ਸ਼ਰੀਫ ਦੀ ਜਾਮਨੀ ਦੇ ਕੇ ਅਤੇ ਪਹਾੜੀ ਰਾਜਿਆਂ ਨੇ ਗੀਤਾ ਅਤੇ ਗਊ ਦੀ ਜਾਮਨੀ ਦੇ ਕੇ ਕਿਹਾ ਕਿ ਤੁਸੀਂ ਕਿਲਾ ਖਾਲੀ ਕਰ ਦਿਓ, ਅਸੀਂ ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗੇ। ਪਰ ਤੁਸੀਂ ਤਾਂ ਕੁਰਾਨ ਸ਼ਰੀਫ ਦੀਆਂ ਧੱਜੀਆਂ ਉਡਾ ਦਿਤੀਆਂ, ਤੁਹਾਡੇ ਨਾਲੋਂ ਵੱਡਾ ਕਾਫਰ ਕੌਣ ਹੈ ਜਿਸ ਨੇ ਧਰਮ ਗ੍ਰੰਥ ਦੀ ਜਾਮਨੀ ਦੇ ਕੇ ਆਪ ਹੀ ਨਹੀਂ ਮੰਨਿਆ? ਅਸਾਨੂੰ ਵੀ ਐਸੇ ਕਾਫਰਾਂ ਦੇ ਸਮੂਹ ਵਿਚ ਦਾਖਲ ਕਰਕੇ ਸ਼ਰ੍ਹਾ ਮਨਾ ਰਹੇ ਹੋਂ। ਯਾਦ ਰੱਖੋ ਜਿਸ ਨੇ ਪੈਗੰਬਰ ਦੇ ਰਾਹੀਂ ਆਏ ਅੱਲਾਹ ਦੇ ਕਲਾਮਾਂ ਨੂੰ ਨਹੀਂ ਮੰਨਿਆ, ਉਸ ਕਾਫਰ ਨੂੰ ਦਰਗਾਹ ਵਿਚ ਥਾਂ ਨਹੀਂ ਮਿਲੇਗੀ, ਨਰਕਾਂ ਵਿਚ ਸੁਟਿਆ ਜਾਵੇਗਾ, ਅਤੇ ਉਥੇ ਦੁਖ ਸਹਿਣੇ ਪੈਣਗੇ -

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥***
***ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥***

*ਪੰਨਾ - 1383*

ਇਸ ਸੰਸਾਰ ਤੇ ਕੋਈ ਸਦਾ ਨਹੀਂ ਰਿਹਾ। ਜੇ ਤੁਸੀਂ ਆਪਣੇ ਹੀ ਇਤਿਹਾਸ ਨੂੰ ਧਿਆਨ ਨਾਲ ਵਾਚੋਂ, ਤੁਸੀਂ ਦੇਖੋਂਗੇ ਕਿ ਤੁਹਾਡੇ ਹੀ ਪਿਤਾ-ਪਿਤਾਮਾ ਕਿਥੇ ਚਲੇ ਗਏ, ਅਕਬਰ ਦਾ ਵੱਡਾ ਨਾਉਂ ਸੀ, ਦੀਨਦਾਰ ਸੀ, ਅਸਾਡੇ ਪਿਤਾ ਜੀ ਦਸਦੇ ਸਨ ਕਿ ਉਹ ਭਰਮਾਂ ਤੋਂ ਨਿਆਰਾ ਹੋ ਕੇ ਗੁਰੂ ਅਮਰਦਾਸ ਜੀ ਪਾਸ ਅਸ਼ੀਰਵਾਦ ਲੈਣ ਆਇਆ ਅਤੇ ਪੰਗਤ ਵਿਚ ਬੈਠ ਕੇ ਸਾਧਾਰਣ ਯਾਤਰੂਆਂ ਵਾਂਗੂੰ ਲੰਗਰ ਛਕਿਆ। ਉਸ ਦੇ ਰਾਜ ਸਮੇਂ ਕੀ ਹਿੰਦੂ, ਕੀ ਮੁਸਲਮਾਨ, ਕੀ ਕਾਫਰ ਸਭ ਇਨਸਾਨ ਗਿਣੇ ਜਾਂਦੇ ਸਨ। ਕਿਸੇ ਨਾਲ ਵਿਤਕਰਾ ਨਹੀਂ ਸੀ ਹੁੰਦਾ। ਤੁਸੀਂ ਤਾਂ ਉਸ ਜਗਦੀ ਜੋਤ ਨੂੰ ਬੁਝਾਉਣ ਦਾ ਜਤਨ ਕਰ ਰਹੇ ਹੋਂ ਜੋ ਇਹ ਦਸਦੀ ਹੈ ਕਿ ਇਨਸਾਨ ਇਨਸਾਨ ਹੀ ਹੈ, ਉਸ ਨੂੰ ਮਜ਼ਹਬਾਂ ਦੀ ਰੰਗਤ ਵਿਚ ਵੰਡਿਆ ਨਹੀਂ ਜਾ ਸਕਦਾ। ਭਾਵੇਂ ਹਿੰਦੂ ਹੈ, ਭਾਵੇਂ ਮੁਸਲਮਾਨ ਹੈ ਸਭ ਦਾ ਜੀਅ ਸ੍ਵੈਮਾਨ ਨਾਲ ਜੀਉਣ ਨੂੰ ਲੋਚਦਾ ਹੈ। ਬੜੀ ਦੇਰ ਪਿਛੋਂ ਸੁਤੰਤਰ ਜੀਵਨ ਮਿਲਿਆ ਹੈ ਜੇ ਉਸਦੀ ਸੁਤੰਤਰਤਾ ਖੋਹ ਲਈ ਜਾਵੇ ਤਾਂ ਅੱਲਾਹ ਤਾਲਾਹ ਕਿੰਨਾ ਕੁ ਨਰਾਜ਼ ਹੁੰਦਾ ਹੋਵੇਗਾ ਇਸ ਦਾ ਤੁਹਾਨੂੰ ਵਾਰ-ਏ-ਗਾਹ ਖੁਦਾ ਵਿਚ ਜਾ ਕੇ ਪਤਾ ਲੱਗੇਗਾ। ਉਥੇ ਜਦੋਂ ਸਜ਼ਾਵਾਂ ਭੁਗਤੋਂਗੇ, ਉਥੇ ਫੇਰ ਰੋਣ ਕੁਰਲਾਉਣ ਤੋਂ ਸਿਵਾਏ ਕੁਛ ਨਹੀਂ ਮਿਲਣਾ। ਤੁਸੀਂ ਸਾਡੇ ਪਿਤਾ ਜੀ ਨੂੰ ਸਮਝ ਹੀ ਨਹੀਂ ਸਕੇ, ਉਹ ਕਹਿੰਦੇ ਹਨ ਚਾਹੇ ਕੋਈ ਰਾਫਜ਼ੀ ਹੈ, ਚਾਹੇ ਸੰਨਿਆਸੀ ਹੈ, ਜੋਗੀ ਹੈ, ਪੀਰ ਹੈ, ਆਲਮ ਹੈ, ਉਲਮਾ ਹੈ ਚਾਹੇ ਕੁਝ ਵੀ ਹੈ, ਹੈ ਤਾਂ ਉਹ ਇਨਸਾਨ ਹੀ ਨਾ। ਸਭ ਦੇ ਸਰੀਰਾਂ ਨੂੰ ਪੰਜ ਤੱਤਾਂ ਨਾਲ ਬਣਾਇਆ ਹੈ, ਓਹੀ ਅੱਖਾਂ ਹਨ ਜਿਨ੍ਹਾਂ ਰਾਹੀਂ ਹਰ ਬੰਦਾ ਦੇਖਦਾ ਹੈ, ਓਹੋ ਜਿਹੇ ਹੀ ਸਭ ਦੇ ਕੰਨ ਹਨ, ਓਹੋ ਜਿਹੇ ਹੀ ਉਨ੍ਹਾਂ ਦੇ ਬੋਲ ਹਨ। ਓਹੀ ਸਰੀਰ ਦੇ ਸੁਭਾਅ ਹਨ। ਕਿਸੇ ਵਿਚ ਨਫਜ਼ ਜ਼ਿਆਦਾ ਹੈ, ਕੋਈ ਨਫਜ਼ ਤੋਂ ਪਰਹੇਜ਼ਗਾਰ ਹੈ। ਸਾਰਿਆਂ ਦਾ ਇਕੋ ਸਰੂਪ ਹੈ, ਇਨਸਾਨ ਕਿਵੇਂ ਵੰਡਿਆ ਜਾਵੇਗਾ? ਸਾਡੇ ਪਿਤਾ ਜੀ ਇਨਸਾਨ ਨੂੰ ਮਜ਼ਹਬਾਂ ਵਿਚ ਪਾ ਕੇ ਵੰਡਣ ਨੂੰ ਅਗਿਆਨਤਾ ਦਸਦੇ ਹਨ। ਜਿੰਨਾ ਆਦਰ ਹਿੰਦੂ ਮੰਦਰਾਂ ਨੂੰ, ਦੇਹੁਰੇ ਨੂੰ, ਸ਼ਿਵ ਮੰਦਰ ਨੂੰ, ਠਾਕੁਰ ਦੁਆਰੇ ਨੂੰ ਦਿੰਦੇ ਹਨ ਓਨਾਂ ਹੀ ਆਦਰ ਮਸਜਿਦ ਨੂੰ ਦਿੰਦੇ ਹਨ। ਵਾਹਿਗੁਰੂ ਸਭ ਦਾ ਇਕੋ ਹੀ ਹੈ ਕੋਈ ਉਸ ਨੂੰ ਅੱਲਾਹ ਕਹਿੰਦਾ ਹੈ, ਕੋਈ ਰਾਮ ਕਹਿੰਦਾ ਹੈ, ਕੋਈ ਰਹੀਮ ਕਹਿੰਦਾ ਹੈ, ਸਾਰੇ ਹੀ ਇਕ ਨੂੰ ਪਿਆਰ ਕਰਦੇ ਹਨ, ਇਕ ਨੂੰ ਪਿਆਰ ਕਰਕੇ ਬੰਦਗੀ ਕਰਦੇ ਹਨ, ਇਕੋ ਸਰੂਪ ਸਾਰੇ ਸੰਸਾਰ ਵਿਚ ਪਰੀਪੂਰਨ ਹੈ। ਇਕੋ ਜੋਤ ਸਾਰਿਆਂ ਨੂੰ ਸੱਤਾ ਦੇ ਕੇ ਕਰਮ ਕਰਾ ਰਹੀ ਹੈ ਤੁਸੀਂ ਇਹ ਤਾਂ ਦੱਸੋ ਕਿ ਅਸਾਡੇ ਤੋਂ ਦੀਨ ਦੀ ਸ਼ਰ੍ਹਾ ਮਨਾ ਕੇ ਕਿਹੜਾ ਫਰਕ ਤੁਸੀਂ ਪਾ ਸਕਦੇ ਹੋਂ। ਅੰਮ੍ਰਿਤ ਵੇਲੇ ਅਸੀਂ ਉਠ ਬੈਠਦੇ ਹਾਂ, ਆਪਣੇ ਸਰੀਰ ਨੂੰ ਜਲ ਨਾਲ ਪਾਕ ਕਰਦੇ ਹਾਂ, ਫੇਰ ਸਾਰਿਆਂ ਦੇ ਰਾਜ਼ਕ ਪਿਆਰੇ ਅੱਲਾਹ ਦਾ ਧਿਆਨ ਧਰਦੇ ਹਾਂ, ਉਸ ਦਾ ਨਾਮ ਜਪਦੇ ਹਾਂ, ਸੰਸਾਰ ਨੂੰ ਅਸੀਂ ਉਸ ਦਾ ਰੂਪ ਜਾਣ ਕੇ ਪਿਆਰ ਕਰਦੇ ਹਾਂ ਕਿਉਂਕਿ ਸਾਨੂੰ ਸੋਝੀ ਦਿਤੀ ਗਈ ਹੈ ਕਿ ਇਹ ਸਾਰੀ ਸ੍ਰਿਸ਼ਟੀ ਇਕ ਨੂਰ ਤੋਂ ਹੋਂਦ ਵਿਚ ਆਈ ਹੈ, ਗੁਰਬਾਣੀ ਅਸਾਨੂੰ ਬਾਰ-ਬਾਰ ਸਮਝਾਉਂਦੀ ਹੈ ਕਿ ਦੇਖਿਓ ਕਿਤੇ ਭੁੱਲ ਨਾ ਜਾਇਓ, ਖਾਲਕ ਖਲਕਤ ਵਿਚ ਹੈ ਉਹ ਹਰ ਥਾਂ ਹਰ ਚੰਗੇ ਮੰਦੇ ਬੰਦੇ ਦੇ ਅੰਦਰ ਪਰੀਪੂਰਨ ਹੈ, ਹਰੇਕ ਦੇ ਅੰਦਰ ਦਸਵੇਂ ਦੁਆਰ ਵਿਚ ਉਸ ਦਾ ਵਾਸਾ ਹੈ, ਦੇਖੋ ਨਾ ਤੁਸੀਂ ਇਕੋ ਮਾਟੀ ਦੇ ਘੁਮਿਆਰ ਕਿੰਨੇ ਭਾਂਡੇ ਬਣਾ ਦਿੰਦਾ ਹੈ, ਭਾਂਡਿਆਂ ਵਿਚ ਅਨੇਕ ਕਿਸਮ ਦੀਆਂ ਵਸਤਾਂ ਰੱਖੀਆਂ ਹਨ, ਜਿਹੋ ਜਿਹੀ ਕਿਸੇ ਵਿਚ ਵਸਤ ਪਈ ਹੋਈ ਹੈ ਓਹੋ ਜਿਹੀ ਨਿਕਲਦੀ ਹੈ ਪਰ ਮਿੱਟੀ ਤਾਂ ਇਕ ਹੀ ਹੋਈ ਨਾ। ਮੁਕਦੀ ਗੱਲ ਤੁਹਾਡੇ ਵਿਚ ਵੀ ਤੇ ਸਾਡੇ ਵਿਚ ਹੀ ਇਕੋ ਅਲਾਹ ਦੀ ਜੋਤ ਅਤੇ ਉਸ ਦਾ ਕੀਤਾ ਹੋਇਆ ਹੀ ਉਸ ਦੇ ਹੁਕਮ ਅਨੁਸਾਰ ਹੋ ਰਿਹਾ ਅਸੀਂ ਮੰਨਦੇ ਹਾਂ। ਜਿਸਨੇ ਹੁਕਮ ਨੂੰ ਪਛਾਣ ਲਿਆ ਉਸ ਨੂੰ ਇਨਸਾਨ ਕਿਹਾ ਜਾ ਸਕਦਾ ਹੈ ਜਦੋਂ ਤਕ ਮੁਰਸ਼ਦੇ ਕਾਮਲ ਦੇ ਲੜ ਨਹੀਂ ਲਗਦਾ ਉਦੋਂ ਤਕ ਅੱਲਾਹ ਨੂੰ ਦੇਖਣ ਵਾਲੀ ਪਾਕ ਅੱਖ ਨਹੀਂ ਖੁਲ੍ਹਿਆ ਕਰਦੀ। ਨਵਾਬ ਸਾਹਿਬ! ਇਹ ਸਾਡੀ ਸਮਝ ਵਿਚ ਨਹੀਂ ਆ ਰਿਹਾ ਕਿ ਤੁਸੀਂ ਕਿਸ ਸ਼ਰ੍ਹਾ ਦੀ ਗੱਲ ਕਰ ਰਹੇ ਹੋਂ, ਤੁਸੀਂ ਨਾ ਹੀ ਕੁਰਾਨ ਸ਼ਰੀਫ ਨੂੰ ਮੰਨਦੇ ਹੋਂ, ਨਾ ਹੀ ਉਸ ਦੇ ਵਿਚ ਦਿਤੀਆਂ ਹਦਾਇਤਾਂ ਨੂੰ ਮੰਨਦੇ ਹੋਂ, ਤੁਹਾਡਾ ਕਾਨੂੰਨ ਕਿਹੋ ਜਿਹਾ ਹੈ ਜੋ ਬੇਕਸੂਰਾਂ ਨੂੰ ਮਾਰਨ ਤੇ ਤੁਲਿਆ ਹੋਇਆ ਹੈ। ਤੁਸੀਂ ਇਹ ਗੱਲ ਤਾਂ ਦਸੋ ਸਾਡੇ ਪਿਤਾ ਜੀ ਨੇ, ਸਾਡੀਆਂ ਮਾਤਾਵਾਂ ਨੇ, ਸਾਡੇ ਭਰਾਵਾਂ ਨੇ ਕੀ ਕਸੂਰ ਕੀਤਾ ਹੈ। ਸਾਨੂੰ ਬੰਦੀ ਬਣਾ ਕੇ ਬੇ ਸਿਰ ਪੈਰ ਦੀਆਂ ਗੱਲਾਂ ਤੁਸੀਂ ਕਰ ਰਹੇ ਹੋਂ। ਇਸ ਸਭਾ ਵਿਚ ਸਾਨੂੰ ਕੋਈ ਸੱਚ ਬੋਲਣ ਵਾਲਾ ਨਹੀਂ ਨਜ਼ਰ ਆ ਰਿਹਾ। ਸਾਰੇ ਦ੍ਰੋਗ-ਗੋ (ਝੂਠੇ) ਹੀ ਇਕੱਠੇ ਹੋ ਕੇ ਬੈਠੇ ਹੋਂ। ਬੇਇਨਸਾਫੀ ਤੇ ਤੁਲੇ ਹੋਏ ਹੋਂ, ਤੁਸੀਂ ਸਾਨੂੰ ਕਹਿੰਦੇ

ਹੋ ਝੁਕ ਕੇ ਸਲਾਮ ਕਰੋ, ਨਵਾਬ ਸਾਹਿਬ! ਸੱਚ ਨੂੰ ਝੁਕਿਆ ਜਾਂਦਾ ਹੈ, ਝੂਠ ਨੂੰ ਕੋਈ ਨਹੀਂ ਝੁਕਦਾ। ਝੁਕਣਾ ਉਹ ਹੁੰਦਾ ਹੈ ਜੋ ਅੰਦਰੋਂ ਝੁਕਿਆ ਜਾਵੇ। ਸਾਡੇ ਗੁਰੂ ਫੁਰਮਾਨ ਕਰਦੇ ਹਨ ਕਿ ਸੀਸ ਝੁਕਾਉਣ ਨਾਲ ਕੁਝ ਨਹੀਂ ਹੁੰਦਾ ਜਦੋਂ ਤਕ ਅੰਦਰ ਸਾਥ ਨਾ ਦੇਵੇ। ਇਹ ਸਾਰੇ ਭਾਵ ਗੁਰੂ ਮਹਾਰਾਜ ਜੀ ਦੀ ਲਿਖਤ ਵਿਚ ਪ੍ਰਗਟ ਹੁੰਦੇ ਹਨ–

*ਕੋਊ ਭਇਓ ਮੁੰਡੀਆ*
*ਸੰਨਿਆਸੀ, ਕੋਊ ਜੋਗੀ ਭਇਓ*
*ਕੋਈ ਬ੍ਰਹਮਚਾਰੀ ਕੋਊ*
*ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ*
*ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ*
*ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ*
*ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*
*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ*
*ਪੁਰਾਨ ਔ ਕੁਰਾਨ*
*ਓਈ,*
*ਏਕ ਹੀ ਸਰੂਪ ਸਬੈ*
*ਏਕ ਹੀ ਬਨਾਉ ਹੈ॥*
*ਅਕਾਲ ਉਸਤਤਿ*

*ਅਵਲਿ ਅਲਹ ਨੂਰੁ*
*ਉਪਾਇਆ ਕੁਦਰਤਿ*
*ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ*
*ਉਪਜਿਆ ਕਉਨ ਭਲੇ*
*ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ*
*ਭਾਈ॥*
*ਖਾਲਿਕੁ ਖਲਕ ਖਲਕ*
*ਮਹਿ ਖਾਲਿਕੁ ਪੂਰਿ ਰਹਿਓ*
*ਸ੍ਰਬ ਠਾਂਈ॥*
*ਮਾਟੀ ਏਕ ਅਨੇਕ ਭਾਂਤਿ ਕਰਿ*
*ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ*
*ਨ ਕਛੁ ਪੋਚ ਕੁੰਭਾਰੈ॥*
*ਸਭ ਮਹਿ ਸਚਾ ਏਕੋ ਸੋਈ ਤਿਸ*
*ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ*
*ਬੰਦਾ ਕਹੀਐ ਸੋਈ॥*
*ਪੰਨਾ - 1350*

ਇਸ ਉਤਰ ਦਾ ਨਵਾਬ ਪਾਸ ਕੋਈ ਜਵਾਬ ਨਹੀਂ ਸੀ ਅਤੇ ਨਾ ਹੀ ਦੁਸ਼ਟ ਚੌਂਕੜੀ ਕੋਲ ਕੋਈ ਜਵਾਬ ਸੀ। ਉਨ੍ਹਾਂ ਨੂੰ ਇਕ ਮਿੱਠੀ ਪਰ ਸੱਚੀ ਝਾੜ ਛੋਟੇ ਬਾਲਕਾਂ ਨੇ ਪਾਈ। ਉਨ੍ਹਾਂ ਦੇ ਅੰਦਰ ਕੁਝ ਥਰਥਰਾਹਟ ਹੋਈ ਪਰ ਪਾਪ ਕਰ ਕਰ ਕੇ ਅੰਦਰ ਐਨਾ ਪੱਕ ਗਿਆ ਸੀ, ਪਥਰਾਅ ਗਿਆ ਸੀ ਕਿ ਥੋੜ੍ਹੀ ਬਹੁਤੀ ਰੋਸ਼ਨੀ ਨਾਲ ਉਨ੍ਹਾਂ ਨੂੰ ਜਾਗ ਨਹੀਂ ਸੀ ਆ ਸਕਦੀ। ਉਹ ਲਾ-ਇਲਾਜ ਬੰਦੇ ਸਨ, ਉਨ੍ਹਾਂ ਦਾ ਇਕੋ ਇਲਾਜ ਸੀ ਕਿ ਉਨ੍ਹਾਂ ਦੇ ਜੀਵ ਆਤਮਾ ਨੂੰ ਇਸ ਸਰੀਰ ਵਿਚੋਂ ਛੁਡਾ ਕੇ ਗਲੀਜ਼ ਹੋਏ ਹੋਏ ਸਰੀਰ ਨੂੰ ਖਤਮ ਕਰਨਾ ਹੀ ਸੀ। ਜੇ ਕੈਂਸਰ ਹੋ ਜਾਵੇ ਤਾਂ ਡਾਕਟਰ ਦੂਰ-ਦੂਰ ਤਕ ਮਾਸ ਕੱਟ ਦਿੰਦੇ ਹਨ, ਜਿਥੇ ਤਕ ਉਨ੍ਹਾਂ ਨੂੰ ਸ਼ੱਕ ਹੁੰਦਾ ਹੈ ਕਿ ਉਸਦੀਆਂ ਜੜ੍ਹਾਂ ਫੈਲ ਗਈਆਂ ਹਨ। ਸਾਰੀ ਕਚਹਿਰੀ ਹੈਰਾਨ ਸੀ, ਬਹੁਤ ਬਚਨ ਹੋਏ, ਸਵਾਲ ਜਵਾਬ ਹੋਏ ਅਖੀਰ ਉਨ੍ਹਾਂ ਨੂੰ ਮਾਤਾ ਗੁਜਰੀ ਜੀ ਪਾਸ ਵਾਪਸ ਭੇਜ ਦਿਤਾ। ਪਿਛੋਂ ਸਲਾਹ ਹੋਈ ਕਿ ਜਦੋਂ ਤਕ ਇਹ ਮਾਤਾ ਦੇ ਪਾਸ ਹਨ, ਮਾਤਾ ਨੇ ਇਨ੍ਹਾਂ ਨੂੰ ਦਲੇਰੀ ਤੇ ਦ੍ਰਿੜ੍ਹਤਾ ਦਿੰਦੀ ਰਹਿਣਾ ਹੈ, ਇਨ੍ਹਾਂ ਨੂੰ ਮਾਤਾ ਦੇ ਪਾਸੋਂ ਵੱਖ ਕਰ ਦਿਤਾ ਜਾਵੇ। ਸਾਹਿਬਜ਼ਾਦਾ ਜ਼ੋਰਾਵਾਰ ਸਿੰਘ ਤੇ ਫਤਹਿ ਸਿੰਘ ਠੰਢੇ ਬੁਰਜ਼ ਦੀ ਪੌੜੀ ਚੜ੍ਹ ਰਹੇ ਹਨ। ਮਾਤਾ ਜੀ! ਪਹਿਲਾਂ ਹੀ ਇੰਤਜ਼ਾਰ ਕਰ ਰਹੇ ਸਨ। ਦੋਹਾਂ ਬੱਚਿਆਂ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਅਤੇ ਕਿਹਾ ਮੇਰੇ ਲਾਲ! ਮੈਨੂੰ ਤੁਸੀਂ ਪ੍ਰਸੰਨ ਚਿੱਤ ਨਜ਼ਰ ਆ ਰਹੇ ਹੋਂ। ਤੁਸੀਂ ਪੂਰੇ ਯੋਗੀ ਹੋਂ, ਜਿਨ੍ਹਾਂ ਨੇ ਹਾਨ ਤੇ ਲਾਭ, ਸੁਖ ਤੇ ਦੁਖ,

ਨਿੰਦਿਆ ਤੇ ਉਸਤਤ, ਆਸਾ ਤੇ ਨਿਰਾਸਾ ਨੂੰ ਸਮ ਜਾਣ ਲਿਆ ਹੋਇਆ ਹੈ। ਤੁਹਾਡੇ ਪਿਤਾ ਜੀ ਨੇ ਜੋ ਤੁਹਾਨੂੰ ਰੂਹਾਨੀ ਸੂਝ ਬਖਸ਼ੀ ਹੈ। ਮੈਨੂੰ ਲਗਦਾ ਹੈ ਕਿ ਉਨ੍ਹਾਂ ਨੇ ਤੁਹਾਡੇ ਨਾਲ ਜ਼ਰੂਰ ਬਦਸਲੂਕੀ ਕੀਤੀ ਹੋਵੇਗੀ ਪਰ ਤੁਸੀਂ ਸਮਬਿਰਤੀ ਰੱਖ ਕੇ ਦੁਖ ਸੁਖ ਤੋਂ ਪਾਰ ਹੋਏ ਹੋਏ ਹੋਂ। ਮੇਰੇ ਲਾਲ! ਦੱਸੋ, ਤਾਂ ਸਹੀ ਕੀ ਹੋਇਆ? ਉਸ ਵੇਲੇ ਵਾਰੀ ਵਾਰੀ ਕਦੇ ਫਤਹਿ ਸਿੰਘ ਅਤੇ ਕਦੇ ਜ਼ੋਰਵਾਰ ਸਿੰਘ ਦਸਦੇ ਹਨ ਕਿ ਮਾਤਾ ਜੀ! ਉਹ ਸਾਨੂੰ ਇਸਲਾਮ ਦੀ ਸ਼ਰਾ ਵਿਚ ਲਿਆਉਣਾ ਚਾਹੁੰਦੇ ਸਨ, ਉਪਰ ਲਿਖੇ ਜਾ ਚੁਕੇ ਉਤਰਾਂ ਨੂੰ ਫੇਰ ਦੁਹਰਾਇਆ ਗਿਆ। ਮਾਤਾ ਜੀ ਬਹੁਤ ਪ੍ਰਸੰਨ ਹੋਏ ਕਹਿਣ ਲੱਗੇ ਬੇਟਾ! ਸਰੀਰ ਛਿਨ ਭੰਗਰ ਹੈ ਜੋ ਉਪਜਿਆ ਹੈ ਬਿਨਸ ਜਾਣਾ ਹੈ ਪਰ ਆਦਮੀ ਦੇ ਨਾਲ ਸਚਾਈ ਨੇ ਸਦਾ ਨਾਲ ਜਾਣਾ ਹੈ। ਮੌਤ ਤੋਂ ਡਰ ਕੇ ਆਪਣੇ ਨਿਸ਼ਚੇ ਬਦਲ ਲੈਣਾ ਕਾਇਰਤਾ ਹੈ। ਜੋ ਇਥੇ ਜਸ ਖੱਟ ਕੇ ਜਾਂਦੇ ਹਨ ਉਨ੍ਹਾਂ ਦੀ ਯਾਦ ਸਦਾ ਹੀ ਬਣੀ ਰਹਿੰਦੀ ਹੈ। ਉਹ ਰੋਸ਼ਨ ਮੁਨਾਰਾ ਬਣ ਕੇ ਭੁੱਲੇ ਭਟਕੇ, ਬੇਵਸ ਹੋਇਆਂ ਹੋਇਆਂ ਨੂੰ ਰਸਤਾ ਦਿਖਾਉਂਦੀ ਹੈ। ਅਜ ਕੁਝ ਛਕਣ ਨੂੰ ਨਹੀਂ ਸੀ ਮਿਲਿਆ, ਬੱਚੇ ਕੋਈ ਉਲਾਂਭਾ ਨਹੀਂ ਸੀ ਦੇ ਰਹੇ ਪਰ ਅੱਖ ਬਚਾ ਕੇ ਇਕ ਪ੍ਰੇਮੀ ਕੁਝ ਦੁਧ ਦੇ ਗਿਆ ਸੀ। ਦੋਹਾਂ ਸਾਹਿਬਜ਼ਾਦਿਆਂ ਨੇ ਘੁੱਟ ਘੁੱਟ ਪੀਤਾ। ਵਾਹਿਗੁਰੂ ਦਾ ਸ਼ੁਕਰ ਕਰਿਆ ਕਿ ਤੂੰ ਸਾਰਿਆਂ ਦਾ ਦਾਤਾ ਹੈਂ ਜਿਵੇਂ ਕਿ -

*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥*

*ਪੰਨਾ - 2*

ਸਾਹਿਬਜ਼ਾਦਿਆਂ ਨੇ ਦਸਿਆ ਕਿ ਮਾਤਾ ਜੀ! ਉਨ੍ਹਾਂ ਨੇ ਕਿਹਾ ਕਿ ਤੁਹਾਡਾ ਪਿਤਾ ਸ਼ਹੀਦ ਹੋ ਚੁਕਿਆ ਹੈ, ਉਨ੍ਹਾਂ ਨੇ ਵੱਡੇ ਵੀਰਾਂ ਬਾਰੇ ਵੀ ਦਸਿਆ ਕਿ ਉਨ੍ਹਾਂ ਨੂੰ ਸਾਡੀਆਂ ਫੌਜਾਂ ਨੇ ਮੈਦਾਨੇ ਜੰਗ ਵਿਚ ਲੀਰੋ ਲੀਰ ਕਰਕੇ ਸੁੱਟ ਦਿਤਾ ਹੈ। ਅਸੀਂ ਕਿਹਾ ਕਿ ਉਹ ਕਸ਼ਤਰੀ ਧਰਮ ਦੀ ਪਾਲਣਾ ਕਰਦੇ ਹੋਏ ਸਚਖੰਡ ਵਿਚ ਨਿਵਾਸ ਕਰ ਗਏ ਹਨ। ਇਹ ਨਾ ਕਹੋ ਕਿ ਮਾਰੇ ਗਏ ਹਨ। ਦੁਸ਼ਟ ਬੰਦੇ ਮਰਿਆ ਕਰਦੇ ਹਨ, ਸੰਤ ਸਦਾ ਹੀ ਜਿਉਂਦੇ ਹਨ। ਉਨ੍ਹਾਂ ਨੇ ਆਪਣੇ ਸਰੂਪ ਨੂੰ ਪਹਿਚਾਣ ਲਿਆ ਹੁੰਦਾ ਹੈ। ਆਤਮਾ ਨਾ ਕਦੇ ਮਰਦੀ ਹੈ, ਨਾ ਜੰਮਦੀ ਹੈ, ਨਾ ਕਿਤੋਂ ਆਉਂਦੀ ਹੈ, ਨਾ ਕਿਤੇ ਜਾਂਦੀ ਹੈ ਇਹ ਤਾਂ ਇਕ ਖੇਲ੍ਹ ਹੋ ਰਿਹਾ ਹੈ। ਮਾਤਾ ਜੀ ਨੇ ਵੀ ਸਾਹਿਬਜ਼ਾਦਿਆਂ ਤੋਂ ਸੁਣਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਕਈ ਵਾਰੀ ਮਨ ਵਿਚ ਖਿਆਲ ਆਇਆ ਕਿ ਜੇ ਅਸੀਂ ਗੁਰੂ ਮਹਾਰਾਜ ਨੂੰ ਕਿਲਾ ਖਾਲੀ ਕਰਨ ਵਾਸਤੇ ਨਾ ਕਹਿੰਦੇ ਤਾਂ ਇਹ ਬਿਪਤਾ, ਹਦ ਦੀ ਪਰੇਸ਼ਾਨੀ ਭੋਗਣੀ ਨਾ ਪੈਂਦੀ। ਅਜੇ ਬਚਨ ਕਰ ਹੀ ਰਹੇ ਸਨ ਕਿ ਸਿਪਾਹੀ ਆਏ, ਸਾਹਿਬਜ਼ਾਦਿਆਂ ਨੂੰ ਮਾਤਾ ਗੁਜਰੀ ਜੀ ਤੋਂ ਵਖਰੇ ਕਰ ਦਿਤਾ। ਮਾਤਾ ਜੀ ਨੇ ਉਨ੍ਹਾਂ ਨੂੰ ਜਾਂਦਿਆਂ ਨੂੰ ਕਿਹਾ ਕਿ ਤੁਸੀਂ ਆਪਣੇ ਪੜ-ਪੜਦਾਦਾ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਯਾਦ ਰਖਣੀ ਅਤੇ ਆਪਣੇ ਦਾਦਾ ਜੀ ਦਾ ਵਿਰਤਾਂਤ ਜੋ ਦਿੱਲੀ ਵਿਚ ਹੋਇਆ, ਸਦਾ ਹੀ ਯਾਦ ਰਖਣਾ ਹੈ। ਆਪਣੀ ਕੁਲ ਦੀ ਰੀਤ ਹੈ, ਸੀਸ ਜਾਂਦਾ ਹੈ ਤਾਂ ਜਾਣ ਦੇਵੋ ਪਰ ਮੌਤ ਤੋਂ ਡਰ ਕੇ ਆਪਣੀ ਕੁਲ ਨੂੰ ਦਾਗ ਨਹੀਂ ਲਗਣ ਦੇਣਾ। ਸ਼ਹੀਦ ਭਾਵੇਂ ਹੋ ਜਾਵੋ ਪਰ ਮਾਤਾ ਦੀ ਕੁਖ ਨੂੰ ਦਾਗ ਨਾ ਲੱਗੇ। ਪਿਤਾ ਦੀ ਚਾਦਰ ਤੇ ਇਕ ਸਿਆਹੀ ਦਾ ਧੱਬਾ ਵੀ ਨਜ਼ਰ ਨਾ ਆਵੇ। ਉਹ ਸਾਹਿਬਜ਼ਾਦਿਆਂ ਨੂੰ ਲੈ ਜਾਂਦੇ ਹਨ।

ਦੂਸਰੇ ਦਿਨ ਫੇਰ ਪੇਸ਼ੀ ਹੁੰਦੀ ਹੈ। ਅੱਜ ਬਹੁਤ ਇਕੱਠ ਹੋਇਆ ਹੋਇਆ ਹੈ ਅਤੇ ਬੱਚਿਆਂ ਬਾਰੇ ਫੈਸਲਾ ਸੁਣਨ ਬਹੁਤ ਖਲਕਤ ਆਈ ਹੋਈ ਹੈ। ਬਹੁਤੇ ਅੰਦਰੋਂ ਰੋਂਦੇ ਹਨ, ਪਰ ਬਾਹਰੋਂ ਦਿਸਣ ਨਹੀਂ ਦਿੰਦੇ। ਅੱਜ ਫੇਰ ਕਲ੍ਹ ਵਾਲਾ ਸਲਾਮ ਕਰਨ ਦਾ ਹੁਕਮ ਹੋਇਆ, ਆਪ ਨੇ ਕਿਹਾ ਅਸੀਂ ਪ੍ਰਭੂ ਦੇ ਰੰਗ ਵਿਚ ਰੰਗਿਆਂ ਦੀ ਧੂੜ ਮਸਤਕ ਨੂੰ ਲਾ ਸਕਦੇ ਹਾਂ, ਅਸੀਂ ਲੋਚਦੇ ਹਾਂ ਕਿ ਐਸੇ ਪਿਆਰਿਆਂ ਦੀ ਧੂੜ ਸਾਨੂੰ ਮਿਲੇ। ਨਿਵਣਾ ਤਾਂ ਇਕ ਪਾਸੇ ਰਿਹਾ ਅਸੀਂ ਤਾਂ ਝੂਠੇ ਬੰਦਿਆਂ ਦਾ ਦਰਸ਼ਨ ਵੀ ਨਹੀਂ ਕਰਨਾ ਚਾਹੁੰਦੇ। ਸਾਡੇ ਪਿਤਾ ਜੀ ਸਭ ਕੁਝ ਜਾਣਦੇ ਸਨ ਕਿ ਤੁਸੀਂ ਇਕ ਥਾਲ ਵਿਚ ਗੀਤਾ ਤੇ ਗਊ ਦੀ ਪਵਿੱਤਰ ਪੋਥੀ ਰੱਖ ਕੇ ਅਤੇ ਦੂਜੇ ਥਾਲ ਵਿਚ ਕੁਰਾਨ ਸ਼ਰੀਫ ਦੀ ਪਵਿੱਤਰ ਪੋਥੀ ਰੱਖ ਕੇ ਇਕ ਦਗਾ ਕਰ ਰਹੇ ਹੋਂ, ਛਲ ਕਰ ਰਹੇ ਹੋਂ, ਪਰ ਸਾਡੇ ਪਿਤਾ ਨੇ ਇਹ ਗੱਲ ਸਪਸ਼ਟ ਕੀਤੀ ਕਿ ਜੇ ਅਸੀਂ ਕੁਰਾਨ ਦੀ ਪਵਿੱਤਰ ਪੋਥੀ ਦੀ ਆਨ ਨਹੀਂ ਰਖਦੇ, ਗੀਤਾ ਦੀ ਆਨ ਨਹੀਂ ਰਖਦੇ ਤਾਂ ਕੌਣ ਰਖੇਗਾ। ਤੁਹਾਡੇ ਧਰਮ ਨੂੰ ਕਿੱਡੀ ਵੱਡੀ ਮਹੱਤਤਾ ਦਿਤੀ ਪਰ ਤੁਸੀਂ ਦ੍ਰੋਗ-ਗੋ (ਝੂਠੇ) ਹੋਂ। ਪਹਿਲੇ ਵਾਲਾ ਹੀ ਸਵਾਲ ਫੇਰ ਦੁਹਰਾਇਆ ਗਿਆ। ਸਾਹਿਬਜ਼ਾਦਿਆਂ ਨੇ ਫੇਰ ਆਪਣੇ ਵਿਚਾਰ ਦੁਹਰਾਏ। ਸਭਾ ਵਿਚ ਅੱਜ ਮੁਗਲ, ਪਠਾਣ, ਵਜ਼ੀਰ, ਯੋਧਾ, ਜਰਨੈਲ ਵੀ ਬੈਠੇ ਸਨ ਅਤੇ ਕਚਹਿਰੀ ਤੋਂ ਬਾਹਰ ਬਹੁਤ ਭਾਰੀ ਇਕੱਠ ਸੀ। ਇਸ ਸਭਾ ਵਿਚ ਹਿੰਦੂ ਵੀ ਸਨ, ਖਤਰੀ ਵੀ ਸਨ, ਵਣਜ ਵਪਾਰ ਕਰਨ ਵਾਲੇ ਬਾਣੀਏ ਵੀ ਸਨ ਅਤੇ ਸ਼ਹਿਰ ਦੇ ਬਹੁਤ ਸਾਰੇ ਵਾਸੀ ਸਨ। ਬਹੁਤ ਸਾਰੇ ਬੈਠੇ ਸਨ, ਬਹੁਤ ਸਾਰੇ ਖੜ੍ਹੇ ਸਨ, ਮੁਰਿੰਡੇ ਵਾਲੇ ਪਠਾਣ ਵੀ ਬੈਠੇ ਹਨ। ਉਨ੍ਹਾਂ ਵਿਚ ਇਕ ਸੁੱਚਾ ਨੰਦ ਨਾਮ ਦਾ ਖਤਰੀ ਜੋ ਨਵਾਬ ਦਾ ਦੀਵਾਨ ਸੀ ਉਹ ਵੀ ਬਹੁਤ ਕ੍ਰੋਧਿਤ ਹੋਇਆ ਹੋਇਆ ਬੱਚਿਆਂ ਨੂੰ ਘੂਰ ਰਿਹਾ ਸੀ। ਇਹ ਚੰਦੂ ਦੀਵਾਨ ਦੇ ਖਾਨਦਾਨ ਵਿਚੋਂ ਸੀ। ਨਵਾਬ ਨੇ ਕਿਹਾ ਕਿ ਬੱਚਿਓ! ਤੁਹਾਨੂੰ ਕਲ੍ਹ ਵੀ ਸਮਝਾਇਆ ਸੀ, ਤੁਸੀਂ ਤੁਰਕ ਸ਼ਰਾ ਨੂੰ ਮੰਨ ਜਾਓ, ਅਸੀਂ ਤੁਹਾਨੂੰ ਬਹੁਤ ਵੱਡੀ ਵਡਿਆਈ ਦੇਵਾਂਗੇ। ਤੁਹਾਡਾ ਪਾਲਣ ਪੋਸਣ ਬਹੁਤ ਅਮੀਰਾਂ ਵਾਲਾ ਕੀਤਾ ਜਾਵੇਗਾ। ਜਦੋਂ ਤੁਸੀਂ ਜਵਾਨ ਹੋਵੋਂਗੇ ਉਸ ਵੇਲੇ ਘੋੜੇ ਰੱਥ ਅਤੇ ਬੇਅੰਤ ਧਨ ਤੁਹਾਡੇ ਪਾਸ ਹੋਵੇਗਾ। ਮੈਂ ਤੁਹਾਨੂੰ ਆਪਣੇ ਨੇੜੇ ਰਖਾਂਗਾ। ਮੈਂ ਚਾਹੁੰਦਾ ਹਾਂ ਕਿ ਤੁਹਾਡਾ ਪਾਲਣ ਪੋਸਣ ਕੀਤਾ ਜਾਵੇ ਅਤੇ ਤੁਹਾਨੂੰ ਕਈ ਪਿੰਡ ਗੁਜ਼ਾਰੇ ਵਾਸਤੇ ਦੇ

ਦੇਵਾਂਗਾ। ਫੌਜਾਂ ਦਾ ਜਰਨੈਲ ਬਣਾ ਦਿਤਾ ਜਾਵੇਗਾ। ਉਸ ਵੇਲੇ ਜ਼ੋਰਾਵਰ ਸਿੰਘ ਜੀ ਦੇ ਚਿਹਰੇ ਉਤੇ ਇਕ ਤਰ੍ਹਾਂ ਦਾ ਰੋਸ ਪ੍ਰਗਟ ਹੋਇਆ, ਲਾਲੀ ਦੀ ਭਾਅ ਮੁਖੜੇ ਤੇ ਛਾ ਗਈ ਅਤੇ ਨੇਤਰ ਦੇਖਣ ਤੋਂ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਦੇ ਅੰਦਰ ਇਕ ਬਹੁਤ ਵੱਡਾ Protest (ਰੋਸ) ਹੈ। ਉਸ ਵੇਲੇ ਫਤਹਿ ਸਿੰਘ ਨੇ ਕਿਹਾ ਕਿ ਭਰਾਤਾ! ਜਿਵੇਂ ਆਪਣੇ ਪਿਤਾਮਾ ਨੇ ਧਰਮ ਰਖ ਲਿਆ ਤੇ ਸੰਸਾਰ ਵਿਚ ਮਹਾਨ ਜਸ ਖੱਟਿਆ, ਤਿੰਨਾਂ ਲੋਕਾਂ ਵਿਚ ਜੈ ਜੈਕਾਰ ਹੋ ਰਹੀ ਹੈ ਆਪਾਂ ਨੂੰ ਇਸੇ ਤਰ੍ਹਾਂ ਨਾਲ ਸ਼ਹੀਦੀ ਦੇ ਦੇਣੀ ਠੀਕ ਹੈ। ਲਿਖਿਆ ਹੈ –

*ਹਮ ਤੁਮ ਕੋ ਤਿਮ ਕੀ ਬਨਿ ਆਵੈ॥*
*ਸਿਰ ਦਿਹੁ ਤੁਰਕਨਿ ਮੂਲ ਗਵਾਵੈਂ।*
*ਹਿੰਦੂ ਧਰਮ ਜਾਗ ਹੈ ਫੇਰ।*
*ਤਨ ਸਭਿ ਨਾਸ਼ਵੰਤ ਹੀ ਹੇਰਿ॥੩੬॥*
*ਦੀਨ ਬਿਖੈ ਲਜਾਵਨ ਕੇ ਹੇਤ।*
*ਕਹਜੋ ਪਿਤਾਮੇ ਕੋ ਬਹੁ ਦੇਤਿ।*
*ਧਰਮ ਧੁਰੰਧਰ ਧੀਰਜ ਧਾਰੀ।*
*ਇਨ ਕਹਿਨੇ ਪਰ ਪਨਹੀ ਮਾਰੀ॥੩੭॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952*

ਫਿਰ ਕਹਿਣ ਲੱਗੇ ਕਿ ਉਨ੍ਹਾਂ ਨੇ ਧਰਮ ਦਾ ਸਾਕਾ ਕੀਤਾ, ਸੀਸ ਦੇ ਦਿਤਾ ਪਰ ਆਪਣੇ ਇਰਾਦੇ ਉਤੇ ਦ੍ਰਿੜ੍ਹ ਰਹੇ ਇਸੇ ਤਰ੍ਹਾਂ ਨਾਲ ਆਪਾਂ ਵੀ ਸੰਸਾਰ ਵਿਚ ਦ੍ਰਿੜ੍ਹਤਾ ਨਾਲ ਇਹ ਸਾਕਾ ਕਰੀਏ, ਆਪਣਾ ਜੋ ਵੰਸ਼ ਹੈ ਸ੍ਰੀ ਰਾਮ ਚੰਦਰ ਜੀ ਮਹਾਰਾਜ ਅਤੇ ਮਾਤਾ ਸੀਤਾ ਜੀ ਦੀ ਪ੍ਰੇਮ ਪਵਿੱਤਰਤਾ ਤੋਂ ਚਲਿਆ ਆ ਰਿਹਾ ਹੈ ਬੇਦੀ ਕੁਲ ਅਤੇ ਸੋਢੀ ਵੰਸ ਉਸ ਮਹਾਨ ਪਵਿੱਤਰ ਬੰਸ ਦੀਆਂ ਸ਼ਾਖਾਂ ਹਨ। ਜਿਵੇਂ ਦਰਖਤ ਦੀ ਜੜ੍ਹ ਧਰਤੀ ਵਿਚ ਰਹਿ ਜਾਂਦੀ ਹੈ, ਪਰ ਉਸ ਦੇ ਟਾਹਣੇ ਪੱਤੇ, ਫਲ, ਫੁਲ, ਬਾਹਰ ਨਜ਼ਰ ਆਉਂਦੇ ਹਨ ਸੋ ਆਪਣੇ ਗੌਰਵ ਨੂੰ ਪਹਿਚਾਣੀਏ ਅਤੇ ਸਾਬਤ ਨਿਸ਼ਚੇ ਸਹਿਤ ਸ਼ਹੀਦੀ ਦੇ ਦੇਈਏ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ–

*ਤਿਮ ਸ਼ਾਕਾ ਜਗ ਤੁਮ ਦਿਖਰਾਵੋ।*
*ਮਨ ਕੋ ਥਿਰ ਕਰਿ ਨਹੀਂ ਡੁਲਾਵੋ।*
*ਸਰਬ ਸ਼ਿਰੋਮਣਿ ਬੰਸ ਹਮਾਰਾ।*
*ਰਾਖਹੁ ਤਿਸ ਕੀ ਲਾਜ ਉਦਾਰਾ॥੩੮॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952*

ਜਦੋਂ ਛੋਟੇ ਵੀਰ ਫਤਹਿ ਸਿੰਘ ਤੋਂ ਇਹ ਉਤਰ ਸੁਣਿਆ ਤਾਂ ਉਸ ਵੇਲੇ ਕਿਹਾ ਕਿ ਐਸੇ ਝੂਠਿਆਂ ਦੀ ਸ਼ਰਾ ਸਾਨੂੰ ਮਨਜ਼ੂਰ ਨਹੀਂ, ਆਪਣੇ ਧਰਮ ਨੂੰ ਅਸੀਂ ਬਿਲਕੁਲ ਨਹੀਂ ਵਿਗਾੜ ਸਕਦੇ ਅਤੇ ਕਿਹਾ ਕਿ ਸਾਡੇ ਵੰਸ਼ ਦੀ ਰੀਤ ਤੁਰੀ ਆਈ ਹੈ, ਸੀਸ ਤਾਂ ਅਸੀਂ ਦੇ ਦਿੰਦੇ ਹਾਂ ਪਰ ਧਰਮ ਨਹੀਂ ਛਡਦੇ। ਭਰਾਤਾ ਫਤਹਿ ਸਿੰਘ! ਇਹ ਪਾਪੀ ਬਜਰ ਪਾਪ ਕਰਨ ਤੇ ਤੁਲੇ ਹੋਏ ਹਨ, ਆਪਣੇ ਖ਼ੂਨ ਦੀ ਇਕ-ਇਕ ਬੂੰਦ ਇਨ੍ਹਾਂ ਦੇ ਰਾਜ ਦੀ ਜੜ੍ਹ ਉਖਾੜ ਦੇਵੇਗੀ –

*ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ।*

*ਸੁਨੇ ਅਨੁਜ ਤੇ ਧੀਰਜ ਬੈਨ।*
*ਕਹਜੋ ਜ਼ੋਰਾਵਰ ਸਿੰਘ ਰਿਸ ਨੈਨ -*
*ਸ਼ਰ੍ਹਾ ਸੀਸ ਹਮ ਪਨਹੀ ਮਾਰੈਂ।*
*ਧਰਮ ਆਪਨੋ ਨਹੀਂ ਬਿਗਾਰੈਂ॥੩੯॥*
*ਹਮਰੇ ਬੰਸ ਰੀਤਿ ਇਮ ਆਈ।*
*ਸੀਸ ਦੇਤਿ ਪਰ ਧਰਮ ਨ ਜਾਈ।*
*ਤੁਮਰੀ ਜਰਾਂ ਉਖਾਰਨਿ ਹੇਤ।*
*ਹਮ ਨਹਿੰ ਡਰਪਹਿੰਗੇ ਸਿਰ ਦੇਤਿ॥੪੦॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952*

ਕਹਿਣ ਲੱਗੇ ਸਾਨੂੰ ਕੀ ਭਰਮਾਉਂਦੇ ਹੋ, ਤੁਸੀਂ ਕੂੜੇ ਲਾਲਚ ਦੇ ਕੇ ਅਸਾਨੂੰ ਭਰਮਾਉਂਦੇ ਹੋ। ਇਹ ਤਾਂ ਸੰਸਾਰ ਵਿਚ ਹੀ ਛੱਡ ਜਾਣੇ ਨੇ। ਸੰਸਾਰ ਉਤੇ ਵੱਡੇ-ਵੱਡੇ ਆਏ, ਉਨ੍ਹਾਂ ਨੇ ਮਨਮਾਨੀਆਂ ਕੀਤੀਆਂ, ਅਖੀਰ ਮਿੱਟੀ ਦੀ ਮੁੱਠ ਬਣ ਕੇ ਰਹਿ ਗਏ। ਇਨ੍ਹਾਂ ਦੀ ਤਾਂ ਗੱਲ ਛੱਡੋ, ਵੱਡੇ-ਵੱਡੇ ਅਵਤਾਰ, ਪੀਰ, ਔਲੀਏ, ਗੌਂਸ ਕੋਈ ਵੀ ਸੰਸਾਰ ਤੇ ਨਹੀਂ ਰਹਿੰਦੇ। ਸਾਡੇ ਪਿਤਾ ਜੀ ਫੁਰਮਾਨ ਕਰਦੇ ਹਨ –

*ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥*

*ਅਕਾਲ ਉਸਤਤਿ*

*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ*
*ਛਤ੍ਰ ਹੀ ਕੀ ਛਾਇਆ ਕਈ ਕੋਸ ਲੋ ਚਲਤ ਹੈਂ॥*
*ਬਡੇ ਬਡੇ ਰਾਜਨ ਕੇ ਦਾਬਤ ਫਿਰਤਿ ਦੇਸ*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ॥*
*ਮਾਨ ਸੇ ਮਹੀਪ ਔ ਦਿਲੀਪ ਕੇ ਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥*
*ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ ਅੰਤ ਭੂੰਮ ਮੈ ਮਿਲਤ ਹੈਂ॥*

*ਅਕਾਲ ਉਸਤਤਿ*

ਇਹ ਪਦਾਰਥ ਤਾਂ ਇਥੇ ਹੀ ਰਹਿ ਜਾਣਗੇ। ਤੁਹਾਡੇ ਵਿਚੋਂ ਹੀ ਆ ਕੇ ਇਕ ਮਹਿਮੂਦ ਨੇ ਭਾਰਤ ਨੂੰ ਲੁਟਿਆ, ਅਨੇਕ ਜ਼ੁਲਮ ਕੀਤੇ, ਬਹੁਤ ਧਨ ਲੁੱਟਿਆ, ਕੀ ਉਹ ਨਾਲ ਲੈ ਗਿਆ? ਅਸਾਡੇ ਆਦਿ ਗੁਰੂ ਨੇ ਕਾਰੂੰ ਬਾਦਸ਼ਾਹ ਨੂੰ ਸਮਝਾਇਆ ਸੀ ਅਤੇ ਕਿਹਾ ਸੀ –

*ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ*

ਪਿਆਰਿਓ! ਕਿਉਂ ਭੁੱਲ ਕਰਦੇ ਹੋ, ਦਰਗਾਹ ਵਿਚ ਸਿਰਫ ਧਰਮ ਨੇ ਨਾਲ ਜਾਣਾ ਹੈ ਕਿਹੜਾ ਮੂਰਖ ਹੈ ਕਿ ਦਰਗਾਹ ਵਿਚ ਸ਼ਰਮਿੰਦਾ ਹੋ ਕੇ ਸੰਸਾਰ ਦੇ ਕੂੜੇ ਪਦਾਰਥਾਂ ਨਾਲ ਪਿਆਰ ਪਾਵੇ। ਯਾਦ ਰੱਖੋ ਅਸੀਂ ਸੀਸ ਦੇ ਦੇਣੇ ਹਨ। ਤੁਹਾਨੂੰ ਪਤਾ ਹੈ ਕਿੱਡਾ ਭਿਆਨਕ ਝੱਖੜ ਆਵੇਗਾ, ਤੁਹਾਡੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗਾ। ਤੁਸੀਂ ਉਹ ਪਾਪ

ਕਰਨ ਲੱਗੇ ਹੋਂ ਜਿਸ ਨੂੰ ਕਿਸੇ ਵੀ ਕਾਨੂੰਨ ਦਾ ਵਿਧਾਨ ਪ੍ਰਵਾਨ ਨਹੀਂ ਕਰੇਗਾ।

ਉਸ ਵੇਲੇ ਸੁੱਚਾ ਨੰਦ ਬੜੇ ਕ੍ਰੋਧ ਨਾਲ ਕਹਿਣ ਲੱਗਿਆ ਕਿ ਮੈਂ ਵੀ ਖਤਰੀ ਜਾਤ ਵਿਚੋਂ ਹਾਂ। ਦੇਖੋ ਮੈਂ ਵੀ ਇਨ੍ਹਾਂ ਦੇ ਨਾਲ ਚਲਦਾ ਹਾਂ, ਕਿੱਡਾ ਵੱਡਾ ਅਹੁਦਾ ਮੈਨੂੰ ਮਿਲਿਆ ਹੋਇਆ ਹੈ, ਬਾਲਕੋ! ਤੁਸੀਂ ਕੂੜੀਆਂ ਗੱਲਾਂ ਨਾ ਕਰੋ। ਉਸ ਵੇਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਨੇ ਕਿਹਾ ਕਿ ਤੂੰ ਭਰਿਸ਼ਟ ਹੋਇਆ ਹੋਇਆ ਖਤਰੀ ਹੈਂ, ਸਾਡੇ ਪੂਰਵਜਾਂ ਨੇ ਕਿਹਾ ਹੈ –

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥*
*ਪੰਨਾ - 663*

ਤੁਹਾਡਾ ਧਰਮ ਸੀ ਆਪਣੇ ਦੇਸ਼ ਦੀ ਰਾਖੀ ਕਰਨੀ, ਵਿਦੇਸ਼ੀਆਂ ਨੇ ਆ ਕੇ ਦੇਸ਼ ਦੀ ਪਤ ਲੁੱਟੀ ਅਤੇ ਇਸਤ੍ਰੀਆਂ ਦੀ ਪਤ ਲਾਹੀ, ਤੁਹਾਨੂੰ ਤਾਂ ਜਿਉਂਦੇ ਹੀ ਮਰ ਜਾਣਾ ਚਾਹੀਦਾ ਸੀ ਕਿਉਂਕਿ ਖਤ੍ਰੀ ਉਹ ਹੁੰਦਾ ਹੈ –

*ਖਤ੍ਰੀ ਸੋ ਜੁ ਕਰਮਾ ਕਾ ਸੂਰੁ॥*
*ਪੁੰਨ ਦਾਨ ਕਾ ਕਰੈ ਸਰੀਰੁ॥*
*ਖੇਤੁ ਪਛਾਣੈ ਬੀਜੈ ਦਾਨੁ॥*
*ਸੋ ਖਤ੍ਰੀ ਦਰਗਹ ਪਰਵਾਣੁ॥ ਪੰਨਾ - 1411*

ਅਸੀਂ ਸਿਰ ਦੇਣ ਵਾਸਤੇ ਤਿਆਰ ਹਾਂ, ਧਰਮ ਅਸੀਂ ਬਿਲਕੁਲ ਨਹੀਂ ਛਡਣਾ। ਉਸ ਵੇਲੇ ਉਸ ਝੂਠਾ ਨੰਦ ਨੇ ਨਵਾਬ ਵਲ ਵੇਖਿਆ ਜੋ ਚੁੱਪ ਕਰਕੇ ਸੋਚ ਰਿਹਾ ਸੀ, ਕੁਛ ਹਮਦਰਦੀ ਅਤੇ ਕੁਛ ਨਿਆਂ ਦੀ ਕਿਰਨ ਉਠ ਕੇ ਉਸ ਦੇ ਅੰਦਰੋਂ ਰੋਸ਼ਨੀ ਦੇਣ ਵਾਲੀ ਸੀ। ਉਸ ਨੇ ਕਿਹਾ ਕਿ ਨਵਾਬ ਸਾਹਿਬ! ਇਹ ਬਾਲਕ ਸ਼ੀਰ ਖੋਰ ਨਹੀਂ ਹਨ, ਬਿਲਕੁਲ ਡਰ ਨਹੀਂ ਮੰਨ ਰਹੇ। ਜੇ ਵੱਡੇ ਹੋ ਗਏ, ਆਪਣੇ ਪਿਤਾ ਨਾਲੋਂ ਵੀ ਵਧ ਖਤਰਨਾਕ ਨਿਕਲਣਗੇ। ਇਹ ਨਾਗਾਂ ਦੇ ਬੱਚੇ ਹੁਣੇ ਹੀ ਠੱਪ ਦੇਣੇ ਚਾਹੀਦੇ ਹਨ।

ਕੰਧਾਂ ਵਿਚ ਚਿਣ ਕੇ ਮੌਤ ਦੀ ਸਜ਼ਾ ਸੁਣਾ ਦਿਤੀ। ਮਾਹੀ ਦੇ ਐਸੇ ਆਖੇ ਨੂੰ ਉਰਦੂ ਦੇ ਇਕ ਸ਼ਾਇਰ ਨੇ ਬਾਅਦ ਵਿਚ ਐਸਾ ਲਿਖਿਆ ਹੈ –

*ਜਾਨ ਲੇ ਲੇਨੇ ਕੇ ਫਤਵੇ ਲਗ ਰਹੇ ਥੇ ਇਕ ਤਰਫ,*
*ਸ਼ੌਕ ਬੇ ਪ੍ਰਵਾਹ ਕੇ ਡੇਰੇ ਲਗ ਰਹੇ ਥੇ ਇਕ ਤਰਫ,*
*ਰੱਖ ਲੀਏ ਮਾਂ ਬਾਪ ਨੇ ਸੀਨੇ ਪੈ ਪੱਥਰ ਇਕ ਤਰਫ,*
*ਚੁੰਨ ਰਹੇ ਥੇ ਸੰਗ ਦਿਲ ਲਾਲੋਂ ਪੈ ਪਥਰ ਇਕ ਤਰਫ।*
*ਥਾ ਤਨੇ ਨਾਜ਼ਕ ਪੈ ਗਿਰਤਾ ਈਂਟ ਪੱਥਰ ਇਕ ਤਰਫ,*
*ਕਰ ਰਹੇ ਥੇ ਦੇਵਤਾ ਫੂਲੋਂ ਕੀ ਬਰਖਾ ਇਕ ਤਰਫ।*
*ਇਕ ਤਰਫ ਕਾਜ਼ੀ ਕੇ ਫਤਵੇ, ਸਾਹਜ਼ਾਦੇ ਇਕ ਤਰਫ,*
*ਈਂਟ ਪੱਥਰ ਇਕ ਤਰਫ, ਆਹਨੀ ਇਰਾਦੇ ਇਕ ਤਰਫ।*
*ਜ਼ਿੰਦਗਾਨੀ ਇਕ ਤਰਫ, ਮਰਨੇ ਕੇ ਸਾਮਾਨ ਇਕ ਤਰਫ,*
*ਇਕ ਤਰਫ ਆਲਮ ਕੀ ਖੁਸ਼ੀਆਂ ਔਰ ਈਮਾਨ ਇਕ ਤਰਫ।*
*ਧਰਮ ਈਮਾਂ ਇਕ ਤਰਫ, ਰੂਹਲਤ ਹਕੂਮਤ ਇਕ ਤਰਫ।*
*ਸੁਬਾਹ ਸਾਦਕ ਇਕ ਤਰਫ, ਸ਼ਾਮੇ ਜਹਾਲਤ ਇਕ ਤਰਫ।*
*ਮਾਹੇ ਪਾਰੇ ਇਕ ਤਰਫ, ਤਾਰੀਕ ਬਾਦਲ ਇਕ ਤਰਫ,*
*ਜਿਸਮ ਨਾਜਕ ਇਕ ਤਰਫ, ਸਮਸ਼ੀਰ ਕਾਤਲ ਇਕ ਤਰਫ।*
*ਰੂਏ ਇਨਸਾਨ ਇਕ ਤਰਫ, ਖ਼ੂੰਨੀ ਨਿਗਾਹੇਂ ਇਕ ਤਰਫ,*
*ਇਕ ਤਰਫ ਥੇ ਕੁਹਕੇ, ਲੋਗੋਂ ਕੀ ਆਹੇਂ ਇਕ ਤਰਫ।*
*ਇਕ ਤਰਫ ਮਾਸੂਮ ਬੱਚੇ ਔਰ ਜ਼ਮਾਨਾਂ ਇਕ ਤਰਫ,*
*ਦਿਲ ਕੋ ਬੇਗਾਨਾਂ ਨ ਕਰਨਾਂ, ਐਹਲੇ ਦਿਲ ਕਾ ਇਕ ਤਰਫਾ।*

ਸਾਹਿਬਜ਼ਾਦੇ ਦੀਵਾਰ ਵਿਚ ਚਿਣੇ ਗਏ ਪਰ ਦੀਵਾਰ ਨੇ ਉਨ੍ਹਾਂ ਨੂੰ ਆਪਣੇ ਵਿਚ ਥਾਂ ਨਾ ਦਿਤੀ, ਦੀਵਾਰ ਦਾ ਹਿਰਦਾ ਫਟ ਗਿਆ, ਇੱਟਾਂ ਖਿੰਡ ਗਈਆਂ, ਠੰਢ ਨਾਲ ਬੇਸੁਰਤ ਹੋਏ ਬੱਚੇ ਧਰਤੀ ਤੇ ਹੀ ਗਿਰ ਗਏ, ਐਨੇ ਨੂੰ ਦੋ ਜਲਾਦ ਆਏ ਉਨ੍ਹਾਂ ਨੇ ਬੱਚਿਆਂ ਦੀ ਛਾਤੀ ਤੇ ਗੋਡਾ ਰੱਖ ਕੇ ਉਨ੍ਹਾਂ ਦੀਆਂ ਗਰਦਨਾਂ ਕੱਟ ਦਿਤੀਆਂ। ਇਹ ਹੈ ਸਾਕਾ ਜਿਸ ਨੂੰ ਸੁਣਨਾ ਤੇ ਕਹਿਣਾ ਵੀ ਬਹੁਤ ਔਖਾ ਹੈ।

ਮਾਤਾ ਜੀ ਨੂੰ ਜਦੋਂ ਪਤਾ ਲੱਗਿਆ ਉਸ ਵੇਲੇ ਆਪ ਨੇ ਪ੍ਰਮੇਸ਼ਰ ਦਾ ਸ਼ੁਕਰ ਕੀਤਾ ਕਿ ਮੇਰੇ ਪੋਤਰੇ ਬਹਾਦਰਾਂ ਵਾਂਗੂੰ ਜੂਝ ਗਏ ਹਨ, ਸਿਰ ਦੇ ਦਿਤਾ ਪਰ ਧਰਮ ਤੋਂ ਨਹੀਂ ਹਾਰੇ। ਮਾਤਾ ਜੀ ਪੂਰੇ ਯੋਗੀ ਸਨ ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਜਦੋਂ ਬਾਬੇ ਬਕਾਲੇ ਤਪ ਕਰ ਰਹੇ ਸਨ ਉਸ ਵੇਲੇ ਆਪ ਭੋਰੇ ਦੇ ਦਰਵਾਜ਼ੇ ਅੱਗੇ ਪਹਿਰਾ ਦਿੰਦੇ ਅਨੇਕ ਕਿਸਮ ਦੀਆਂ ਸਾਧਨਾ ਸਾਧ ਰਹੇ ਸਨ> ਜਿਵੇਂ ਮਾਤਾ ਜੀਤੋ ਜੀ ਨੇ ਆਪਣੀ ਮਰਜ਼ੀ ਨਾਲ ਸਰੀਰ ਵਿਚੋਂ ਪ੍ਰਾਣ ਪੰਖੇਰੂ ਕੱਢ ਦਿਤੇ, ਇਸੇ ਤਰ੍ਹਾਂ ਨਾਲ ਮਾਤਾ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਧਿਆਨ ਲਾਇਆ। ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਸਾਖਸ਼ਾਤ ਹੋਈ ਅਤੇ ਬ੍ਰਹਮ ਰੁੰਦਰ ਖੋਲ੍ਹ ਕੇ ਪ੍ਰਾਣ ਪੰਖੇਰੂ ਕੱਢ ਦਿਤੇ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਗੁਰਮੁਖਿ ਆਵੈ ਜਾਇ ਨਿਸੰਗੁ॥ ਪੰਨਾ - 932*

ਗੁਰੂ ਘਰ ਵਿਚ ਅਨੇਕਾਂ ਮਿਸਾਲਾਂ ਹਨ, ਜਦੋਂ ਗੁਰਸਿਖਾਂ ਨੇ ਆਪਣਾ ਸਰੀਰ ਆਪਣੀ ਮਰਜ਼ੀ ਨਾਲ ਛੱਡ ਦਿਤਾ ਅਤੇ ਛੱਡਣ ਤੋਂ ਬਾਅਦ ਫੇਰ ਮਰਜ਼ੀ ਨਾਲ ਵਾਪਸ ਵੀ ਪ੍ਰਵੇਸ਼ ਕਰ ਗਏ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਬਹੁਤ ਹੀ ਠਰੰਮੇ ਨਾਲ ਮਾਹੀ ਤੋਂ ਜੋ ਖਬਰ ਲੈਣ ਵਾਸਤੇ ਸਰਹੰਦ ਭੇਜਿਆ ਗਿਆ ਸੀ, ਛੋਟੇ ਸਹਿਬਜ਼ਾਦਿਆਂ ਦੀ ਸ਼ਹੀਦੀ ਦੀ ਵਾਰਤਾ ਸੁਣੀ। ਗੁਰੂ ਮਹਾਰਾਜ ਜੀ ਇਕ ਕਾਹੀਂ ਦੇ ਬੂਟੇ ਦੁਆਲਿਓਂ ਸਹਿਜ ਨਾਲ ਹੀ ਛੋਟੀ ਕਿਰਪਾਨ ਨਾਲ ਮਿੱਟੀ ਦੂਰ ਕਰ ਰਹੇ ਸਨ, ਆਪ ਇਕ ਦਮ ਸਾਵਧਾਨ ਹੋਏ, ਕੀ ਦੇਖਦੇ ਹਨ ਕਿ ਜਿੰਨੇ ਸੁਣਨ ਵਾਲੇ ਇਕੱਠੇ ਹੋ ਕੇ ਗੁਰੂ ਮਹਾਰਾਜ ਜੀ ਦੇ ਦੁਆਲੇ ਬੈਠੇ ਹਨ, ਸਭਨਾਂ ਦੀਆਂ ਅੱਖਾਂ ਵਿਚੋਂ ਹੰਝੂਆਂ ਦੀਆਂ ਧਾਰਾਂ ਵਗ ਰਹੀਆਂ ਹਨ, ਕਿਸੇ ਵਿਚ ਬੋਲਣ ਦੀ ਸਮਰਥਾ ਨਹੀਂ ਰਹੀ, ਗਲੇ ਰੁਕੇ ਹੋਏ ਹਨ, ਰਾਏ ਕੱਲਾ ਵੀ ਹੰਝੂਆਂ ਭਰੀ ਚੁੱਪ ਵਿਚ ਮੋਨ ਬੈਠਾ ਹੈ ਅਚਾਨਕ ਇਸ ਮੋਨ ਨੂੰ ਤੋੜਦਿਆਂ ਹੋਇਆਂ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਮਾਹੀ! ਇਕ ਗੱਲ ਅਸਾਨੂੰ ਦਸ ਕਿ ਜਦੋਂ ਸਾਹਿਜ਼ਾਦਿਆਂ ਨੂੰ ਇਹ ਘੋਰ ਕਸ਼ਟ ਦੀ ਸਜ਼ਾ ਨੀਂਹਾਂ ਵਿਚ ਚਿਣਨ ਵਾਲੀ ਸੁਣਾਈ ਗਈ, ਕੀ ਇਸ ਸਾਰੀ ਸਭਾ ਵਿਚ ਕੋਈ ਭੀ ਅਜਿਹਾ ਬੰਦਾ ਨਹੀਂ ਸੀ ਜਿਸ ਨੇ ਵਿਰੋਧ ਕੀਤਾ ਹੋਵੇ ਅਤੇ ਹਾਅ ਦਾ ਨਾਅਰਾ ਮਾਰਿਆ ਹੋਵੇ? ਉਸ ਵੇਲੇ ਮਾਹੀ ਨੇ ਕਿਹਾ ਕਿ ਪਾਤਸ਼ਾਹ! ਜਦੋਂ ਮੌਤ ਦੀ ਸਜ਼ਾ ਸੁਣਾ ਦਿਤੀ ਗਈ ਉਸ ਵੇਲੇ ਨਵਾਬ ਨੇ ਮਲੇਰ ਕੋਟਲੀਆਂ

ਨੂੰ ਇਹ ਗੱਲ ਕਹੀ ਕਿ ਲਓ, ਇਹ ਦੁਸ਼ਮਣ ਦੇ ਬਾਲਕ ਤੁਹਾਡੇ ਹਵਾਲੇ ਕਰਦਾ ਹਾਂ ਤੁਸੀਂ ਆਪਣੇ ਭਰਾ ਦਾ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਚਮਕੌਰ ਵਿਚ ਮਾਰਿਆ ਜਾ ਚੁਕਿਆ ਹੈ, ਦਾ ਬਦਲਾ ਲੈ ਲਵੋ। ਇਨ੍ਹਾਂ ਬਾਲਕਾਂ ਦੇ ਸੀਸ ਤਲਵਾਰ ਨਾਲ ਉਡਾ ਕੇ ਪੂਰੀ ਤਰ੍ਹਾਂ ਬਦਲਾ ਲਓ।

ਉਸ ਵੇਲੇ ਮਲੇਰ ਕੋਟਲੀਏ ਭਰਾ ਆਪਣੇ ਆਸਣਾਂ ਤੋਂ ਉਠ ਕੇ ਖੜ੍ਹੇ ਹੋ ਗਏ ਅਤੇ ਕਹਿਣ ਲੱਗੇ ਕਿ ਨਵਾਬ ਸਾਹਿਬ! ਅਸਾਨੂੰ ਆਖਦੇ ਹੋਂ ਕਿ ਅਸੀਂ ਇਨ੍ਹਾਂ ਸ਼ੀਰ ਖੋਰ ਬੱਚਿਆਂ ਨੂੰ ਮਾਰੀਏ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਹਿਤ ਦੀ ਗੱਲ ਕਿਹੜੀ ਹੁੰਦੀ ਹੈ ਅਤੇ ਅਹਿਤ ਦੀ ਕਿਹੜੀ ਹੁੰਦੀ ਹੈ। ਤੁਹਾਡੇ ਬੱਚੇ ਇਸੇ ਉਮਰ ਦੇ ਹਨ, ਤੁਸੀਂ ਨਹੀਂ ਦੇਖ ਰਹੇ। ਇਨ੍ਹਾਂ ਬੱਚਿਆਂ ਨੇ ਕੀ ਕਸੂਰ ਕੀਤਾ ਹੈ? ਇਸ ਉਮਰ ਦੇ ਬੱਚਿਆਂ ਨੂੰ ਤਾਂ ਪਿਤਾ ਮੇਲੇ ਵਿਚ ਗੋਦੀ ਚੁਕ ਕੇ ਮੇਲਾ ਦਿਖਾਉਂਦਾ ਹੈ। ਨਵਾਬ ਸਾਹਿਬ! ਤੁਸੀਂ ਕਸਮਾਂ ਤੋੜੀਆਂ, ਅਸੀਂ ਕੁਝ ਨਹੀਂ ਬੋਲੇ ਪਰ ਹੁਣ ਜ਼ੁਲਮ ਦੀ ਅਤਿ ਹੋ ਗਈ, ਤੁਸੀਂ ਪਵਿੱਤਰ ਕੁਰਾਨ ਦੀ ਤਾਲੀਮ ਨੂੰ ਹਨ੍ਹੇਰੇ ਖੂਹ ਵਿਚ ਸੁੱਟ ਦਿਤਾ ਹੈ ਅਤੇ ਘੋਰ ਅਨਿਆਂ ਦੇ ਹਨ੍ਹੇਰੇ ਵਿਚ ਮਲੀਣ ਬੁੱਧੀ ਕਰਕੇ ਤੁਸੀਂ ਇਨ੍ਹਾਂ ਸ਼ੀਰ ਖੋਰ ਬੱਚਿਆਂ ਨੂੰ ਮੌਤ ਦੀ ਸਜ਼ਾ ਦੇ ਰਹੇ ਹੋਂ, ਨੀਂਹਾਂ ਵਿਚ ਚਿਣੇ ਜਾਣ ਦੀ ਸਜ਼ਾ ਦੇ ਰਹੇ ਹੋਂ, ਕਿੰਨੇ ਭੋਲੇ ਬੱਚੇ ਹਨ, ਕਿੰਨੇ ਉਤਮੇ ਵਿਚਾਰ ਹਨ, ਇਨ੍ਹਾਂ ਦੀ ਇਕ ਗੱਲ ਤੋਂ ਵੀ ਪ੍ਰਗਟ ਨਹੀਂ ਹੁੰਦਾ ਕਿ ਇਹ ਕਿਸੇ ਦੇ ਦੁਸ਼ਮਣ ਹਨ। ਇਹ ਅੱਲਾਹ ਦੀ ਜ਼ਾਤ ਨੂੰ ਹਰ ਫਰਦੋ ਬਸ਼ਰ ਵਿਚ ਦੇਖਣ ਵਾਲੇ ਜੁੱਸੇ ਹਨ। ਅਜਿਹੇ ਮਾਸੂਮ ਬੱਚਿਆਂ ਨੂੰ ਮਾਰ ਕੇ ਧਰਤੀ ਫਟ ਨਹੀਂ ਜਾਵੇਗੀ? ਅਸੀਂ ਤੁਹਾਡੇ ਨਾਲ ਇਸ ਘਿਨਾਉਣੇ ਜ਼ੁਲਮ ਭਰੇ ਡਰਾਮੇ ਵਿਚ ਸ਼ਾਮਲ ਨਹੀਂ ਹੋ ਸਕਦੇ। ਅਸੀਂ ਅੱਲਾਹ ਤਾਲਾਹ ਨੂੰ ਜਾਣਦੇ ਹੋਏ ਤੈਨੂੰ ਵਰਜਦੇ ਹਾਂ ਕਿ ਜੇ ਵੈਰ ਲੈਣਾ ਹੈ ਤਾਂ ਗੁਰੂ ਗੋਬਿੰਦ ਸਿੰਘ ਸਾਰਿਆਂ ਦੇ ਵਿਚੋਂ ਨਿਕਲ ਗਿਆ ਹੈ, ਉਸ ਸ਼ੇਰ ਦੇ ਨਾਲ ਦੋ ਹੱਥ ਕਰੋ। ਇਹ ਕਾਇਰਾਂ ਤੇ ਡਰਪੋਕਾਂ ਦਾ ਕੰਮ ਹੈ ਕਿ ਬੇਕਸੂਰ ਬੱਚਿਆਂ ਨੂੰ ਮਾਰ ਕੇ ਬਦਲਾ ਲਓ। ਅਸੀਂ ਦਿਲੋਂ ਜਾਨ ਤੋਂ ਤੁਹਾਡੇ ਇਸ ਫੈਸਲੇ ਨਾਲ ਕੋਈ ਵੀ ਸਹਿਮਤੀ ਨਹੀਂ ਰਖ ਰਹੇ ਅਤੇ ਇਸ ਪਾਪ ਦੇ ਨਾਟਕ ਵਿਚੋਂ ਅਸੀਂ ਆਪਣਾ ਇਤਰਾਜ਼ ਪੇਸ਼ ਕਰਦੇ ਹੋਏ ਇਸ ਦੁਸ਼ਟ ਸਭਾ ਨੂੰ ਛੱਡ ਰਹੇ ਹਾਂ। ਇਹ ਕਹਿੰਦੇ ਉਹ ਕਚਹਿਰੀ 'ਚੋਂ ਬਾਹਰ ਹੋ ਗਏ।

ਮਾਹੀ ਕਹਿਣ ਲੱਗਿਆ, "ਪਾਤਸ਼ਾਹ! ਇਹ ਸ਼ਬਦ ਸੁਣ ਕੇ ਇਕ ਵਾਰੀ ਸਾਰੀ ਕਚਹਿਰੀ ਵਿਚ ਸਨਾਟਾ ਛਾ ਗਿਆ। ਨਵਾਬ ਵੀ ਸੋਚਣ ਲੱਗਿਆ ਪਰ ਉਸ ਦੁਸ਼ਟ ਖਤਰੀ ਨੂੰ ਜਿਸ ਦਾ ਨਾਮ ਸੁੱਚਾ ਨੰਦ ਹੈ ਪਰ ਸ਼ੈਤਾਨ ਦਾ ਨਾਮ ਝੂਠਾ ਨੰਦ ਹੈ ਉਸ ਨੇ ਬਹੁਤ ਹੀ ਕ੍ਰੋਧ ਨਾਲ ਕਿਹਾ ਕਿ ਅਸੀਂ ਮਲੇਰ ਕੋਟਲੀਆਂ ਦੀ ਕਿਸੇ ਗੱਲ ਨਾਲ ਸਹਿਮਤ ਨਹੀਂ ਹਾਂ। ਮੌਤ ਦਾ ਦੰਡ ਦੇਣ ਨਾਲ ਦੁਸ਼ਮਣ ਦਾ ਹਿਰਦਾ ਪੂਰੀ ਤਰ੍ਹਾਂ ਨਾਲ ਗਮਗੀਨੀ ਵਿਚ ਚਲਿਆ ਜਾਵੇਗਾ। ਉਹ ਜੇ ਸਾਡੇ ਹੱਥ ਵਿਚ ਨਹੀਂ ਭੀ ਆਵੇਗਾ ਤਾਂ ਭੀ ਉਸ ਨੂੰ ਪੁਤਰਾਂ ਦੀ ਮੌਤ ਦਾ ਗਹਿਰਾ ਸੱਲ ਵੱਢ-ਵੱਢ ਕੇ ਖਾਵੇਗਾ। ਇਹ ਬੱਚੇ ਬਿਲਕੁਲ ਨਹੀਂ ਛੱਡਣੇ ਅਤੇ ਨਾ ਹੀ ਇਨ੍ਹਾਂ ਦੀ ਮਾਤਾ ਨੂੰ ਬਖਸ਼ਣਾ ਚਾਹੀਦਾ ਹੈ। ਨਵਾਬ ਸਾਹਿਬ ਨੇ ਇਨ੍ਹਾਂ ਨੂੰ ਨੀਹਾਂ ਵਿਚ ਚਿਣਵਾ ਦੇਣ ਦਾ ਫੈਸਲਾ ਕੀਤਾ ਹੈ ਅਸੀਂ ਉਸ ਨਾਲ 100% ਤੋਂ ਵੀ ਵੱਧ ਸਹਿਮਤ ਹਾਂ।

ਮਾਹੀ ਨੇ ਕਿਹਾ, "ਪਾਤਸ਼ਾਹ! ਉਸ ਮੰਦੀ ਮਤ ਵਾਲੇ ਦੇ ਜ਼ਹਿਰੀਲੇ ਬੋਲ ਸੁਣ ਕੇ ਸਾਰੀ ਸਭਾ ਦਾ ਵਾਤਾਵਰਣ ਬਦਲ ਗਿਆ। ਹੋਰ ਕੋਈ ਵੀ ਨਾ ਬੋਲਿਆ ਸਗੋਂ ਨਵਾਬ ਦੇ ਨਾਲ ਸਹਿਮਤੀ ਪ੍ਰਗਟ ਕਰੀ।" ਰੋ ਰੋ ਕੇ ਮਾਹੀ ਨੇ ਇਹ ਗੱਲਾਂ ਦੱਸੀਆਂ। ਗੁਰੂ ਮਹਾਰਾਜ ਜੀ ਨੇ ਧੀਰਜ ਦਿਤੀ।

ਇਧਰੋਂ ਗੱਲ ਖਤਮ ਹੁੰਦੀ ਹੈ ਉਧਰੋਂ ਗੁਰੂ ਮਹਾਰਾਜ ਜੀ ਨੇ ਕਾਈਂ ਦਾ ਬੂਟਾ ਪੁੱਟ ਦਿਤਾ ਅਤੇ ਹੱਥ ਵਿਚ ਲੈ ਕੇ ਸਿੱਧੇ ਬੈਠ ਗਏ। ਥੋੜ੍ਹੀ ਦੂਰ ਵਗਾਹ ਕੇ ਮਾਰਦਿਆਂ ਫੁਰਮਾਨ ਕੀਤਾ ਕਿ ਜਿਥੇ ਅਜਿਹਾ ਕਹਿਰ ਹੋਵੇ ਉਥੇ ਅੱਲਾਹ ਤਾਲਾਹ ਪੂਰੀ ਤਰ੍ਹਾਂ ਸਜ਼ਾ ਦਿੰਦਾ ਹੈ, ਇਸ ਜ਼ੁਲਮ ਨੇ ਮੁਗਲ ਰਾਜ ਦੀ ਜੜ੍ਹ ਪੁਟ ਦਿਤੀ ਅਤੇ ਇਹ ਕਹਿੰਦਿਆਂ ਕਾਹੀਂ ਦਾ ਬੂਟਾ ਜੜੋਂ ਪੁੱਟ ਕੇ ਦੂਰ ਸੁੱਟ ਦਿਤਾ। ਉਸ ਵੇਲੇ ਰਾਏ ਕੱਲਾ ਜੋ ਇਸਲਾਮ ਦਾ ਧਾਰਨੀ ਸੀ ਉਸ ਨੇ ਕਿਹਾ ਪਾਤਸ਼ਾਹ! ਮੈਂ ਵੀ ਮੁਸਲਮਾਨ ਹਾਂ, ਮੈਂ ਤਾਂ ਕੋਈ ਜ਼ੁਲਮ ਨਹੀਂ ਕੀਤਾ। ਮੇਰੇ ਖਾਨਦਾਨ ਉਪਰ ਕ੍ਰਿਪਾ ਕਰੋ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਆਪਣੇ ਗਾਤਰੇ ਦੀ ਸ੍ਰੀ ਸਾਹਿਬ ਦਿੰਦਿਆਂ ਕਿਹਾ ਕਿ ਤੂੰ ਨੇਕੀ ਦਾ ਕੰਮ ਕੀਤਾ ਹੈ, ਤੇਰੀ ਜੜ੍ਹ ਉਦੋਂ ਤਕ ਹਰੀ ਰਹੇਗੀ ਜਦੋਂ ਤਕ ਤੁਸੀਂ ਇਸ ਸ੍ਰੀ ਸਾਹਿਬ ਦਾ ਪੂਰੀ ਤਰ੍ਹਾਂ ਸਤਿਕਾਰ ਕਰਦੇ ਰਹੋਂਗੇ। ਜਿਸ ਦਿਨ ਤੇਰੇ ਪਿਛੋਂ ਤੇਰੀ ਓਲਾਦ ਦੇ ਕਿਸੇ ਬੱਚੇ ਨੇ ਆਪਣੇ ਗਾਤਰੇ ਵਿਚ ਇਸ ਨੂੰ ਪਹਿਨ ਲਿਆ ਉਸ ਦਿਨ ਤੁਹਾਡੀ ਜੜ੍ਹ ਸੁੱਕ ਜਾਵੇਗੀ ਪਰ ਮਲੇਰਕੋਟਲੀਆਂ ਨੇ ਜੋ ਇਨਸਾਨੀਅਤ ਦੇ ਵਸ ਹੋ ਕੇ ਖੁਦਾ ਦੀ ਹਾਜ਼ਰੀ ਨੂੰ ਮੰਨਦਿਆਂ ਹਾਅ ਦਾ ਨਾਅਰਾ ਮਾਰਿਆ ਹੈ, ਉਨ੍ਹਾਂ ਨੇ ਉਸ ਦੀ ਜੜ੍ਹ ਬਚਾ ਲਈ ਹੈ। ਇਥੇ ਇਨ੍ਹਾਂ ਦਾ ਰਾਜ ਹੋਵੇਗਾ। ਉਸ ਵੇਲੇ ਉਨ੍ਹਾਂ ਨੇ ਇਨਸਾਨੀਅਤ ਦੇ ਲਫਜ਼ ਜੋ ਸਾਹਿਬਜ਼ਾਦਿਆਂ ਲਈ ਕਹੇ ਹਨ ਉਸ ਦੀ ਬਦੌਲਤ ਅਸਾਡੇ ਇਹ ਵੀਰ ਬਹਾਦਰ ਸੂਰਮੇ, ਇਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ ਅਤੇ ਇਨ੍ਹਾਂ ਦੀ ਓਲਾਦ ਬਹੁਤ ਦੇਰ ਤਕ ਰਾਜ ਕਰੇਗੀ।

ਸਾਰੇ ਸਰੋਤਿਆਂ ਵਲ ਗੁਰੂ ਮਹਾਰਾਜ ਜੀ ਨੇ ਮੁਖ

ਕਰਦਿਆਂ ਫੁਰਮਾਨ ਕੀਤਾ ਕਿ ਸੰਸਾਰ ਤੇ ਕੋਈ ਰਿਹਾ ਨਹੀਂ, ਇਥੇ ਧੁਰ ਦਰਗਾਹ ਦੇ ਹੁਕਮ ਮੁਤਾਬਿਕ ਜੀਵ ਆਉਂਦਾ ਹੈ, ਚਲਿਆ ਜਾਂਦਾ ਹੈ, ਸਭ ਦੇ ਸ੍ਵਾਸ ਗਿਣ ਕੇ ਦਿਤੇ ਜਾਂਦੇ ਹਨ। ਜਦੋਂ ਆਖਰੀ ਸ੍ਵਾਸ ਆ ਜਾਂਦਾ ਹੈ ਫੇਰ ਜੀਵ ਸੰਸਾਰ ਤੋਂ ਚਲਿਆ ਜਾਂਦਾ ਹੈ। ਗਿਣੇ ਹੋਏ ਸ੍ਵਾਸਾਂ ਵਿਚ ਮੋਹ ਦੀ ਆਸ ਰੱਖਣੀ ਮੂਰਖਤਾ ਹੋਇਆ ਕਰਦੀ ਹੈ –

*ਙਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥*
*ਪੰਨਾ - 254*

ਇਹ ਪੋਹ ਦਾ ਮਹੀਨਾ ਖਾਲਸਾ ਸਮਾਜ ਵਾਸਤੇ ਸ਼ਹੀਦੀਆਂ ਦਾ ਮਹੀਨਾ ਹੈ ਜਿਸ ਵਿਚ ਅਨੰਦਪੁਰ ਸਾਹਿਬ ਤੋਂ ਚਲ ਕੇ ਹਜ਼ਾਰਾਂ ਸਿੰਘਾਂ ਨੇ ਆਪਣਾ ਬਲੀਦਾਨ ਦਿਤਾ। ਸਾਹਿਬਜ਼ਾਦੇ ਸ਼ਹੀਦ ਹੋ ਗਏ, ਉਨ੍ਹਾਂ ਦੀ ਨਿਡਰਤਾ ਅਤੇ ਉਨ੍ਹਾਂ ਦੀ ਮੌਤ ਨਾਲ ਜੂਝਣ ਦੀ ਸੂਝ ਅਤੇ ਧਰਮ ਦੀ ਰਾਖੀ ਦੇ ਜਜ਼ਬੇ ਨੇ ਲੱਖਾਂ ਕਾਇਰ ਆਦਮੀਆਂ ਦੇ ਅੰਦਰ ਇਕ ਜੀਵਨ ਦੀ ਰੌ ਰੁਮਕਾ ਦਿਤੀ ਅਤੇ ਅਨੇਕਾਂ ਨੇ ਮਨ ਹੀ ਮਨ ਵਿਚ ਇਸ ਪਾਪ ਲੱਦੇ ਰਾਜ ਦੇ ਖਾਤਮੇ ਲਈ ਮਨ ਬਣਾ ਲਿਆ।

ਗੁਰੂ ਦਸ਼ਮੇਸ਼ ਪਿਤਾ ਦੀ ਜੋ ਕਰਨੀ ਹੈ ਉਸ ਨੂੰ ਸਮਝਣਾ ਬਹੁਤ ਹੀ ਮੁਸ਼ਕਲ ਹੈ ਆਪ ਨੇ ਆਪਣੇ ਹਿਤ ਵਾਸਤੇ ਇਕ ਤਿਲ ਭਰ ਵੀ ਨਹੀਂ ਸੋਚਿਆ। ਜੇ ਸੋਚਿਆ ਤਾਂ ਇਹ ਕਿ ਭਾਰਤ ਵਰਸ਼ ਆਪਣੀ ਮੂਰਖਤਾ ਅਤੇ ਧਰਮ ਤੋਂ ਵਿਪਰੀਤ ਹੋ ਕੇ ਪਤਨ ਦੀ ਹੇਠਲੀ ਤਹਿ ਤਕ ਪਹੁੰਚ ਗਿਆ ਹੈ, ਇਕ ਤਰ੍ਹਾਂ ਨਾਲ ਜਿਉਂਦਾ ਹੀ ਮਰ ਗਿਆ। ਇਨ੍ਹਾਂ ਮੁਰਦਿਆਂ ਵਿਚ ਜ਼ਿੰਦਗੀ ਪ੍ਰਵੇਸ਼ ਕਰਨ ਲਈ ਆਪ ਨੇ ਮਹਾਨ ਅੰਮ੍ਰਿਤ ਦੀ ਦਾਤ ਇਨ੍ਹਾਂ ਨਿਮਾਣੇ ਨਿਆਸਰਿਆਂ ਨੂੰ ਪ੍ਰਦਾਨ ਕੀਤੀ। ਇਕ ਜਵਾਹਰਭਾਟਾ ਉਠਿਆ। ਗੁਰੂ ਮਹਾਰਾਜ ਜੀ ਦੇ ਜੋਤੀ ਜੋਤ ਸਮਾਉਣ ਤੋਂ ਥੋੜ੍ਹੇ ਸਮੇਂ ਪਿਛੋਂ ਹੀ ਬੰਦੇ ਬਹਾਦਰ ਦੀ ਲਾਇਕ ਅਗਵਾਈ ਨੇ ਇਸ ਜ਼ਾਲਮ ਰਾਜ ਦੀਆਂ ਜੜ੍ਹਾ ਹਿਲਾ ਦਿਤੀਆਂ ਅਤੇ ਪੰਜਾਬ ਦੇ ਦੋਖੀਆਂ, ਦੁਸ਼ਟਾਂ ਨੂੰ ਪੂਰੀ ਤਰ੍ਹਾਂ ਨਾਲ ਸਜ਼ਾ ਦੇ ਕੇ ਸੰਸਾਰ ਨੂੰ ਇਹ ਦਸ ਦਿਤਾ ਕਿ ਧਰਮ ਦੀ ਸਦਾ ਜੈ ਹੁੰਦੀ ਹੈ ਅਤੇ ਅਧਰਮ ਸਦਾ ਹੀ ਵਿਨਾਸ਼ ਵਲ ਲੈ ਜਾਂਦਾ ਹੈ। ਸਿੰਘਾਂ ਨੇ ਇਨ੍ਹਾਂ ਸ਼ਹੀਦੀਆਂ ਤੋਂ ਪ੍ਰੇਰਤ ਹੋਕੇ ਅਜਿਹੀ ਲਹਿਰ ਚਲਾਈ ਜਿਸ ਦਾ ਹਰ ਕਦਮ ਹੀ ਚੜ੍ਹਦੀ ਕਲਾ ਵਲ ਜਾ ਰਿਹਾ ਸੀ। ਚਰਖੜੀਆਂ ਤੇ ਚੜ੍ਹ ਕੇ ਰੂੰ ਵਾਂਗੂੰ ਪਿੰਜੇ ਜਾਣ, ਖੋਪਰੀਆਂ ਲਹਾਉਣ, ਬੰਦ-ਬੰਦ ਕੱਟੇ ਜਾਣ, ਜਿਉਂਦਿਆਂ ਦੇ ਦੁਆਲੇ ਰੂੰ ਬੰਨ ਕੇ ਜਲਾਏ ਜਾਣ ਨੇ ਇਨ੍ਹਾਂ ਮਰਜੀਵਿਆਂ ਵਿਚ ਉਹ ਸ੍ਵੈਮਾਨ ਪੈਦਾ ਕਰ ਦਿਤਾ ਕਿ ਉਹ ਪਰਤੰਤਰ ਹੋ ਕੇ ਵਸਣ ਨੂੰ ਕਿਸੇ ਤਰ੍ਹਾਂ ਭੀ ਸਹਿ ਨਹੀਂ ਸਕਦੇ ਸਨ। ਸਾਹਿਬਜ਼ਾਦਿਆਂ ਦੀ ਜੋ ਦ੍ਰਿੜ੍ਹਤਾ ਭਰੀ ਸ਼ਹੀਦੀ ਸੀ, ਉਸ ਨੇ ਭਾਰਤ ਵਾਸੀਆਂ ਦੇ ਦਿਲਾਂ ਵਿਚੋਂ ਡਰ ਨੂੰ ਬਿਲਕੁਲ ਹੀ ਖਤਮ ਕਰ ਦਿਤਾ, ਉਨ੍ਹਾਂ ਦਾ ਸ੍ਵੈਮਾਨ ਜਾਗਿਆ ਅਤੇ ਜ਼ੁਲਮ ਦਾ ਨਾਸ਼ ਕਰ ਦਿਤਾ।

ਅਜ ਤੁਸੀਂ ਇਕ ਮਹਾਨ ਕਰਨੀ ਕਮਾਈ ਦੀ ਕਥਾ ਪੜ੍ਹ ਰਹੇ ਹੋਂ, ਪਿਆਰਿਓ! ਇਹ ਗੱਲ ਸਮਝੋ ਕਿ ਸਾਰੀ ਸ਼ਕਤੀ ਦਾ ਸੋਮਾ ਵਾਹਿਗੁਰੂ ਜੀ ਦਾ ਨਾਮ ਹੈ, ਵਾਹਿਗੁਰੂ ਜੀ ਦਾ ਗਿਆਨ ਹੈ, ਗੁਰੂ ਦੇ ਸਿੰਘ ਵਾਸਤੇ ਮੌਤ ਕੋਈ ਚੀਜ਼ ਹੀ ਨਹੀਂ ਹੈ ਇਹ ਤਾਂ ਇਉਂ ਹੈ ਜਿਵੇਂ ਪੁਰਾਣੇ ਕਪੜੇ ਲਾਹ ਕੇ ਨਵੇਂ ਪਾ ਲਈਏ, ਅਸਲੀ ਚੀਜ਼ ਜੋ ਸਾਨੂੰ ਧਿਆਨ ਵਿਚ ਰਖਣੀ ਚਾਹੀਦੀ ਹੈ ਉਹ ਹੈ ਕਿ ਆਪਣਾ ਜੀਵਨ ਐਨਾ ਉਚਾ ਬਣਾ ਲਈਏ ਕਿ ਜਿਥੋਂ ਤੁਹਾਡੇ ਪਿਆਰ ਦੀ ਫੁਹਾਰ ਸਾਰੇ ਜਨ ਸਮੂੰਹ ਉਪਰ ਅੰਮ੍ਰਿਤ ਦੀ ਵਰਸ਼ਾ ਕਰੇ। ਤੁਹਾਨੂੰ ਕੋਈ ਗੈਰ ਨਾ ਜਾਣੇ, ਆਪਣਾ ਜਾਣ ਕੇ ਅਪਣਾਵੇ। ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਅੰਦਰ ਇਹ ਨਿਸ਼ਚਾ ਆ ਜਾਵੇ ਕਿ ਹਰ ਘਟ ਵਿਚ ਵਾਹਿਗੁਰੂ ਵਸਦਾ ਹੈ। ਸਾਰੇ ਇਕ ਜੋਤ ਤੋਂ ਪੈਦਾ ਹੋਏ ਹੋਏ ਹਾਂ ਅਤੇ ਸਾਰੇ ਆਪਸ ਵਿਚ ਇਕ ਇਕਾਈ ਹਾਂ।

ਗੁਰੂ ਦਸ਼ਮੇਸ਼ ਪਿਤਾ ਜੀ ਸਾਰੀ ਮਾਨਵਤਾ ਦੇ ਸਾਂਝੇ ਸਨ ਅਤੇ ਉਹ ਸੱਚ, ਆਚਾਰ ਸੰਸਾਰ ਵਿਚ ਲਿਆਉਣਾ ਚਾਹੁੰਦੇ ਸਨ ਜੋ ਸਤਿਜੁਗ ਦੇ ਮਨੁੱਖ ਵਿਚ ਸੁਤੇ ਹੀ ਸੰਮਿਲਤ ਸਨ। ਸਤਿਜੁਗ ਦਾ ਮਨੁੱਖ ਵਾਹਿਗੁਰੂ ਨੂੰ ਹਰ ਥਾਂ ਦੇਖਦਾ ਸੀ ਪਰ ਇਸ ਦੇ ਵਿਪਰੀਤ ਕਲਜੁੱਗ ਦਾ ਮਨੁੱਖ ਮਨੁੱਖੀ ਸੁਭਾਅ ਤੋਂ ਪੂਰੀ ਤਰ੍ਹਾਂ ਨਾਲ ਗਿਰ ਚੁਕਿਆ ਹੈ ਅਤੇ ਪ੍ਰੇਤ ਦੀ ਪੱਧਰ ਤੇ ਭੜਥੂ ਪਾ ਰਿਹਾ ਹੈ। ਤ੍ਰੇਤੇ ਅਤੇ ਦੁਆਪਰ ਵਿਚ ਮਨੁੱਖ ਮਨੁੱਖ ਦੀ ਪੱਧਰ ਤੇ ਸਨ, ਪਰ ਉਨ੍ਹਾਂ ਦੇ ਅੰਦਰ ਹਉਮੈ ਕਰਕੇ ਅਗਿਆਨ ਦੀ ਅੰਸ ਵਧ ਗਈ ਸੀ ਅਤੇ ਉਹ ਪਰੀਪੂਰਨ ਪ੍ਰਮੇਸ਼ਰ ਦੇ ਦਰਸ਼ਨਾਂ ਤੋਂ ਵਾਂਝੇ ਹੋਣ ਲਗ ਗਏ ਸਨ। ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੋ ਆਦਰਸ਼ ਹਨ ਉਹ ਉਸ ਮਨੁੱਖ ਦੇ ਹਨ ਜਿਸ ਨੂੰ ਉਨ੍ਹਾਂ ਨੇ 'ਖਾਲਸਾ' ਕਿਹਾ ਹੈ ਜਿਸ ਵਿਚ ਕੋਈ ਧਾਰਮਕ ਭਰਮ ਨਹੀਂ ਹੈ ਜਿਸ ਦੇ ਅੰਦਰ ਮਾਇਕ ਭਰਮਾਂ ਦੀ ਹਨ੍ਹੇਰੀ ਪ੍ਰਕਾਸ਼ ਵਿਚ ਬਦਲ ਚੁਕੀ ਹੈ। ਜਿਸ ਦੇ ਸੇਵਕ ਭਾਈ ਘਨਈਆ ਜੀ ਵਾਂਗੂੰ ਇਸ ਗੱਲ ਦੀ ਪਹਿਚਾਣ ਹੀ ਗਵਾ ਚੁਕੇ ਹਨ ਕਿ ਇਸ ਸੰਸਾਰ ਵਿਚ ਕੋਈ ਵੈਰੀ ਵੀ ਹੈ, ਉਨ੍ਹਾਂ ਦੇ ਜੀਵਨ 'ਚੋਂ ਝਲਕ ਪੈਂਦੀ ਹੈ –

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*
*ਜੋ ਪ੍ਰਭ ਕੀਨੋ ਸੋ ਭਲ ਮਾਨਿਓ*
*ਏਹ ਸੁਮਤਿ ਸਾਧੂ ਤੇ ਪਾਈ॥*
*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ*
*ਪੇਖਿ ਪੇਖਿ ਨਾਨਕ ਬਿਗਸਾਈ॥* *ਪੰਨਾ - 1299*

ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਪਣੇ ਉਤੇ ਕਮਾਇਆ ਅਤੇ ਵੈਰ, ਬਦਲੇ ਦੀ ਭਾਵਨਾ, ਕਮੀਨੀਆਂ ਗੱਲਾਂ ਔਰਤਾਂ ਦੀ ਬੇਇਜ਼ਤੀ ਕਰਨ ਦੇ ਕੋਹਝੇ ਕੰਮ ਜੀਵਨ ਵਿਚੋਂ ਹੂੰਝ ਕੇ ਕੂੜੇ ਵਾਂਗੂੰ ਬਾਹਰ ਸੁੱਟ ਦਿਤੇ ਅਤੇ ਸੱਚ ਦੀ ਕੈਂਚੀ ਲੈ ਕੇ ਈਰਖਾ, ਨਿੰਦਿਆ, ਚੁਗਲੀ, ਡਰ, ਅਹਿੰਸਾ ਦੀਆਂ ਜੜ੍ਹਾਂ ਪੁੱਟ ਕੇ ਆਪਣੇ ਜੀਵਨ ਵਿਚੋਂ ਕੋਹਝ ਹੂੰਝ ਕੇ ਬਾਹਰ ਸੁੱਟ ਦਿਤਾ। ਅੱਜ ਸੰਸਾਰ ਨੂੰ ਅਜਿਹੇ ਮਾਨਵ ਦੀ ਲੋੜ ਹੈ ਜਿਹੜਾ ਦੁਸ਼ਮਣ ਲਈ ਕਹਿ ਸਕੇ ਕਿ ਭਾਈ ਘਨਈਆ ਤੇਰੀ ਨਿਗ੍ਹਾ ਠੀਕ ਹੀ ਕੰਮ ਕਰ ਰਹੀ ਹੈ, ਇਥੇ ਸੰਸਾਰ ਵਿਚ ਇਕੋ ਪ੍ਰਭੂ ਦਾ ਹੁਕਮ ਵਰਤ ਰਿਹਾ ਹੈ, ਤੂੰ ਹੁਣ ਅਖੌਤੀ ਵੈਰੀਆਂ ਨੂੰ ਇਕੱਲਾ ਪਾਣੀ ਹੀ ਨਾ ਪਿਲਾਇਆ ਕਰ, ਮਲ੍ਹਮ ਦਿੰਦਾ ਹੈ, ਪੱਟੀਆਂ ਦੇ ਕੇ ਕਹਿੰਦਾ ਹੈ ਤੂੰ ਪਾਣੀ ਵੀ ਪਿਲਾ,

(ਬਾਕੀ ਪੰਨਾ 46 ਤੇ)

# ਤੁਮ ਸੋ ਠਾਕੁਰੁ ਅਉਰੁ ਨ ਦੇਵਾ

*ਇੰਜ: ਜਸਵੰਤ ਸਿੰਘ 'ਸਿਆਣ'*

ਇਹ ਪੰਕਤੀ ਭਗਤ ਰਵਿਦਾਸ ਜੀ ਦੀ ਸੋਰਠ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 658 ਤੇ ਅੰਕਿਤ ਕੀਤੇ ਸ਼ਬਦ ਵਿਚੋਂ ਹੈ। ਇਸ ਸ਼ਬਦ ਦਾ ਸਮੁੱਚਾ ਭਾਵ ਬਹੁਤ ਹੀ ਪੀਡੀ ਪ੍ਰੀਤ ਦਾ ਪ੍ਰਤੀਕ ਹੈ। ਆਪ ਜੀ ਆਪਣੀ ਪ੍ਰੀਤ ਨੂੰ ਪ੍ਰਕ੍ਰਿਤਕ ਉਦਾਹਰਣਾਂ ਰਾਹੀਂ ਰੂਪਮਾਨ ਕਰਦੇ ਹਨ। ਭਗਤ ਰਵਿਦਾਸ ਜੀ ਵਾਹਿਗੁਰੂ ਜੀ ਨੂੰ ਹਰ ਥਾਂ ਉਪਰ ਅੰਦਰ-ਬਾਹਰ ਹਾਜ਼ਰ ਨਾਜ਼ਰ ਅਨੁਭਵ ਕਰਦੇ ਹਨ ਅਤੇ ਉਨ੍ਹਾਂ ਨਾਲ ਪੂਰਨ ਪਿਆਰ ਵਿਚ ਸਦਾ ਹੀ ਲੀਨ ਰਹਿੰਦੇ ਹਨ, ਭਗਤੀ ਦਾ ਮਾਰਗ ਪਿਆਰ ਦਾ ਮਾਰਗ ਹੈ ਇਸ ਵਿਚ ਭਗਤ ਆਪਣੇ ਪ੍ਰੀਤਮ ਵਿਚ ਲੀਨ ਹੋ ਕੇ ਪਿਆਰ ਕਰਦਾ ਹੈ ਅਤੇ ਪਿਆਰ ਦੇ ਰਾਹੀਂ ਹੀ ਆਪਣੀ ਹਸਤੀ ਨੂੰ ਮੇਟ ਕੇ ਆਪਣੇ ਪ੍ਰੀਤਮ ਵਿਚ ਸਮਾਅ ਜਾਣਾ ਲੋਚਦਾ ਹੈ। ਪ੍ਰਭੂ ਨੂੰ ਮਿਲਣ ਦੇ ਦੋ ਵੱਡੇ ਮਾਰਗਾਂ ਵਿਚੋਂ ਭਗਤੀ ਮਾਰਗ ਕਲਜੁਗ ਦੇ ਸਮੇਂ ਵਿਚ ਵਧੇਰੇ ਰਸ ਭਰੇ ਅਨੁਭਵ ਦਿੰਦਾ ਹੈ ਜਦੋਂ ਕਿ ਗਿਆਨ, ਵਿਚਾਰ ਦਾ ਮਸਲਾ ਹੋਣ ਕਰਕੇ ਰਸ ਤੋਂ ਖਾਲੀ ਹੋਇਆ ਕਰਦਾ ਹੈ। ਸੋ ਇਕ ਮਾਰਗ ਪਿਆਰ ਦਾ ਮਾਰਗ ਹੈ ਦੂਸਰਾ ਮਾਰਗ ਵਿਚਾਰ ਅਤੇ ਤਰਕ ਦਾ ਮਾਰਗ ਹੈ। ਦੋਹਾਂ ਮਾਰਗਾਂ ਤੇ ਤੁਰਿਆ ਹੋਇਆ ਜਗਿਆਸੂ ਆਪਣੇ ਧੇਅ ਤਕ ਪਹੁੰਚ ਜਾਂਦਾ ਹੈ ਪਰ ਕਲਜੁਗ ਦਾ ਸਮਾਂ ਹੋਣ ਕਰਕੇ ਆਦਮੀ ਦੇ ਖਿਆਲ ਬਹੁਤ ਰਾਹਾਂ ਉਤੇ ਖਿੰਡੇ ਹੋਏ ਹਨ। ਪ੍ਰਕ੍ਰਿਤਕ ਮਨਮੋਹਣੀਆਂ ਚੀਜ਼ਾਂ ਇਸ ਦੇ ਮਨ ਨੂੰ ਹਰ ਵਕਤ ਖਿਚਦੀਆਂ ਰਹਿੰਦੀਆਂ ਹਨ। ਸੋ ਗਿਆਨ ਦਾ ਮਾਰਗ ਕਈ ਵਾਰੀ ਬਹੁਤ ਵੱਡਾ ਭੁਲੇਖਾ ਪਾ ਦਿੰਦਾ ਹੈ। ਬੁਧੀ ਮੰਡਲ ਰਾਹੀਂ ਉਹ ਇਹ ਤਾਂ ਸਮਝ ਜਾਂਦਾ ਹੈ ਕਿ "ਉਹ ਹੀ ਸਭ ਕੁਝ ਹੈ" ਜਾਂ "ਇਹ ਹੀ ਹੈ" ਜਾਂ "ਮੈਂ ਹੀ ਹਾਂ।" ਜਿਸ ਨੂੰ ਅਧਿਆਤਮਕ ਬੋਲੀ ਵਿਚ 'ਅਹੰ ਬ੍ਰਹਮਅਸਵੀ' 'ਹਮਾ-ਅਜ਼-ਊਸਤ' ਆਦਿ ਅਨੁਭਵਾਂ ਨਾਲ ਦ੍ਰਿੜ੍ਹਤਾ ਲਿਆਂਦੀ ਜਾਂਦੀ ਹੈ ਪਰ ਆਦਮੀ ਨੂੰ ਮਾਨਸਿਕ ਉਚਤਾ ਪ੍ਰਾਪਤ ਨਾ ਹੋਣ ਕਰਕੇ ਇਹ ਅਨੁਭਵ ਕੇਵਲ ਅੱਖਰ ਹੀ ਬਣ ਜਾਂਦੇ ਹਨ, ਜੀਵਨ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ। ਇਸ ਕਰਕੇ ਉਹ ਮੂੰਹ ਨਾਲ ਤਾਂ ਗਿਆਨ ਦੀ ਗੱਲ ਕਰਦੇ ਹਨ ਪਰ ਅਮਲ ਵਿਚ ਉਹ ਅਜੇ ਆਪਣੇ ਆਪ ਦੀ ਹਸਤੀ ਨੂੰ ਪਰਮ ਹਸਤੀ ਵਿਚ ਲੀਨ ਕਰਨ ਤੋਂ ਅਸਮਰਥ ਹਨ। ਉਹੋ ਦੁਖ ਸੁਖ ਮਹਿਸੂਸ ਹੋ ਰਹੇ ਹਨ, ਨਿੰਦਾ ਤੇ ਉਸਤਤ ਦੇ ਬੇਸੁਰੇ ਹੰਡੋਲਿਆਂ ਦੇ ਝਟਕੇ ਮਹਿਸੂਸ ਕੀਤੇ ਜਾਂਦੇ ਹਨ, ਆਸਾ ਤੇ ਅੰਦੇਸਾ ਦੀਆਂ ਲਹਿਰਾਂ ਅੰਦਰ ਚਲਦੀਆਂ ਹਨ, ਹਾਨ-ਲਾਭ, ਮਾਨ ਤੇ ਅਪਮਾਨ ਉਸ ਦੇ ਮਾਨਸਿਕ ਸੰਤੁਲਨ ਨੂੰ ਡਾਵਾਂਡੋਲ ਕਰ ਰਹੇ ਹਨ। ਬੁੱਧੀ ਦੇ ਨਾਲ ਪ੍ਰਾਪਤ ਕੀਤਾ ਹੋਇਆ ਗਿਆਨ ਕੇਵਲ ਜਾਨਣਾ ਹੀ ਹੋਇਆ ਕਰਦਾ ਹੈ, ਬੁਝਣਾ ਨਹੀਂ ਹੋਇਆ ਕਰਦਾ। ਗੁਰੂ ਨਾਨਕ ਪਾਤਸ਼ਾਹ ਨੇ ਇਸ ਅਨੁਭਵ ਨੂੰ ਤਕਦਿਆਂ ਫੁਰਮਾਨ ਕੀਤਾ ਹੈ -

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥***

*ਪੰਨਾ - 930*

ਇਹ ਅਵਸਥਾ ਜੀਵਨ ਮੁਕਤ ਪੁਰਸ਼ ਦੀ ਨਹੀਂ ਹੋਇਆ ਕਰਦੀ। ਜੀਵਨ ਮੁਕਤ ਪੁਰਸ਼ ਦੇ ਆਚਰਨ ਦੀ ਉਸਾਰੀ ਪ੍ਰਕ੍ਰਿਤਕ ਸੀਮਾਵਾਂ ਨੂੰ ਪਾਰ ਕਰ ਜਾਇਆ ਕਰਦੀ ਹੈ ਉਨ੍ਹਾਂ ਦੀ ਸੋਚ ਵਿਚ, ਅਨੁਭਵ ਵਿਚ, ਉਨ੍ਹਾਂ ਦੀ ਮਹਿਸੂਸ ਕਰਨ ਦੀ ਸ਼ਕਤੀ ਵਿਚ ਸਮਾਨਤਾ ਹੋਇਆ ਕਰਦੀ ਹੈ, ਸਹਿਜ ਤੇ ਸੰਤੁਲਨ ਹੁੰਦਾ ਹੈ ਜਿਵੇਂ ਕਿ ਸੁਖਮਨੀ ਸਾਹਿਬ ਜੀ ਵਿਚ ਆਏ ਹੋਏ ਫੁਰਮਾਨ ਤੋਂ ਸਪਸ਼ਟ ਹੈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***

*ਪੰਨਾ - 275*

ਕਲਜੁਗ ਦੇ ਸਮੇਂ ਦੇ ਮਨੁੱਖ ਵਿਚ ਜਾਣਕਾਰੀ ਤਾਂ ਬਹੁਤ ਸਮਾਈ ਹੋਈ ਹੈ ਪਰ ਉਹ ਇਸ ਜਾਣਕਾਰੀ ਦੇ ਅੰਤਰੀਵ ਭਾਵ ਤੋਂ ਹੀਣਾ ਹੋਣ ਕਰਕੇ ਪੂਰਨ ਅਨੰਦ ਦੀ ਪ੍ਰਾਪਤੀ ਨਹੀਂ ਕਰ ਸਕਿਆ ਕਰਦਾ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਸੰਸਾਰ ਦੀ ਕਲਿਆਣ ਲਈ ਭਗਤੀ ਮਾਰਗ ਨੂੰ ਪਹਿਲ ਦਿਤੀ ਹੈ।

ਇਕ ਵਾਰੀ ਸੰਗਤ ਨੇ ਗੁਰੂ ਛੇਵੇਂ ਪਾਤਸ਼ਾਹ ਤੋਂ ਪੁਛਿਆ ਕਿ ਮਹਾਰਾਜ! ਗਿਆਨ ਮਾਰਗ ਨੂੰ ਬਿਹੰਗਮ ਮਾਰਗ ਕਿਹਾ ਜਾਂਦਾ ਹੈ ਜਿਸ ਤਰ੍ਹਾਂ ਇਕ ਪੰਛੀ ਉਡਾਰੀ ਮਾਰ ਕੇ ਸ਼ੀਘਰ ਹੀ ਫਲ ਤਕ ਪਹੁੰਚ ਜਾਂਦਾ ਹੈ ਪਰ ਹੋਰ ਮਾਰਗਾਂ ਨੂੰ ਕੀਟੀ ਮਾਰਗ ਕਿਹਾ ਜਾਂਦਾ ਹੈ। ਆਪ ਗਿਆਨ ਮਾਰਗ ਤੋਂ ਸੰਕੋਚ ਕਰਦੇ ਹੋਏ ਭਗਤੀ ਮਾਰਗ ਨੂੰ ਕਿਉਂ ਪ੍ਰੋੜ੍ਹਤਾ ਦਿੰਦੇ ਹੋ? ਗੁਰੂ ਮਹਾਰਾਜ ਜੀ ਨੇ ਸੰਖੇਪ ਵਿਚ ਕਿਹਾ ਕਿ ਗਿਆਨ ਮਾਰਗ ਨਰ ਮਾਰਗ ਹੈ, ਭਗਤੀ ਮਾਰਗ ਇਸਤ੍ਰੀ ਮਾਰਗ ਹੈ। ਸੰਸਾਰ ਵਿਚ ਪ੍ਰਭੂ ਦੀ ਮਾਇਆ ਇਸਤ੍ਰੀ ਰੂਪ ਵਿਚ ਵਿਆਪਕ ਹੈ ਇਸਤ੍ਰੀ ਮਰਦ ਦੇ ਮਨ ਨੂੰ ਮੋਹਣ ਦੀ ਸ਼ਕਤੀ ਰਖਦੀ ਹੈ। ਆਦਮੀ ਆਪਣੇ ਪਦ ਤੋਂ ਪਤਿਤ ਹੋ ਸਕਦਾ ਹੈ। ਭਗਤੀ ਮਾਰਗ ਇਸਤ੍ਰੀ ਮਾਰਗ ਹੋਣ ਕਰਕੇ ਮਾਇਆ ਰੂਪ ਇਸਤ੍ਰੀ ਭਗਤੀ ਰੂਪ ਇਸਤ੍ਰੀ ਨੂੰ ਮੋਹਤ ਨਹੀਂ ਕਰ ਸਕਦੀ। ਇਸ ਕਰਕੇ ਕਲਜੁੱਗ ਦੇ ਅੰਦਰ ਭਗਤੀ ਮਾਰਗ ਦੀ ਪ੍ਰੋੜ੍ਹਤਾ ਕੀਤੀ ਜਾਂਦੀ ਹੈ। ਗੁਰੂ ਦਸ਼ਮੇਸ਼ ਜੀ ਦਾ ਮਤ ਹੈ ਕਿ ਦੁਨੀਆਂ ਵਿਚ ਸਭ ਤੋਂ ਸੁਖਾਲਾ ਰਸਤਾ ਪ੍ਰਭੂ ਪ੍ਰਾਪਤੀ ਲਈ ਕੇਵਲ ਪਿਆਰ ਦਾ ਹੀ ਮਾਰਗ ਹੈ, ਪਿਆਰ ਰਾਹੀਂ ਪ੍ਰੀਤਮ ਦੀ ਪ੍ਰਸੰਨਤਾ ਵਾਸਤੇ ਪ੍ਰੇਮੀ ਆਪਣੀ ਹਸਤੀ ਪੂਰਨ ਰੂਪ ਵਿਚ ਮਿਟਾ ਸਕਦਾ ਹੈ। ਦ੍ਵੈਤ ਉਸ ਦੇ ਨੇੜੇ ਤੇੜੇ ਨਹੀਂ ਭਟਕ ਸਕਦੀ ਕਿਉਂਕਿ ਪਿਆਰ ਛੋਟੀ ਤੋਂ ਛੋਟੀ ਵਿੱਥ ਨੂੰ ਵੀ ਸਹਿਨ ਨਹੀਂ ਕਰਦਾ। ਉਹ ਪੂਰਨ ਰੂਪ ਵਿਚ ਸਭ ਪਾਸਿਆਂ ਤੋਂ, ਸਾਰੀਆਂ ਖਿੱਚਾਂ

ਤੋਂ ਆਪਣੇ ਮਨ ਨੂੰ ਸੀਮਤ ਕਰਕੇ ਆਪਣੇ ਪ੍ਰੀਤਮ ਵਿਚ ਹੀ ਲਾ ਦਿਆ ਕਰਦਾ ਹੈ। ਇਸੇ ਕਰਕੇ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਦੇ ਵਿਚ ਆਪਣੀ ਪੜੌਸਣ ਨੂੰ ਦਸਦਿਆਂ ਕਿਹਾ ਕਿ ਭੈਣ ਜੀ! ਜਿਸ ਬੇਢੀ ਨੇ ਮੇਰੀ ਛਪਰੀ ਬਣਾਈ ਹੈ ਉਹ ਮੈਨੂੰ ਐਨਾ ਪਿਆਰਾ ਹੈ ਕਿ ਮੇਰੇ ਪ੍ਰਾਣਾਂ ਦਾ ਅਧਾਰ ਹੈ। ਜਿਵੇਂ ਮੱਛੀ ਦਾ ਅਧਾਰ ਪਾਣੀ ਹੁੰਦਾ ਹੈ, ਠੀਕ ਉਸੇ ਤਰ੍ਹਾਂ ਨਾਲ ਉਹ ਮੇਰੇ ਪ੍ਰਾਣਾਂ ਦਾ ਅਧਾਰ ਹੈ। ਉਹ ਪਿਆਰ ਦੀ ਮਜ਼ਦੂਰੀ ਮੰਗਦਾ ਹੈ ਅਤੇ ਪਿਆਰ ਨਾਲ ਵਸ ਵਿਚ ਆਉਂਦਾ ਹੈ। ਸਾਰਿਆਂ ਪਾਸਿਆਂ ਤੋਂ ਪਿਆਰ ਦੇ ਜਜ਼ਬੇ ਨੂੰ ਸੰਕੋਚ ਕੇ ਕੇਵਲ ਆਪਣੇ ਪ੍ਰੀਤਮ ਨਾਲ ਹੀ ਪਿਆਰ ਕਰਨਾ ਪੈਂਦਾ ਹੈ ਜਿਵੇਂ ਕਿ –

*ਰੀ ਬਾਈ ਬੇਢੀ ਦੇਨੁ ਨ ਜਾਈ॥*
*ਦੇਖੁ ਬੇਢੀ ਰਹਿਓ ਸਮਾਈ॥*
*ਹਮਾਰੈ ਬੇਢੀ ਪ੍ਰਾਨ ਅਧਾਰਾ॥*
*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥*
*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*
*ਪੰਨਾ - 657*

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

*ਸਾਚੁ ਕਹੁ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਸੋ ਇਸ ਤਰ੍ਹਾਂ ਨਾਲ ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਪੂਰਨ ਪ੍ਰੇਮ ਵਿਚ ਲੀਨ ਹੋਏ ਹੋਏ, ਆਪਣੇ ਪ੍ਰਭੂ ਨਾਲ ਆਪਣੇ ਹਿਰਦੇ ਦੇ ਪਿਆਰ ਭਾਵ ਨੂੰ ਸਾਂਝਾ ਕਰਦੇ ਹੋਏ ਆਪਣੀ ਪ੍ਰੀਤ ਬਾਰੇ ਦਸਦੇ ਹਨ ਕਿ ਹੇ ਪ੍ਰਭੂ! ਮੇਰੇ ਲਈ ਇਕ ਤੂੰ ਹੀ ਤੂੰ ਹੈਂ, ਇਸ ਸੰਸਾਰ ਵਿਚ ਹੋਰ ਕੋਈ ਐਸਾ ਨਹੀਂ ਹੈ ਜੋ ਤੇਰੀ ਬਰਾਬਰੀ ਕਰ ਸਕੇ। ਤੂੰ ਹੀ ਸਭ ਤੋਂ ਉਚਾ ਹੈਂ, ਤੂੰ ਹੀ ਸਾਰੇ ਸੰਸਾਰ ਨੂੰ ਉਤਪਤ ਕੀਤਾ, ਵੱਡੇ-ਵੱਡੇ ਦੇਵ ਤੇਰੇ ਹੀ ਬਣਾਏ ਹੋਏ ਹਨ। ਮੈਂ ਆਪਣੀ ਪ੍ਰੀਤ ਸਿਰਫ ਤੇਰੇ ਨਾਲ ਹੀ ਰੱਖੀ ਹੋਈ ਹੈ। ਬਾਕੀ ਸਾਰੇ ਸੰਸਾਰ ਨਾਲੋਂ ਤੋੜ ਕੇ ਤੇਰੇ ਨਾਲ ਜੋੜੀ ਹੈ। ਸਹਜ ਨਾਲ ਹੀ ਤੇਰੀ ਪ੍ਰੀਤ ਸਾਰੇ ਸੁਖ ਦੇਣ ਦੀ ਸਮਰਥਾ ਰਖਦੀ ਹੈ, ਤੇਰੀ ਪ੍ਰੀਤ ਵਿਚ ਕੋਈ ਵੀ ਦੁਖ ਨਹੀਂ ਨੇੜੇ ਆਉਂਦਾ। ਗੁਰੂ ਮਹਾਰਾਜ ਜੀ ਇਸ ਪ੍ਰੀਤ ਬਾਰੇ ਵਰਨਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਸੰਸਾਰ ਦੇ ਅੰਦਰ ਹਉਮੈ ਦਾ ਰੋਗ ਹੋਣ ਕਰਕੇ ਦੁਖ ਪੈਦਾ ਹੋ ਗਏ ਹਨ ਕਿਉਂਕਿ ਹਉਮੈ ਨੇ ਜੀਵ ਦੀ ਵਖਰੀ ਹਸਤੀ ਨੂੰ ਰੂਪਮਾਨ ਕਰ ਦਿਤਾ। ਇਸ ਸੰਸਾਰ ਵਿਚ ਕੇਵਲ ਵਾਹਿਗੁਰੂ ਜੀ ਹੀ ਸਨ ਪਰ ਇਸ ਹਉਮੈ ਤੱਤ ਨੇ ਇਕ ਵਖਰੀ ਹਸਤੀ ਅਨੁਭਵ ਕਰਾ ਕੇ ਪ੍ਰਭੂ ਨਾਲੋਂ ਤੋੜ ਕੇ ਪ੍ਰਭੂ ਜੋਤ ਵਿਚੋਂ ਪ੍ਰਾਪਤ ਹੋਈ ਅੰਸ ਨੂੰ ਕੇਵਲ ਜੀਵ ਹੀ ਨਹੀਂ ਬਣਾ ਦਿਤਾ, ਉਸ ਦੀ ਸੂਝ ਐਨੀ ਹੇਠਾਂ ਉਤਰੀ ਕਿ ਉਹ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਬਣੀ ਹੋਈ ਨਖਿੱਧ ਦੇਹ ਬੜੇ ਮਾਣ ਨਾਲ ਸਮਝ ਰਿਹਾ ਹੈ। ਇਹ ਹਉਮੈ ਹੀ ਹੈ ਜਿਸ ਨੇ ਪ੍ਰਭੂ ਜੋਤ ਨੂੰ ਜੀਵ ਦੀ ਉਪਾਧੀ ਦਿਤੀ ਅਤੇ ਉਥੋਂ ਅਗਿਆਨ ਵਸ ਹੋ ਕੇ ਉਹ ਦੇਹ ਹੰਗਤਾ ਵਿਚ ਫਸ ਗਿਆ। ਗੁਰੂ ਮਹਾਰਾਜ ਜੀ ਇਸ ਹਉਮੈ ਨੂੰ ਇਕ ਕਰਾਰੀ ਕੰਧ ਕਹਿੰਦੇ ਹਨ ਅਤੇ ਫੁਰਮਾਨ ਕਰਦੇ ਹਨ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਪੰਨਾ - 1263*

ਅਤੇ ਐਸਾ ਵੀ ਫੁਰਮਾਨ ਆਇਆ ਹੈ –

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*
*ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ॥*
*ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ*
*ਤਉ ਦਇਆਲੁ ਬੀਠਲੋ ਪਾਇਓ॥ ਪੰਨਾ - 624*

ਸੋ ਗੁਰੂ ਨਾਨਕ ਪਾਤਸ਼ਾਹ ਜਦੋਂ ਸੁਮੇਰ ਪਰਬਤ ਉਪਰ ਸਿਧਾਂ ਨਾਲ ਵਾਰਤਾਲਾਪ ਕਰ ਰਹੇ ਸਨ ਉਸ ਵੇਲੇ ਆਪ ਉਪਰ ਪ੍ਰਸ਼ਨ ਹੋਇਆ ਕਿ ਹੇ ਨਾਨਕ! ਤੇਰਾ ਇਹ ਮਤ ਹੈ ਕਿ ਸੰਸਾਰ ਵਿਚ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ ਅਤੇ ਤੂੰ ਆਪਣੇ ਮੂਲਮੰਤਰ ਵਿਚ ਇਹ ਸਪਸ਼ਟ ਕਰ ਦਿਤਾ ਹੈ ਕਿ ਆਦਿ ਵਿਚ ਵੀ ਵਾਹਿਗੁਰੂ ਹੀ ਸੀ; ਜਦੋਂ ਦੇਸ, ਕਾਲ, ਵਸਤੂ ਦੀ ਹੋਂਦ ਬਣੀ, ਉਸ ਵੇਲੇ ਭੀ ਉਹ ਆਪ ਹੀ ਸੀ ਅਤੇ ਸੰਸਾਰ ਦਾ ਰੂਪ ਜੋ ਹੁਣ ਨਜ਼ਰ ਆ ਰਿਹਾ ਹੈ ਉਹ ਸੰਸਾਰ ਨਹੀਂ ਹੈ, ਉਹ ਭੀ ਆਪ ਹੀ ਹੈ ਜਦੋਂ ਇਹ ਸੰਸਾਰ ਬਿਨਸ ਜਾਵੇਗਾ ਉਸ ਵੇਲੇ ਵੀ ਉਹ ਆਪ ਹੀ ਹੋਵੇਗਾ। ਆਪ ਕ੍ਰਿਪਾ ਕਰਕੇ ਇਹ ਸਪਸ਼ਟ ਕਰੋ ਕਿ ਫੇਰ ਜੀਵ, ਸੰਸਾਰ ਅਤੇ ਪ੍ਰਮੇਸ਼ਰ ਦੀ ਹੋਂਦ ਅੱਡ-ਅੱਡ ਕਿਵੇਂ ਕਾਇਮ ਹੋ ਗਈ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਨਾਥ ਜੀ! ਤੁਸੀਂ ਦੇਖੋ ਰਾਤ ਨੂੰ ਪੂਰਨਮਾਸ਼ੀ ਦਾ ਚੰਦਰਮਾ ਚੜ੍ਹਿਆ ਹੋਇਆ ਹੈ, ਤੁਹਾਡੀ ਅੱਖ ਦੇ ਵਿਚ ਕੋਈ ਨੁਕਸ ਨਾ ਹੋਣ ਕਰਕੇ ਉਹ ਚੰਦਰਮਾ ਪੂਰਨ ਰੂਪ ਵਿਚ ਇਕ ਹੀ ਨਜ਼ਰ ਆਉਂਦਾ ਹੈ। ਪਰ ਅੱਖ ਵਿਚ ਜੇ ਕੋਈ ਦੋਸ਼ ਪੈਦਾ ਹੋ ਜਾਵੇ ਅਤੇ ਦੋਹਾਂ ਅੱਖਾਂ ਦੀ ਵੇਖਣ ਸ਼ਕਤੀ ਇਕ ਸੇਧ ਵਿਚ ਰੱਖਿਆਂ ਇਕੱਠੀ ਨਾ ਹੋ ਸਕੇ ਇਸ ਨੂੰ ਅਸੀਂ ਟੀਰਾਪਨ ਕਹਿੰਦੇ ਹਾਂ ਤਾਂ ਉਹੀ ਚੰਦਰਮਾ ਦੋ ਹੋ ਕੇ ਦਿਸਣ ਲਗ ਜਾਂਦਾ ਹੈ। ਹੁਣ ਦੋਸ਼ ਦ੍ਰਿਸ਼ਟੀ ਵਾਲਾ ਇਹ ਮੰਨਣ ਲਈ ਤਿਆਰ ਨਹੀਂ ਕਿ ਚੰਦਰਮਾ ਇਕ ਹੈ ਪਰ ਸ਼ੁਧ ਦ੍ਰਿਸ਼ਟੀ ਵਾਲਾ ਇਕ ਚੰਦਰਮਾ ਹੀ ਦੇਖਦਾ ਹੈ। ਇਸੇ ਤਰ੍ਹਾਂ ਨਾਲ ਹਉਮੈ ਤੱਤ ਨੇ ਆਪਣਾ ਅਸਰ ਪਾ ਕੇ ਪ੍ਰਮੇਸ਼ਰ ਨੂੰ ਅਨੇਕ ਰੂਪਾਂ ਵਿਚ ਵੰਡ ਦਿਤਾ। ਸੋ ਇਸ ਕਰਕੇ ਪ੍ਰਮੇਸ਼ਰ ਤੋਂ ਟੁੱਟ ਕੇ ਉਹ ਦੁੱਖਾਂ ਦੇ ਮੰਡਲ ਵਿਚ ਘਿਰ ਗਿਆ ਅਤੇ ਜੀਵ ਭਾਵ ਦੀ ਹੋਂਦ ਕਾਇਮ ਹੋਣ ਕਰਕੇ ਜਨਮ ਮਰਨ ਦੇ ਚੱਕਰ ਵਿਚ ਗੇੜੇ ਖਾ ਰਿਹਾ ਹੈ ਜਦੋਂ ਤਕ ਉਸਦੀ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ ਉਸ ਨੂੰ ਸੱਚ ਦੀ ਸੋਝੀ ਨਹੀਂ ਪੈ ਸਕਿਆ ਕਰਦੀ। ਗੁਰੂ ਮਹਾਰਾਜ ਜੀ ਦੇ ਬਚਨ ਹਨ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥ ਪੰਨਾ - 946*

ਨਾਮ ਉਹ ਸੋਝੀ ਹੈ ਜਿਥੇ ਅਗਿਆਨਮਈ ਨੇਤਰਾਂ ਦਾ ਦੋਸ਼ ਦੂਰ ਹੋ ਜਾਂਦਾ ਹੈ ਅਤੇ ਦਿਬਜ ਦ੍ਰਿਸ਼ਟ ਪ੍ਰਾਪਤ ਹੋ ਕੇ ਸਤਿ ਨੂੰ ਲਖ ਲੈਂਦਾ ਹੈ ਅਤੇ ਉਸ ਨੂੰ ਹਰ ਥਾਂ ਉਤੇ ਇਕੋ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ। ਉਸ ਵੇਲੇ ਦੂਜਾਇਗੀ ਖਤਮ ਹੋ ਜਾਂਦੀ ਹੈ ਜੋ ਸਤ ਅਵਸਥਾ ਹੈ। ਸੋ ਇਹ ਹਉਮੈ ਦੀ ਮੈਲ ਦਾ ਇਲਾਜ ਗੁਰੂ ਮਹਾਰਾਜ ਜੀ ਨੇ ਸੱਚਾ ਪਿਆਰ ਦਸਿਆ

ਹੈ। ਪ੍ਰਭੂ ਪਿਆਰ ਦੇ ਬਲ ਨਾਲ ਇਹ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ਦੂਜਾਇਗੀ, ਦੇਹ ਅਧਿਆਸ, ਮੈਂ ਦੀ ਵਿਲੱਖਣਤਾ ਇਨ੍ਹਾਂ ਨੂੰ ਕੋਈ ਥਾਂ ਪਿਆਰ ਵਿਚ ਨਹੀਂ ਮਿਲਿਆ ਕਰਦਾ। ਪਿਆਰ ਤਾਂ ਕੇਵਲ ਪਿਆਰ ਹੀ ਹੋਇਆ ਕਰਦਾ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ ਪਿਆਰ ਵਿਚ ਹਉਮੈ ਦੀ ਮੈਲ ਖਤਮ ਹੋ ਜਾਂਦੀ ਹੈ। ਪ੍ਰਭੂ ਦੇ ਪਿਆਰ ਵਿਚ ਹਉਮੈ ਦੀ ਮੈਲ ਦੂਰ ਹੋਣ ਕਰਕੇ ਨਿਰਮਲਤਾ ਆ ਜਾਂਦੀ ਹੈ। ਸਾਰੀਆਂ ਚਿੰਤਾਵਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਸੰਸਾਰ ਸਾਗਰ ਜਿਸ ਨੂੰ ਤਰਨਾ ਅਤਿ ਕਠਨ ਹੈ ਉਹ ਕੇਵਲ ਪ੍ਰਭੂ ਦੀ ਪ੍ਰੀਤ ਨਾਲ ਹੀ ਤਰਿਆ ਜਾਂਦਾ ਹੈ। ਜਮਾਂ ਦਾ ਡਰ ਨੇੜੇ ਨਹੀਂ ਰਹਿੰਦਾ। ਆਪ ਤਾਂ ਉਸ ਦਾ ਉਧਾਰ ਹੀ ਹੋਣਾ ਹੈ ਪਰ ਪਿਆਰ ਵਾਲਾ ਪ੍ਰੇਮੀ ਸੰਸਾਰ ਦਾ ਵੀ ਉਧਾਰ ਕਰ ਦਿੰਦਾ ਹੈ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ-

*ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ॥*
*ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ॥*
*ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ॥*
*ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ॥*
*ਸੁਨਹੁ ਮੀਤ ਐਸਾ ਪ੍ਰੇਮ ਪਿਆਰੁ॥*
*ਜੀਅ ਪ੍ਰਾਨ ਘਟ ਘਟ ਆਧਾਰੁ॥*
*ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ॥*
*ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ॥*
*ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ॥*
*ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ॥*
*ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ॥*
*ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ॥*
*ਪ੍ਰਭ ਕੀ ਪ੍ਰੀਤਿ ਸਗਲ ਉਧਾਰੈ॥*
*ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ॥* *ਪੰਨਾ - 391*

ਸੋ ਪਿਆਰ ਦਾ ਕਦੇ ਨਾਸ਼ ਨਹੀਂ ਹੋਇਆ ਕਰਦਾ। ਉਹ ਸਰੀਰ ਛੱਡਣ ਤੋਂ ਪਿਛੋਂ ਵੀ ਨਾਲ ਹੀ ਜਾਂਦਾ ਹੈ। ਵਾਹਿਗੁਰੂ ਜੀ ਆਪ ਪਿਆਰ ਹਨ ਅਤੇ ਉਨ੍ਹਾਂ ਦਾ ਮਿਲਾਪ ਪਿਆਰ ਨਾਲ ਹੋਇਆ ਕਰਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਉਹ ਪਿਆਰ ਦਾ ਰੂਪ ਹੋ ਕੇ ਸਾਰੇ ਸੰਸਾਰ ਨੂੰ ਪਾਲ ਰਿਹਾ ਹੈ। ਭਗਤ ਰਵਿਦਾਸ ਜੀ ਇਸ ਪ੍ਰੀਤ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕਰਦੇ ਹਨ -

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥* *ਪੰਨਾ - 659*

ਅਤੇ ਇਹ ਕਹਿੰਦੇ ਹਨ ਕਿ ਹੇ ਮਾਧਵ! ਜੇ ਆਪ ਸ੍ਰੇਸ਼ਟ ਰੂਪ ਪ੍ਰਬਤ ਹੋਂ ਤਾਂ ਮੈਂ ਆਪ ਦੇ ਆਸਰੇ ਰਹਿਣ ਵਾਲਾ ਮੋਰ ਹਾਂ, ਪਰਬਤ ਸਦਾ ਹੀ ਓਹਲਾ ਬਣ ਜਾਇਆ ਕਰਦਾ ਹੈ ਅਤੇ ਠੰਢੀਆਂ ਹਵਾਵਾਂ ਬਰਫਾਨੀ ਅਸਰਾਂ ਤੋਂ ਬਚਾਅ ਕੇ ਰਖਦਾ ਹੈ ਮੈਂ ਤੇਰੇ ਆਸਰੇ ਸਾਰੇ ਦੁਖਾਂ ਤੋਂ ਬਰੀ ਹੋ ਕੇ ਸਦਾ ਹੀ ਪ੍ਰਸੰਨ ਰਹਿੰਦਾ ਹਾਂ। ਮੈਂ ਤੇਰਾ ਵਿਛੋੜਾ ਇਕ ਪਲ ਲਈ ਵੀ ਨਹੀਂ ਸਹਾਰ ਸਕਦਾ। ਚੰਦ ਤੇ ਚਕੋਰ ਦੀ ਪ੍ਰੀਤ ਪ੍ਰਸਿੱਧ ਹੈ ਚੰਦਰਮਾ ਉਦੈ ਹੁੰਦਾ ਹੈ ਤਾਂ ਚਕੋਰ ਜਦੋਂ ਤਕ ਉਹ ਛੁਪ ਨਹੀਂ ਜਾਂਦਾ ਉਸ ਵਲ ਟਿਕਟਿਕੀ ਬੰਨ੍ਹ ਕੇ ਦੇਖਦਾ ਰਹਿੰਦਾ ਹੈ। ਇਕ ਸੈਕਿੰਡ ਵਾਸਤੇ ਵੀ ਆਪਣੀ ਥਾਂ ਨਹੀਂ ਛਡਦਾ। ਗਰਦਨ ਮੋੜ-ਮੋੜ ਕੇ ਦਰਸ਼ਨ ਵਿਚ ਜੁੜਿਆ ਰਹਿੰਦਾ ਹੈ ਹੇ ਪ੍ਰਭੂ! ਜੇ ਤੁਸੀਂ ਚੰਦਰਮਾ ਹੋ ਤਾਂ ਮੈਂ ਚਕੋਰ ਵਾਂਗ ਹੀ ਆਪ ਦੇ ਪਿਆਰ ਵਿਚ ਲੀਨ ਹਾਂ।

ਹੇ ਮਾਇਆ ਪਤੀ ਪ੍ਰਮਾਤਮਾ! ਜੇ ਤੁਸੀਂ ਮੇਰੇ ਨਾਲ ਪ੍ਰੀਤ ਤੋੜ ਵੀ ਦੇਵੋਂ ਤਾਂ ਮੈਂ ਕਦਾਂਚ ਵੀ ਆਪ ਨਾਲੋਂ ਪ੍ਰੀਤ ਨਹੀਂ ਤੋੜਾਂਗਾ ਕਿਉਂਕਿ ਮੇਰਾ ਤਾਂ ਤੁਸੀਂ ਜੀਵਨ ਹੋਂ ਅਤੇ ਤੁਹਾਡੇ ਨਾਲ ਪ੍ਰੀਤ ਤੋੜ ਕੇ ਮੈਂ ਕਿਸ ਨਾਲ ਆਪਣਾ ਪਿਆਰ ਜੋੜਨਾ ਹੈ? ਤੁਸੀਂ ਤਾਂ ਬੇਪ੍ਰਵਾਹ ਹੋ, ਅਥਾਹ ਹੋ, ਅਗੰਮ ਹੋ, ਅਗੋਚਰ ਹੋ, ਮੈਨੂੰ ਤਾਂ ਕੇਵਲ ਤੁਹਾਡਾ ਹੀ ਆਸਰਾ ਹੈ, ਤੁਹਾਥੋਂ ਬਗੈਰ ਮੈਨੂੰ ਸੰਸਾਰ ਵਿਚ ਦਿਸਦਾ ਹੀ ਕੁਝ ਨਹੀਂ ਹੈ। ਸੋ ਪ੍ਰੀਤ ਤੋੜਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਮੈਂ ਤਾਂ ਤੇਰਾ ਦਾਸ ਹਾਂ, ਤੇਰੀ ਰਜ਼ਾ ਵਿਚ ਰਾਜ਼ੀ ਹਾਂ। ਜੇ ਤੁਸੀਂ ਦੀਵੇ ਵਾਂਗੂੰ ਸੰਸਾਰ ਵਿਚ ਪ੍ਰਕਾਸ਼ ਦੇ ਰਹੇ ਹੋਂ ਤਾਂ ਮੈਂ ਉਸੇ ਦੀਵੇ ਦੀ ਬੱਤੀ ਬਣਨ ਵਿਚ ਆਪਣੇ ਧੰਨਭਾਗ ਸਮਝਦਾ ਹਾਂ, ਮੈਂ ਆਖਰੀ ਦਮ ਤਕ ਆਪਣੇ ਇਕ-ਇਕ ਅੰਸ ਨੂੰ ਜਲਾ ਕੇ ਇਸ ਰੋਸ਼ਨੀ ਵਿਚ ਆਪਣਾ ਆਪਾ ਕੁਰਬਾਨ ਕਰਨ ਵਿਚ ਪ੍ਰਸੰਨਤਾ ਮਹਿਸੂਸ ਕਰਦਾ ਹਾਂ। ਜਿਥੇ-ਜਿਥੇ ਵੀ ਮੈਂ ਜਾਂਦਾ ਹਾਂ ਉਥੇ ਤੇਰੀ ਹੀ ਸੇਵਾ ਕਰਦਾ ਹਾਂ ਕਿਉਂਕਿ ਇਸ ਦ੍ਰਿਸ਼ਟਮਾਨ ਸੰਸਾਰ ਵਿਚ ਹੋਰ ਕੋਈ ਐਸਾ ਨਾ ਪਹਿਲਾਂ ਹੋਇਆ ਹੈ ਨਾ ਹੁਣ ਹੈ ਨਾ ਅੱਗੇ ਵਾਸਤੇ ਹੋਵੇਗਾ, ਜਿਹੜਾ ਤੁਹਾਡੇ ਪ੍ਰਕਾਸ਼ ਸਰੂਪ ਦੀ ਬਰਾਬਰੀ ਕਰ ਸਕਦਾ ਹੋਵੇ ਕਿਉਂਕਿ ਇਹ ਸਾਰਾ ਸੰਸਾਰ ਆਪ ਨੇ ਹੀ ਆਪਣੇ ਆਪ ਤੋਂ ਪ੍ਰਗਟ ਕੀਤਾ ਹੈ। ਆਪ ਹੀ ਇਸ ਸੰਸਾਰ ਵਿਚ ਘਟ-ਘਟ ਵਿਚ ਰਮ ਕੇ ਇਸ ਸਾਰੇ ਜੀਵਨ ਨੂੰ ਸਤਾ ਦੇ ਰਹੇ ਹੋ। ਵੱਡੇ-ਵੱਡੇ ਦੇਵ ਜਿਨ੍ਹਾਂ ਨੂੰ ਅਸੀਂ ਸੁਣਦੇ ਹਾਂ ਉਹ ਕਾਲ ਦੇ ਬੰਧਨ ਅਧੀਨ ਹਨ, ਇਹ ਸਾਰੇ ਦੇਵਤੇ ਫਰਿਸ਼ਤੇ ਤੇਰੇ ਬਣਾਏ ਹੋਏ ਹਨ। ਕਿਸੇ ਤਰ੍ਹਾਂ ਵੀ ਤੇਰੀ ਬਰਾਬਰੀ ਨਹੀਂ ਕਰ ਸਕਦੇ। ਕਾਲ ਦੇ ਬੰਧਨਾਂ ਵਿਚ ਜਕੜੇ ਹੋਏ ਹੋਣ ਕਰਕੇ ਇਹ ਸੰਸਾਰ ਵਿਚ ਆਉਂਦੇ ਹਨ ਅਤੇ ਆਪਣਾ ਸਮਾਂ ਭੋਗ ਕੇ ਚਲੇ ਜਾਂਦੇ ਹਨ। ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਇਆ ਹੈ -

*ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥*
*ਅਕਾਲ ਉਸਤਤਿ*

ਤੇਰੇ ਸੱਚੇ ਦਰ ਉਪਰ ਅਨੇਕਾਂ ਪ੍ਰਵਾਨ ਰੂਹਾਂ ਅਦਬ ਵਿਚ ਭਰੀਆਂ ਹੋਈਆਂ ਤੇਰੇ ਸਤਿਕਾਰ ਵਿਚ ਖੜ੍ਹੀਆਂ ਹਨ, ਜਿਸ ਦੇ ਬਾਰੇ ਕਈ ਪ੍ਰੇਮੀਆਂ ਨੇ ਆਪਣੇ ਅਨੁਭਵ ਦਸਦੇ ਹੋਏ ਫੁਰਮਾਨ ਕੀਤਾ ਹੈ -

*ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ॥*
*ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥*
*ਲਖ ਲਖ ਓਥੈ ਗੋਰਖਾ ਲਖ ਲਖ ਨਾਥਾ ਨਾਥ॥*
*ਲਖ ਲਖ ਓਥੈ ਆਸਣਾ ਗੁਰ ਚੇਲੇ ਰਹਿਰਾਸ॥*

*ਲਖ ਲਖ ਦੇਵੀ ਦੇਵਤੇ ਲਖ ਦਾਨੌਂ ਲਖ ਨਿਵਾਸ॥*
*ਲਖ ਪੀਰ ਪੈਗੰਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ॥*
*ਕਿਸ ਹੀ ਸਾਂਤਿ ਨ ਆਈਆ ਬਿਨੁ ਸਤਿਗੁਰ ਕੇ ਉਪਦੇਸ॥*
*ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ॥*
*ਏਤੜਿਆ ਅਪਵਿਤ ਹੈ ਬਿਨ ਸਤਿਗੁਰ ਕੇ ਸਬਦ ਬੀਚਾਰ॥*
*ਸਿਰ ਨਾਥਾ ਕੈ ਇਕ ਨਾਥ ਸਤਿਨਾਮ ਕਰਤਾਰ॥*
*ਨਾਨਕ ਤਾਕੀ ਕੀਮਤ ਨ ਪਵੈ ਬੇਅੰਤ ਬੇਸੁਮਾਰ॥*

ਸੋ ਸਾਰੇ ਤੇਰੇ ਕੀਤੇ ਹੋਏ ਜੰਤ ਹਨ ਭਾਵੇਂ ਉਹ ਫਰਿਸ਼ਤੇ ਹਨ, ਦੇਵ ਹਨ, ਅਦੇਵ ਹਨ, ਤੇਰੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ। ਸੋ ਸਾਰਾ ਸ਼ਬਦ ਇਸ ਤਰ੍ਹਾਂ ਹੈ -

*ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥*
*ਜਉ ਤੁਮ ਦੀਵਰਾ ਤਉ ਹਮ ਬਾਤੀ॥*
*ਜਉ ਤੁਮ ਤੀਰਥ ਤਉ ਹਮ ਜਾਤੀ॥ ਪੰਨਾ - 659*

ਹੇ ਪ੍ਰਭੂ! ਜੇ ਤੁਸੀਂ ਤੀਰਥ ਰੂਪ ਹੋ ਤਾਂ ਜਿਸ ਤਰ੍ਹਾਂ ਇਕ ਯਾਤਰੂ ਨੂੰ ਤੀਰਥ ਕਰਨ ਸਮੇਂ ਬਹੁਤ ਪ੍ਰਸੰਨਤਾ ਹੁੰਦੀ ਹੈ। ਉਹ ਬਹੁਤ ਖੇਚਲਾਂ ਝੱਲ ਕੇ ਬਰਫਾਨੀ ਰਾਹਾਂ ਵਿਚ, ਉਚੀਆਂ ਪਹਾੜੀਆਂ ਤੇ ਚੜ੍ਹ ਕੇ ਤੀਰਥਾਂ ਤੇ ਪਹੁੰਚਦੇ ਹਨ ਅਤੇ ਆਪਣੇ ਧੰਨਭਾਗ ਸਮਝਦੇ ਹਨ। ਹੇ ਪ੍ਰਭੂ! ਮੈਂ ਵੀ ਇਸ ਤਰ੍ਹਾਂ ਅਨੁਭਵ ਕਰਦਾ ਹਾਂ ਹੇ ਪ੍ਰਭੂ! ਜੇ ਤੁਸੀਂ ਮਹਾਨ ਤੀਰਥ ਹੋ ਤਾਂ ਮੈਂ ਉਸ ਤੀਰਥ ਦਾ ਯਾਤਰੂ ਹਾਂ ਮੈਂ ਆਪ ਦਾ ਸੰਗ ਕਿਸੇ ਤਰ੍ਹਾਂ ਵੀ ਨਹੀਂ ਛੱਡ ਸਕਦਾ। ਜਿਥੇ-ਜਿਥੇ ਵੀ ਮੈਂ ਜਾਂਦਾ ਹਾਂ ਉਥੇ ਤੇਰੀ ਹੀ ਸੇਵਾ ਕਰਦਾ ਹਾਂ। ਆਪ ਫੁਰਮਾਨ ਕਰਦੇ ਹਨ -

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*
*ਜਹ ਜਹ ਜਾਉ ਤਹਾ ਤੇਰੀ ਸੇਵਾ॥*
*ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ਪੰਨਾ - 659*

ਹੇ ਮੇਰੇ ਪ੍ਰਭੂ! ਤੇਰੇ ਵਰਗਾ ਹੋਰ ਸੰਸਾਰ ਵਿਚ ਕੋਈ ਹੈ ਹੀ ਕੋਈ ਨਹੀਂ। ਤੇਰੇ ਨਾਲ ਪਿਆਰ ਕਰਨ ਨਾਲ ਤੇਰੀ ਯਾਦ ਹਿਰਦੇ ਵਿਚ ਵਸਾਉਣ ਨਾਲ ਜਮਾਂ ਦੇ ਫਾਹੇ ਗਲਾਂ ਵਿਚੋਂ ਸੁਤੇ ਹੀ ਕਟ ਜਾਂਦੇ ਹਨ। ਹੇ ਪ੍ਰਭੂ! ਮੈਂ ਤਾਂ ਤੇਰੇ ਪਿਆਰ ਦੀ ਪ੍ਰਾਪਤੀ ਵਾਸਤੇ ਤੇਰੇ ਗੁਣ ਗਾਇਨ ਕਰਦਾ ਹਾਂ।

*ਤੁਮਰੇ ਭਜਨ ਕਟਹਿ ਜਮ ਫਾਂਸਾ॥*
*ਭਗਤਿ ਹੇਤ ਗਾਵੈ ਰਵਿਦਾਸਾ॥ ਪੰਨਾ - 659*

ਹੇ ਪ੍ਰਭੂ! ਤੂੰ ਬੇਅੰਤ ਹੈਂ, ਤੇਰਾ ਕਿਸੇ ਨੇ ਅੰਤ ਨਹੀਂ ਪਾਇਆ, ਤੇਰੇ ਕੌਤਕ ਅਸਚਰਜ ਕਰਨ ਵਾਲੇ ਹਨ ਤੂੰ ਇਕ ਅੱਖ ਦੇ ਪਲਕਾਰੇ ਵਿਚ ਸੰਸਾਰ ਪੈਦਾ ਕਰ ਦਿੰਦਾ ਹੈਂ। ਅੱਖ ਦੇ ਪਲਕਾਰੇ ਵਿਚ ਸੰਸਾਰ ਨੂੰ ਲੈਅ ਕਰ ਦਿੰਦਾ ਹੈਂ ਤੇਰੇ ਘਰ ਵਿਚ ਸਾਰੀਆਂ ਦਾਤਾਂ ਹਨ, ਰਾਜਿਆਂ ਨੂੰ ਰਾਜ ਦਿੰਦਾ ਹੈਂ, ਯੋਗੀਆਂ ਨੂੰ ਯੋਗ ਦਿੰਦਾ ਹੈਂ, ਤਪ ਵਿਚ ਤਪੀਸਰੁ, ਗ੍ਰਹਿਸਤ ਵਿਚ ਵੱਡਾ ਭੋਗੀ ਹੈਂ ਤੇਰਾ ਕੋਈ ਅੰਤ ਨਹੀਂ ਪਾ ਸਕਿਆ।

*ਹਰਨ ਭਰਨ ਜਾ ਕਾ ਨੇਤ੍ਰ ਫੋਰੁ॥*
*ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥*
*ਅਨਦ ਰੂਪ ਮੰਗਲ ਸਦ ਜਾ ਕੈ॥*
*ਸਰਬ ਥੋਕ ਸੁਨੀਅਹਿ ਘਰਿ ਤਾ ਕੈ॥*
*ਰਾਜ ਮਹਿ ਰਾਜੁ ਜੋਗ ਮਹਿ ਜੋਗੀ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥*
*ਪੰਨਾ - 284*

ਅੱਜ ਦੇ ਖੋਜੀ ਪ੍ਰਭੂ ਦੀ ਬਣਾਈ ਪ੍ਰਕ੍ਰਿਤੀ ਖੋਜਦੇ-ਖੋਜਦੇ ਬੇਹਿਸ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਕੋਈ ਅਗਲਾ ਕਿਨਾਰਾ ਨਜ਼ਰ ਨਹੀਂ ਆ ਰਿਹਾ। ਜਿੰਨਾਂ ਵੀ ਖੋਜ ਵਿਚ ਵਧੇਰੇ ਪ੍ਰਵਿਰਤ ਹੋ ਰਹੇ ਹਨ ਉਨਾਂ ਹੀ ਬੇਅੰਤਤਾਈ ਨੂੰ ਅਨੁਭਵ ਕਰਕੇ ਨਿਤ ਛੋਟੇ ਤੇ ਅਣਜਾਣ ਹੁੰਦੇ ਜਾ ਰਹੇ ਹਨ। ਡਾ. ਸਟੀਫਨ ਲੰਡਨ ਦੇ ਰਹਿਣ ਵਾਲੇ ਜੋ Noble Prize Winner ਸਨ ਆਪ ਨੇ Time & Space ਦੀ ਖੋਜ ਕਰਦਿਆਂ ਲਿਖਿਆ ਹੈ ਕਿ ਜਦੋਂ ਇਹ ਮੈਟਰ compress (ਅਤਿ ਸੂਖਸ਼ਮ) ਹੁੰਦਾ ਹੈ ਉਸ ਵੇਲੇ ਉਹ ਇਕ ਮਿਲੀਲਿਟਰ ਨੂੰ ਅਧਾਰ ਬਣਾਉਂਦਾ ਹੈ। ਪੁਆਇੰਟ ਲਿਖ ਕੇ 80 ਜ਼ੀਰੋ ਲਾ ਕੇ 81ਵਾਂ ਅੱਖਰ ਏਕਾ ਪਾ ਦਿੰਦਾ ਹੈ। ਪਰ ਉਥੋਂ ਉਹ ਬੇਵਸ ਹੋ ਗਿਆ ਪਰ ਉਸ ਨੂੰ ਇਸ ਏਕੇ ਦੇ ਅੱਗੇ infinity ਲਿਖਣਾ ਪਿਆ ਜਿਸ ਦਾ ਮਤਲਬ ਇਹ ਹੈ ਕਿ ਇਸ ਗੱਲ ਦਾ ਕੋਈ ਅੰਤ ਨਹੀਂ ਪਾ ਸਕਦਾ ਜਦੋਂ ਉਸ ਨੇ matter ਨੂੰ ਪਸਰਦਾ ਦੇਖਿਆ ਉਸ ਵੇਲੇ ਉਨ੍ਹਾਂ ਨੇ ਗਿਣਤੀ ਕਰਦਿਆਂ ਇਕ ਦੇ ਅੱਗੇ 80 ਜ਼ੀਰੋ ਲਾ ਕੇ inifinity ਲਿਖ ਦਿਤਾ। ਨਾ ਹੀ ਤਾਂ ਸੂਖਸ਼ਮਤਾ ਦਾ ਕੋਈ ਹੱਦ ਬੰਨਾ ਹੈ ਅਤੇ ਨਾ ਹੀ ਪ੍ਰਭੂ ਦੀ ਪ੍ਰਕ੍ਰਿਤੀ ਦੇ ਪਸਾਰੇ ਦਾ ਕੋਈ ਹਦਬੰਨਾ ਹੈ। ਹੇ ਪ੍ਰਭੂ! ਤੇਰੀ ਵਡੱਤਣ ਦਾ ਅਨੁਮਾਨ ਕੌਣ ਲਾ ਸਕਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

*ਸੂਛਮ ਤੇ ਸੂਛਮ ਕਰ ਚੀਨੇ*
*ਬ੍ਰਿਧਨ ਬ੍ਰਿਧ ਬਤਾਏ॥*
*ਭੂਮਿ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥*

ਪ੍ਰਭੂ ਦੀ ਬੇਅੰਤਤਾ ਬਾਰੇ ਜਪੁਜੀ ਸਾਹਿਬ ਦੇ ਅੰਦਰ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਉਸ ਦਾ ਕੋਈ ਅੰਤ ਪਾ ਨਹੀਂ ਸਕਿਆ ਜਿਵੇਂ ਕਿ -

*ਅੰਤੁ ਨ ਸਿਫਤੀ ਕਹਣਿ ਨ ਅੰਤੁ॥*
*ਅੰਤੁ ਨ ਕਰਣੈ ਦੇਣਿ ਨ ਅੰਤੁ॥*
*ਅੰਤੁ ਨ ਵੇਖਣਿ ਸੁਣਣਿ ਨ ਅੰਤੁ॥*
*ਅੰਤੁ ਨ ਜਾਪੈ ਕਿਆ ਮਨਿ ਮੰਤੁ॥*
*ਅੰਤੁ ਨ ਜਾਪੈ ਕੀਤਾ ਆਕਾਰੁ॥*
*ਅੰਤੁ ਨ ਜਾਪੈ ਪਾਰਵਾਰੁ॥*
*ਅੰਤ ਕਾਰਣਿ ਕੇਤੇ ਬਿਲਲਾਹਿ॥*
*ਤਾ ਕੇ ਅੰਤ ਨ ਪਾਏ ਜਾਹਿ॥*
*ਏਹੁ ਅੰਤੁ ਨ ਜਾਣੈ ਕੋਇ॥*
*ਬਹੁਤਾ ਕਹੀਐ ਬਹੁਤਾ ਹੋਇ॥*
*ਵਡਾ ਸਾਹਿਬੁ ਊਚਾ ਥਾਉ॥*
*ਊਚੇ ਉਪਰਿ ਊਚਾ ਨਾਉ॥*
*ਏਵਡੁ ਊਚਾ ਹੋਵੈ ਕੋਇ॥*
*ਤਿਸੁ ਊਚੇ ਕਉ ਜਾਣੈ ਸੋਇ॥*
*ਜੇਵਡੁ ਆਪਿ ਜਾਣੈ ਆਪਿ ਆਪਿ॥*

*ਨਾਨਕ ਨਦਰੀ ਕਰਮੀ ਦਾਤਿ॥ ਪੰਨਾ - 5*

ਪ੍ਰਭੂ ਆਪਣੇ ਆਪ ਦੀ ਗਤੀ ਨੂੰ ਆਪ ਹੀ ਜਾਣਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੈ -

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*

*ਅਕਾਲ ਉਸਤਤਿ*

ਸੋ ਕੋਈ ਐਸਾ ਸਮਰੱਥ ਪੁਰਸ਼ ਨਹੀਂ ਜੋ ਇਸ ਵੱਡੇ ਦੇਵ ਬਾਰੇ ਦਸ ਸਕੇ ਜਿਵੇਂ ਕਿ ਫੁਰਮਾਨ ਹੈ -

*ਕੋਟ ਬਿਸਨ ਕੀਨੇ ਅਵਤਾਰ॥*
*ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥*
*ਕੋਟਿ ਮਹੇਸ ਉਪਾਇ ਸਮਾਏ॥*
*ਕੋਟਿ ਬ੍ਰਹਮੇ ਜਗੁ ਸਾਜਣ ਲਾਏ॥*
*ਐਸੋ ਧਣੀ ਗੁਵਿੰਦੁ ਹਮਾਰਾ॥*
*ਬਰਨਿ ਨ ਸਾਕਉ ਗੁਣ ਬਿਸਥਾਰਾ॥*
*ਕੋਟਿ ਮਾਇਆ ਜਾ ਕੈ ਸੇਵਕਾਇ॥*
*ਕੋਟਿ ਜੀਅ ਜਾ ਕੀ ਸਿਹਜਾਇ॥*
*ਕੋਟਿ ਉਪਾਰਜਨਾ ਤੇਰੈ ਅੰਗਿ॥*
*ਕੋਟਿ ਭਗਤ ਬਸਤ ਹਰਿ ਸੰਗਿ॥*
*ਕੋਟਿ ਛਤ੍ਰਪਤਿ ਕਰਤ ਨਮਸਕਾਰ॥*
*ਕੋਟਿ ਇੰਦ੍ਰ ਠਾਢੇ ਹੈ ਦੁਆਰ॥*
*ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ॥*
*ਕੋਟਿ ਨਾਮ ਜਾ ਕੀ ਕੀਮਤਿ ਨਾਹਿ॥ ਪੰਨਾ - 1156*

ਉਸ ਦਾ ਕੋਈ ਵੀ ਪਾਰਾਵਾਰ ਨਹੀਂ ਪਾ ਸਕਦਾ ਉਸ ਦਾ ਦਰਬਾਰ ਅਤਿ ਉਚਾ ਹੈ ਜੇ ਕੋਈ ਕਹੇ ਕਿ ਮੈਂ ਪ੍ਰਭੂ ਨੂੰ ਇਕ ਤਿਲ ਜਿੰਨਾ ਜਾਣ ਲਿਆ ਹੈ ਉਹ ਵੀ ਠੀਕ ਨਹੀਂ ਕਿਉਂਕਿ ਉਥੇ ਲੇਖਿਆਂ ਦੀ ਕੋਈ ਗੱਲ ਨਹੀਂ ਹੁੰਦੀ ਉਹ ਕਿਸੇ ਲੇਖਿਆਂ ਵਿਚ ਬੰਨ੍ਹਿਆ ਨਹੀਂ ਜਾ ਸਕਦਾ।

*ਅਤਿ ਊਚਾ ਤਾ ਕਾ ਦਰਬਾਰਾ॥*
*ਅੰਤੁ ਨਾਹੀ ਕਿਛੁ ਪਾਰਾਵਾਰਾ॥*
*ਕੋਟਿ ਕੋਟਿ ਕੋਟਿ ਲਖ ਧਾਵੈ॥*
*ਇਕੁ ਤਿਲੁ ਤਾ ਕਾ ਮਹਲੁ ਨ ਪਾਵੈ॥ ਪੰਨਾ - 562*

*ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ॥*
*ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ॥*
*ਜਪ ਤਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ॥*
*ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ॥*

*ਪੰਨਾ - 455*

*ਮਹਿਮਾ ਨਾ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥*

*ਪੰਨਾ - 894*

ਸੋ ਇਸ ਕਰਕੇ ਇਹ ਦੇਖਣਾ ਕਿ ਉਹ ਪਰਮ ਦੇਵ ਕਿੱਡਾ ਵੱਡਾ ਹੈ, ਕੋਈ ਵੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹਰਿ ਕੀ ਗਤਿ ਨਹਿ ਕੋਊ ਜਾਨੈ॥*
*ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥*
*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥*

*ਪੰਨਾ - 537*

ਸੋ ਇਸ ਕਰਕੇ ਭਗਤ ਰਵਿਦਾਸ ਜੀ ਨੇ ਬੇਅੰਤਤਾ ਤੇ ਅਨੰਤਤਾ ਨੂੰ ਅਨੁਭਵ ਕਰਦੇ ਫੁਰਮਾਨ ਕੀਤਾ ਹੈ ਕਿ ਹੇ ਪ੍ਰਭੂ! ਮੈਂ ਤੈਨੂੰ ਪਿਆਰ ਕਰਦਾ ਹਾਂ, ਮੈਂ ਤੇਰਾ ਹਾਂ, ਤੇਰੇ ਵਿਚ ਹੀ ਸਮਾਅ ਜਾਣਾ ਚਾਹੁੰਦਾ ਹਾਂ, ਮੈਨੂੰ ਕਿੰਚਤ ਮਾਤਰ ਵੀ ਭਰਮ ਨਹੀਂ ਹੈ ਕਿ ਤੇਰੀ ਰਚਨਾ ਅੰਦਰ ਕੋਈ ਹੋਰ ਵੀ ਵੱਡਾ ਹੈ ਕੇਵਲ ਤੂੰ ਹੀ ਵੱਡਾ ਹੈਂ -

*ਤੁਮ ਸੋ ਠਾਕੁਰੁ ਅਉਰੁ ਨ ਦੇਵਾ॥*

□ □ □ □ □ □ □ □

---

(ਪੰਨਾ 41 ਦੀ ਬਾਕੀ)

ਉਸ ਦੇ ਜ਼ਖਮਾਂ ਵਿਚ ਮਲ੍ਹਮ ਭਰ ਤੇ ਪੱਟੀ ਵੀ ਕਰ ਤਾਂ ਕਿ ਛੇਤੀ ਰਾਜ਼ੀ ਹੋ ਜਾਵੇ। ਮੈਂ ਮਨੁੱਖ ਨੂੰ ਨੀਚਤਾ ਤੋਂ ਚੁੱਕ ਕੇ ਪੂਰਨ ਮਨੁੱਖ ਬਣਾਇਆ ਸੀ ਜਿਸ ਨੂੰ ਮੈਂ ਖਾਲਸਾ ਕਿਹਾ ਹੈ ਜਿਸ ਦੀ ਉਪਜ ਪ੍ਰਭੂ ਦੀ ਮਰਜ਼ੀ ਨਾਲ ਹੋਈ ਹੈ।

ਵਾਹਿਗੁਰੂ ਸਦਾ ਦਿਆਲੂ, ਕ੍ਰਿਪਾਲੂ, ਰਹੀਮ, ਬਖਸ਼ਿੰਦ ਹੈ ਉਸ ਦਾ ਪਿਆਰਾ ਇਹ ਸਾਰੇ, ਵਾਹਿਗੁਰੂ ਜੀ ਦੇ ਸੁਭਾਵ ਵਾਲੇ ਗੁਣ ਆਪਣੇ ਜੀਵਨ ਵਿਚ ਧਾਰਨ ਕਰੇ ਅਤੇ ਸਾਰੇ ਸੰਸਾਰ ਨੂੰ ਪ੍ਰਕਾਸ਼ ਮੁਨਾਰਾ ਹੋ ਕੇ ਅੰਧਕਾਰ ਤੋਂ ਬਚਾਵੇ। ਸ਼ਕਤੀ ਦੀ ਵਰਤੋਂ ਕਰਨਾ ਅਸਾਡਾ ਕਰਤੱਵ ਨਹੀਂ ਸੀ ਪਰ ਜਦੋਂ ਜੀਉਣ ਦੇ ਸਾਰੇ ਹੀਲੇ ਬਹਾਨੇ ਮੁਕ ਜਾਣ, ਉਸ ਵੇਲੇ ਉਸ ਦਰਿੰਦੇ ਨੂੰ, ਸਸ਼ਤਰ ਪਕੜ ਕੇ ਵੰਗਾਰ ਕੇ, ਦੁਨੀਆਂ ਤੋਂ ਦੂਰ ਕਰ ਦੇਣਾ ਪਾਪ ਨਹੀਂ ਇਹ ਇਨਸਾਨੀ ਹੱਕ ਹੈ ਕਿਉਂਕਿ ਜੋ ਦੂਸਰਿਆਂ ਦੇ ਜੀਵਨ ਖੋਂਹਦਾ ਹੈ ਉਹ ਮਲੇਛ ਹੈ, ਜੋ ਦੂਸਰਿਆਂ ਨੂੰ ਜੀਵਨ ਦਿੰਦਾ ਹੈ ਉਹ 'ਖਾਲਸਾ' ਹੈ, ਫਰਿਸ਼ਤਾ ਹੈ, ਮੈਂ ਸੰਸਾਰ ਦੇ ਮਨੁੱਖਾਂ ਨੂੰ ਫਰਿਸ਼ਤੇ ਬਣਾਉਣ ਆਇਆ ਹਾਂ, ਮੈਂ ਇਹ ਕੰਮ ਆਪਣੇ ਪ੍ਰਤਿਆਏ ਹੋਏ ਖਾਲਸੇ ਦੇ ਹਵਾਲੇ ਕਰਕੇ ਜਾਣਾ ਹੈ। ਮੇਰਾ 'ਖਾਲਸਾ' ਸਾਰੇ ਸੰਸਾਰ ਦਾ ਧੇਅ ਹੋਵੇਗਾ ਅਤੇ ਪ੍ਰਮੁੱਖ ਸਰਦਾਰ ਹੋਵੇਗਾ। ਉਹ ਆਪਣੇ ਬਚਨਾਂ ਨਾਲ, ਆਪਣੀ ਕਰਨੀ ਨਾਲ ਆਪਣੀ ਸੋਚਣੀ ਨਾਲ ਆਪਣੀ ਆਤਮਕ ਸ਼ਕਤੀ ਨਾਲ ਸਦਾ ਹੀ ਸਰਬੱਤ ਦਾ ਭਲਾ ਲੋਚਦਾ ਸਚਮੁੱਚ ਹੀ ਧੁਰ ਹਿਰਦੇ ਤੋਂ ਕਹੇਗਾ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਨਿੱਕੀਆਂ ਜਿੰਦਾਂ ਦੀ ਦਿਤੀ ਕੁਰਬਾਨੀ ਸਦਾ ਹੀ ਨੇਕੀ ਕਮਾਉਣ ਲਈ ਉਤਸ਼ਾਹਤ ਕਰਦੀ ਰਹੇਗੀ। ਇਹ ਜੋਤਾਂ ਸਦਾ ਸਦਾ ਲਈ ਅਮਰ ਹਨ, ਅਮਰ ਹੀ ਰਹਿਣਗੀਆਂ।

□ □ □ □ □ □ □ □

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

### ਚੌਥਾ ਅਧਿਆਏ

### ਕਰਮਫਲ ਤਿਆਗਣ ਦਾ ਗਿਆਨ

1. ਸ੍ਰੀ ਭਗਵਾਨ ਬਚਨ ਕਰਦੇ ਹਨ - ਪਹਿਲੇ ਮੈਂ ਇਹ ਯੋਗ ਸੂਰਜ ਨੂੰ ਸੁਣਾਇਆ, ਸੂਰਜ ਨੇ ਮੰਨੂੰ ਨੂੰ ਸੁਣਾਇਆ ਮੰਨੂੰ ਨੇ ਇਖਵਾਕ ਨੂੰ ਸੁਣਾਇਆ।

2. ਇਸ ਤਰ੍ਹਾਂ ਹੀ ਇਕ ਦੂਸਰੇ ਤੋਂ ਸੁਣ ਕੇ ਰਾਜ ਰਿਸ਼ੀ ਨੇ ਇਸ ਯੋਗ ਨੂੰ ਜਾਣਿਆ, ਹੇ ਦੁਸ਼ਟ ਦਮਨ! ਫੇਰ ਇਹ ਯੋਗ ਨਸ਼ਟ ਹੋ ਗਿਆ।

3. ਇਹ ਪੁਰਾਣਾ ਯੋਗ ਹੀ ਮੈਂ ਤੈਨੂੰ ਦਸਿਆ ਹੈ, ਤੂੰ ਮੇਰਾ ਭਗਤ ਹੈਂ, ਤੂੰ ਮੇਰਾ ਸਖਾ ਹੈਂ ਤੇ ਇਹ ਸਭ ਤੋਂ ਉਤਮ ਭੇਦ ਹੈ।

ਯੋਗ ਵਿਗਿਆਨ ਉਨਾਂ ਹੀ ਸਦੀਵੀ ਹੈ ਜਿੰਨਾਂ ਮਨੁੱਖੀ ਜੀਵਨ। ਇਹ ਸ੍ਰੇਸ਼ਟ ਪਰੰਪਰਾ ਇਕ ਚਿਰ ਸਥਾਈ ਗਿਆਨ ਹੈ ਜਿਹੜਾ ਅਨੰਤ ਤੋਂ ਅਨੰਤ ਤਕ ਚਲਦਾ ਆ ਰਿਹਾ ਹੈ। ਇਹ ਅਵੀਸਾਨੀ ਗਿਆਨ ਹੈ, ਹੁਣ ਤਕ ਕ੍ਰਿਸ਼ਨ ਜੀ ਨੇ ਜੋ ਗਿਆਨ ਦਿਤਾ ਹੈ, ਉਹ ਸਾਂਖਯ ਤੇ ਕਰਮ ਯੋਗ ਦਾ ਕਰਮਬੱਧ ਗਿਆਨ ਹੈ। ਅਨੰਤ ਗਿਆਨ ਦੇ ਇਹ ਦੋਨੋਂ ਪੱਖ ਇਕ ਪਾਸੇ ਗੂੜ੍ਹ ਫਿਲੋਸਫੀ, ਦੂਸਰੇ ਪਾਸੇ ਉਸ ਫਿਲੋਸਫੀ ਅਨੁਸਾਰ ਜੀਵਨ ਜੀਉਣਾ, ਦੋਨਾਂ ਨੂੰ ਮਿਲਾ ਕੇ ਜੀਵਨ ਅਤਿ ਸੁਹਾਵਣਾ ਹੋ ਜਾਂਦਾ ਹੈ, ਇਕ ਕਵਿਤਾ ਬਣ ਜਾਂਦਾ ਹੈ। ਇਹ ਗਿਆਨ ਸਦਾ ਹੀ ਨਰੋਆ ਰਹਿੰਦਾ ਹੈ, ਹਰ ਹਾਲਤ ਵਿਚ ਨਰੋਆ ਰਹਿੰਦਾ ਹੈ ਇਸੇ ਕਰਕੇ ਹੀ ਗੀਤਾ ਦੇ ਗਿਆਨ ਨੂੰ ਇਕ ਸਦੀਵੀ ਗੀਤ ਕਿਹਾ ਜਾਂਦਾ ਹੈ, ਇਸ ਗੀਤ ਵਿਚ ਸਾਰਾ ਵਿਅਕਤੀਗਤਿ ਗੂੜ੍ਹ ਗਿਆਨ, ਵਿਸ਼ਵ ਗੂੜ੍ਹ ਗਿਆਨ, ਅੰਤਰ ਤੇ ਬਾਹਰ ਦਾ ਸਾਰਾ ਗਿਆਨ ਦਿਤਾ ਗਿਆ ਹੈ। ਗਿਆਨ ਨਾ ਕਿਤੋਂ ਉਪਜਿਆ, ਨਾ ਕਦੀ ਖਤਮ ਹੋ ਸਕਦਾ ਹੈ, ਗਿਆਨ ਸਦੀਵੀ ਹੈ, ਗਿਆਨ ਸੀ, ਗਿਆਨ ਹੈ, ਗਿਆਨ ਰਹੇਗਾ - ਉਨ੍ਹਾਂ ਲਈ ਜਿਹੜੇ ਇਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ।

ਜਦੋਂ ਕ੍ਰਿਸ਼ਨ ਜੀ ਬਚਨ ਕਰਦੇ ਹਨ ਕਿ ਉਨ੍ਹਾਂ ਨੇ ਇਹ ਗਿਆਨ ਵਿਵਾਸਵਤ ਨੂੰ ਦਿਤਾ, ਵਿਵਾਸਵਤ ਨੇ ਮਨੂੰ ਨੂੰ ਦਿਤਾ। ਉਹ ਕਹਿੰਦੇ ਹਨ ਕਰਮ ਯੋਗ ਐਨਾ ਸਦੀਵੀ ਹੈ ਜਿੰਨਾਂ ਮਨੁੱਖ, ਸਾਰੇ ਪੁਰਾਣੇ ਰਾਜੇ ਇਸ ਮਾਰਗ ਤੇ ਚਲਦੇ ਸਨ ਤੇ ਸੰਪੂਰਨਤਾ ਪ੍ਰਾਪਤ ਕਰਦੇ ਸਨ, ਕ੍ਰਿਸ਼ਨ ਜੀ ਅਰਜਨ ਨੂੰ ਇਹੀ ਮਾਰਗ ਤੇ ਚਲਣ ਲਈ ਕਹਿ ਰਹੇ ਹਨ ਜਿਸ ਤੇ ਉਨ੍ਹਾਂ ਦੇ ਪੁਰਵਜ ਚਲਦੇ ਰਹੇ। ਸਮਾਂ ਪਾ ਕੇ ਇਹ ਗਿਆਨ ਖਤਮ ਹੋ ਗਿਆ। ਜਦੋਂ ਕੌਮਾਂ ਦਾ ਪਤਨ ਹੁੰਦਾ ਹੈ ਉਸ ਵਿਚ ਲਿਖਤੀ ਚੀਜ਼ਾਂ ਤਾਂ ਬਚ ਜਾਂਦੀਆਂ ਹਨ ਪਰ ਉਨ੍ਹਾਂ ਦਾ ਪ੍ਰੈਕਟੀਕਲ ਭਾਗ ਜਾਂਦਾ ਰਹਿੰਦਾ ਹੈ, ਗਿਆਨ ਕੇਵਲ ਇਕ ਸਿਧਾਂਤ ਬਣ ਕੇ ਰਹਿ ਜਾਂਦਾ ਹੈ। ਸ੍ਰੀ ਕ੍ਰਿਸ਼ਨ ਜੀ ਉਹ ਗਿਆਨ ਅਰਜਨ ਨੂੰ ਦੇ ਰਹੇ ਹਨ ਜਿਹੜਾ ਭੁੱਲ ਚੁਕਿਆ ਹੈ ਸਿਧਾਂਤਕ ਪੱਖੋਂ ਵੀ ਤੇ ਜੀਵਨ ਪੱਖੋਂ ਵੀ, ਇਹੋ ਜਿਹਾ ਗੂੜ੍ਹ ਗਿਆਨ ਇਕ ਬਹੁਤ ਵੱਡਾ ਗੁਰੂ ਹੀ ਇਕ ਚੰਗੇ ਸਾਧਕ ਨੂੰ ਦਿੰਦਾ ਹੈ

ਅਰਜਨ ਤੋਂ ਪਹਿਲਾਂ ਸਾਰੇ ਰਾਜੇ ਸਦੀਆਂ ਤੋਂ ਇਸੇ ਪਰੰਪਰਾ ਦੇ ਸੀ। ਸ੍ਰੀ ਕ੍ਰਿਸ਼ਨ ਜੀ ਤੇ ਅਰਜਨ ਵੀ ਇਸੇ ਪਰੰਪਰਾ ਤੋਂ ਸਨ, ਪੁਰਾਤਨ ਸਮੇਂ ਵਿਚ ਭਰਤ ਦੇ ਸਮੇਂ ਦੋ ਪਰੰਪਰਾਵਾਂ ਸਨ - ਇਕ ਸੂਰਯ ਵੰਸ਼ੀ ਇਕ ਚੰਦਰ ਵੰਸ਼ੀ। ਇਕ ਆਪਣਾ ਪਿਛੋਕੜ ਸੂਰਜ ਨਾਲ ਦਸਦੇ ਹਨ, ਦੂਸਰਾ ਚੰਦਰਮਾ ਨਾਲ, ਸੂਰਜ ਵੰਸ਼ੀ ਪਰੰਪਰਾ ਸਭ ਤੋਂ ਉਚੀ ਪਰੰਪਰਾ ਮੰਨੀ ਜਾਂਦੀ ਹੈ, ਇਹ ਪਰੰਪਰਾ ਗਿਆਨ ਅਤੇ ਪ੍ਰਕਾਸ਼ ਦੀ ਪਰੰਪਰਾ ਹੈ, ਸੂਰਜ ਚਾਨਣ ਦਾ ਚਿੰਨ ਹੈ, ਸੂਰਜ ਸਭ ਨੂੰ ਚਾਨਣ ਪ੍ਰਦਾਨ ਕਰਦਾ ਹੈ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ, ਸਭ ਤੋਂ ਉਚਾ ਰਹਿੰਦਾ ਹੈ ਬਿਲਕੁਲ ਨਿਰਲੇਪ, ਪ੍ਰਕਾਸ਼ ਦਿੰਦਿਆਂ ਕਦੀ ਨਹੀਂ ਥਕਦਾ, ਕੇਵਲ ਸੂਰਜ ਦਾ ਪ੍ਰਕਾਸ਼ ਹੀ ਉਸ ਦਾ ਆਪਣਾ ਪ੍ਰਕਾਸ਼ ਹੈ, ਬਾਕੀ ਸਭ ਦਾ ਪ੍ਰਕਾਸ਼, ਸੂਰਜ ਤੋਂ ਆਉਂਦਾ ਹੈ। ਕ੍ਰਿਸ਼ਨ ਜੀ ਜੋ ਕਿ ਇਕ ਅਵਤਾਰ ਹੋਏ ਹਨ ਉਹ ਸੂਰਜ ਵੰਸ਼ ਵਿਚੋਂ ਹੀ ਸਨ, ਉਹ ਅਰਜਨ ਨੂੰ ਆਪਣੀ ਪਰੰਪਰਾ ਬਾਰੇ ਦਸਦੇ ਹਨ। ਤੀਸਰੇ ਅਧਿਆਏ ਵਿਚ ਕ੍ਰਿਸ਼ਨ ਜੀ ਨੇ ਰਾਜਾ ਜਨਕ ਦੀ ਉਦਾਹਰਣ ਦਿਤੀ ਹੈ ਤੇ ਦਸਿਆ ਹੈ ਕਿ ਰਾਜਾ ਜਨਕ ਸੂਰਯ ਵੰਸ਼ੀ ਪਰੰਪਰਾ ਦੀ ਇਕ ਕੜੀ ਸਨ ਤੇ ਅਰਜਨ ਵੀ ਉਸ ਲੜੀ ਵਿਚੋਂ ਹੀ ਹੈ।

ਗਿਆਨ ਦੀਆਂ ਕਿੰਨੀਆਂ ਹੀ ਲੜੀਆਂ ਹਨ ਪਰ ਉਨ੍ਹਾਂ ਦਾ ਸ੍ਰੋਤ ਇਕ ਹੀ ਹੈ। ਜਦੋਂ ਅਸੀਂ ਪਰੰਪਰਾਵਾਂ ਦਾ ਇਤਿਹਾਸ ਪੜ੍ਹਦੇ ਹਾਂ ਅਸੀਂ ਦੇਖਦੇ ਹਾਂ ਪੁਰਾਣੀਆਂ ਪਰੰਪਰਾਵਾਂ ਅੱਜ ਦੇ ਮਾਨਵ ਨੂੰ ਕਦਰਾਂ ਕੀਮਤਾਂ ਦਿੰਦੀਆਂ ਹੀ ਰਹੀਆਂ ਹਨ। ਮਿਸਾਲ ਵਜੋਂ ਯਹੂਦੀਆਂ ਨਾਲ ਕਿੰਨੇ ਅਤਿਆਚਾਰ ਹੋਏ, ਫੇਰ ਵੀ ਯਹੂਦੀਆਂ ਦੀ ਪਰੰਪਰਾ ਅੱਜ ਵੀ ਓਨੀ ਹੀ ਜੀਉਂਦੀ ਜਾਗਦੀ ਹੈ ਜਿਵੇਂ ਪਹਿਲੇ ਸੀ ਕਿਉਂਕਿ ਉਹ ਕੌਮ ਆਪਣੀਆਂ ਪਰੰਪਰਾਵਾਂ ਉਸ ਤਰ੍ਹਾਂ ਹੀ ਮੰਨਦੀ ਆ ਰਹੀ ਹੈ ਜਿਵੇਂ ਪਹਿਲੇ। ਇਹੋ ਜਿਹੀਆਂ ਪਰੰਪਰਾਵਾਂ ਦੇ ਕੁਝ ਖਾਸ ਕਿਸਮ ਦੇ ਗੁਣ ਹੁੰਦੇ ਹਨ, ਉਨ੍ਹਾਂ ਦਾ ਸਭਿਆਚਾਰ ਖਾਸ ਹੁੰਦਾ ਹੈ। ਜਿਹੜੇ ਉਨ੍ਹਾਂ ਦੀ ਕੌਮ ਨੂੰ ਸਦਾ ਹੀ ਉਨ੍ਹਾਂ ਦੇ ਸਦੀਵੀ ਅਸੂਲਾਂ ਤੇ ਉਸਾਰਦਾ ਰਹਿੰਦਾ ਹੈ, ਜਿਹੜੇ ਅਸੂਲ ਉਨ੍ਹਾਂ ਦੇ ਪੂਰਵਜਾਂ ਨੇ ਚਲਾਏ ਹੁੰਦੇ ਹਨ।

ਸ੍ਰੀ ਕ੍ਰਿਸ਼ਨ ਜੀ ਭੂਤ ਭਵਿੱਖ ਤੇ ਵਰਤਮਾਨ ਨੂੰ ਅਨੁਭਵ ਕਰਨ ਦੀ ਸਮਰੱਥਾ ਰਖਦੇ ਹਨ, ਇਹ ਇਕ ਯੋਗਿਕ ਯੋਗਤਾ ਹੈ ਜਿਸ ਰਾਹੀਂ ਤੁਸੀਂ ਅਨੰਤ ਅਨਾਦ ਤਕ ਪਹੁੰਚ ਜਾਂਦੇ ਹੋ। ਜਦੋਂ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਗਿਆਨ ਪੂਰਵਜਾਂ ਨੂੰ ਵੀ ਦਿਤਾ ਹੈ, ਭਾਵ ਇਹ ਹੈ ਕਿ ਉਹ ਜਦੋਂ ਅਰਜਨ ਨਾਲ ਬਚਨ ਕਰ ਰਹੇ ਹਨ, ਉਹ ਉਸ ਪ੍ਰਮਾਤਮਾ ਵਿਚ ਲੀਨ ਹੋ ਕੇ ਕਰ ਰਹੇ ਹਨ, ਉਸ ਨਾਲ ਇਕ ਹੋ ਕੇ ਕਰ ਰਹੇ ਹਨ ਜਿਹੜਾ ਨਾ ਕਦੀ ਜਨਮਿਆ ਹੈ ਨਾ ਹੀ ਕਦੇ ਖਤਮ ਹੋਵੇਗਾ, ਉਸ ਦਾ ਨਾ ਕੋਈ ਆਦਿ ਹੈ, ਪਹੁੰਚੇ ਹੋਏ ਮਹਾਂਪੁਰਖ ਭੂਤ ਭਵਿੱਖ ਦੇਖਣ ਦੀ ਸਮਰਥਾ ਰਖਦੇ ਹਨ ਤੇ ਉਹ ਵਿਚ ਦੀਆਂ ਕੜੀਆਂ ਵੀ ਜੋੜਨ ਦੀ ਸਮਰੱਥਾ ਰਖਦੇ ਹਨ, ਇਸ ਨਾਲ ਉਹ ਭੂਤ, ਵਰਤਮਾਨ ਤੇ ਭਵਿੱਖ ਇਕੋ ਨਦਰ ਨਾਲ ਦੇਖ ਲੈਂਦੇ ਹਨ। ਕ੍ਰਿਸ਼ਨ ਜੀ ਵਾਸਤੇ ਸਭ ਕੁਝ ਹੁਣ ਹੀ ਹੋ ਰਿਹਾ ਹੈ, ਇਥੇ ਹੀ ਹੋ ਰਿਹਾ ਹੈ।

ਕ੍ਰਿਸ਼ਨ ਜੀ ਦਸਦੇ ਹਨ ਅਰਜਨ ਉਨ੍ਹਾਂ ਦਾ ਸ਼ਰਧਾਲੂ

(ਬਾਕੀ ਪੰਨਾ 64 ਤੇ)

# ਸੁੱਖ ਪ੍ਰਾਪਤੀ

## (ਪਰਸੰਗ : ਭਾਈ ਚੰਦਾ ਸਿੰਘ ਗਜ਼ਨੀ ਵਾਲਿਆਂ ਬਾਰੇ ਵਿਚਾਰ)

### ਸੰਤ ਵਰਿਆਮ ਸਿੰਘ ਜੀ 9-9-84 ਨੂੰ ਮੋਹਾਲੀ ਵਿਖੇ ਲੱਗੇ ਦੀਵਾਨ ਵਿਚ ਕੀਤੇ ਗਏ ਪ੍ਰਵਚਨ

*ਸੰਤ ਵਰਿਆਮ ਸਿੰਘ ਜੀ*
*ਅਨੁਵਾਦਕ - ਪ੍ਰੋ. ਗੁਰਦੇਵ ਸਿੰਘ*

*ਧਾਰਨਾ - ਕੋਈ ਜਨ ਹਰਿ ਸਿਉ ਦੇਵੈ ਜੋਰਿ - 2, 2.*

*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥*
*ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ॥*
*ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ॥*
*ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮਰੀ ਓਰਿ॥*
*ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥*
*ਪੰਨਾ - 702*

*ਧਾਰਨਾ - ਇਹੋ ਤੇਰੀ ਵਾਰੀ ਐ ਗੋਬਿੰਦ ਮਿਲਣੇ ਦੀ - 2, 4.*

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ, ਜਿਸ ਤਰ੍ਹਾਂ ਮੈਂ ਹਰ ਰੋਜ਼ ਹੀ ਬੇਨਤੀ ਕਰਦਾ ਹਾਂ ਕਿ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੰਸਾਰ ਦੇ ਅੰਦਰ ਬੁਧੀਵਾਨਾਂ, ਵਿਚਾਰਵਾਨਾਂ ਤੇ ਰਿਸ਼ੀਆਂ ਮੁਨੀਆਂ ਨੇ ਚਾਰ ਦਰਵਾਜੇ ਥਾਪੇ ਹਨ।

**ਪਹਿਲਾ ਦਰਵਾਜਾ ਸਮ** - ਸਮਤਾ 'ਚ ਰਹਿਣਾ, balanced mind ਨਾਲ (ਸੰਤੁਲਨ ਸਹਿਤ) ਰਹਿਣਾ, ਉਲਾਰ ਨਾ ਹੋਣਾ, ਕਿਸੇ ਪਾਸੇ ਵੀ extreme (ਹਦੋਂ ਵੱਧ) ਵਿਚ ਨਾ ਜਾਣਾ ਅਤੇ ਸਮਤਾ ਦੇ ਨਾਲ ਦੁਖ ਸੁਖ ਨੂੰ ਸਹਾਰਨਾ, ਹਾਨ ਤੇ ਲਾਭ ਨੂੰ ਸਹਾਰਨਾ, ਮਾਨ ਤੇ ਅਪਮਾਨ ਨੂੰ ਸਹਾਰਨਾ, ਨਿੰਦਿਆ ਤੇ ਉਸਤਤ ਨੂੰ ਸਮ ਬਿਰਤੀ ਅੰਦਰ ਵਿਚਾਰਨਾ। ਮਿਤਰਾਂ ਨਾਲ, ਦੁਸ਼ਮਣਾਂ ਨਾਲ, ਆਪਣਿਆਂ ਨਾਲ ਅਤੇ ਪਰਾਇਆਂ ਨਾਲ ਵੀ ਸਮਬਿਰਤੀ ਧਾਰਨ ਕਰਨੀ।

**ਦੂਸਰਾ ਦਰਵਾਜਾ ਸੰਤੋਖ** - ਮਿਹਨਤ ਨਾਲ ਕੀਤੀ ਹੋਈ ਕਮਾਈ ਉਤੇ ਸੰਤੋਖ ਕਰਨਾ ਯਥਾ ਲਾਭ ਸੰਤੁਸ਼ਟੇ, ਮਿਹਨਤ ਕਰੋ ਜੀ ਭਰ ਕੇ, ਕਮਾਈ ਕਰੋ, ਦਸਾਂ ਨਹੁੰਆਂ ਦੀ ਕਿਰਤ ਕਰੋ, ਰਿਦੇ ਵਿਚ ਬੇਈਮਾਨੀ ਨਾ ਆਵੇ। ਜੋ ਕੁਝ ਪ੍ਰਾਪਤ ਹੋ ਗਿਆ ਉਹਦੇ ਉਤੇ ਹੀ ਸੰਤੁਸ਼ਟ ਹੋ ਜਾਵੋ। ਗਿਆਨ ਤੇ ਕਰਮ ਇੰਦਰਿਆਂ ਤੇ ਸੰਤੋਖ ਰੱਖੋ। ਅੱਖਾਂ ਤੇ ਸੰਤੋਖ; ***ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ।*** ਕੰਨਾਂ ਤੇ ਸੰਤੋਖ - ***ਕਰਨ ਨ ਸੁਨੇ ਕਾਹੂ ਕੀ ਨਿੰਦਾ॥*** ਹੱਥਾਂ ਤੇ ਸੰਤੋਖ ਰੱਖੋ, ਗੁਰ ਸੇਵਾ ਕਰੇ। ਸੰਸਾਰ ਦੀ ਸੇਵਾ ਕਰੇ। ਬੁਰੇ ਕੰਮ ਨੂੰ ਨਾ ਜਾਣਾ, ਇਹ ਪੈਰਾਂ ਤੇ ਸੰਤੋਖ ਹੁੰਦਾ ਹੈ। ਜਦੋਂ ਜੀਵਨ ਦੇ ਅੰਦਰ ਸੰਤੋਖ ਆ ਗਿਆ, ਸੰਤੁਲਨ ਆ ਗਿਆ, ਸਮ ਆ ਗਿਆ, ਦੋ ਦਰਵਾਜ਼ੇ ਖੁਲ੍ਹ ਗਏ। ਤੀਸਰਾ ਦਰਵਾਜ਼ਾ ਵੀਚਾਰ ਹੈ – ਵਿਚਾਰ ਕਰਨੀ ਕਿ ਮੈਂ ਕੌਣ ਹਾਂ? ਵਾਹਿਗੁਰੂ ਕੌਣ ਹੈ? ਸੰਸਾਰ ਦੇ ਉਤੇ ਕੀ ਕਰਨ ਆਇਆ ਹਾਂ? ਕੀ ਮੈਂ ਇਵੇਂ ਜਿਵੇਂ ਹਾਂ ਕਿ ਮੈਂ ਆਇਆ ਤੇ ਖਤਮ ਹੋ ਗਿਆ? ਕੀ ਮੇਰੀ ਕੋਈ ਜ਼ਿੰਦਗੀ ਇਸ ਤੋਂ ਪਹਿਲਾਂ ਵੀ ਸੀ ਅਤੇ ਮਰਨ ਤੋਂ ਬਾਦ ਵੀ ਹੋਵੇਗੀ? ਜੇ ਮਰਨ ਤੋਂ ਬਾਅਦ ਮੈਨੂੰ ਜ਼ਿੰਦਗੀ ਪ੍ਰਾਪਤ ਹੋਏਗੀ ਉਹ ਕੈਸੀ ਹੋਵੇਗੀ? ਜੇਕਰ ਆਪਣੇ ਆਪ ਨੂੰ ਨਹੀਂ ਪਤਾ ਲਗਦਾ ਤਾਂ ਪੁਛੀਏ ਕਿਸੇ ਨੂੰ ਜਾ ਕੇ ਜਿਨ੍ਹਾਂ ਨੂੰ ਪਤਾ ਹੋਵੇ ਕਿ ਮਰਨ ਤੋਂ ਬਾਅਦ ਵੀ ਕੋਈ ਜੀਵਨ ਹੈ ਜਾਂ ਮਰਨ ਤੋਂ ਬਾਅਦ ਮੈਂ ਖਤਮ ਹੋ ਜਾਂਦਾ ਹਾਂ। ਇਸ ਜੀਵਨ ਵਿਚ ਆਉਣ ਤੋਂ ਪਹਿਲਾਂ ਵੀ ਮੈਂ ਸੀਗਾ ਜਾਂ ਬਿਲਕੁਲ ਨਹੀਂ ਸੀ, ਸੋ ਇਹ ਵਿਚਾਰ ਹੋਇਆ ਕਰਦੀ ਹੈ। ਤੱਤ ਵਿਚਾਰ; ਸੰਸਾਰ ਦੇ ਅੰਦਰ ਤੱਤ ਚੀਜ਼ ਕੀ ਹੈ? ਆਤਮ ਚੀਜ਼ ਕੀ ਹੈ ਅਤੇ ਅਨਾਤਮ ਚੀਜ਼ ਕੀ ਹੈ? ਜਦੋਂ ਅਸੀਂ ਇਸ ਤਰ੍ਹਾਂ ਵਿਚਾਰ ਕਰਾਂਗੇ ਤਾਂ ਤੀਸਰਾ ਦਰਵਾਜ਼ਾ ਖੁਲ੍ਹ ਜਾਵੇਗਾ। ਚੌਥਾ ਦਰਵਾਜ਼ਾ (ਮੁਖ ਦੁਆਰ) ਸਤਿਸੰਗ : ਇਹ ਸਭ ਤੋਂ ਵੱਡਾ ਮੁਖ ਦੁਆਰਾ ਹੋਇਆ ਕਰਦਾ ਹੈ ਪ੍ਰਮੇਸ਼ਰ ਨੂੰ ਮਿਲਣ ਵਾਸਤੇ –

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ - 72*

ਸਤਿਸੰਗ ਵਿਚ ਬੰਦਗੀ ਕਰਨ ਵਾਲੇ ਮਹਾਂਪੁਰਸ਼ ਆਪਣਾ ਅਨੁਭਵ ਪ੍ਰਕਾਸ਼ ਕਰਦੇ ਹਨ ਅਤੇ ਇਸ ਥਾਂ ਤੇ ਜਾ ਕੇ ਜਿਹੜੇ ਮਨ ਦੇ ਅੰਦਰ ਸੰਸੇ ਹੁੰਦੇ ਹਨ, ਪੁੱਛਾਂ ਹੁੰਦੀਆਂ ਹਨ, ਗੁਰੂ ਦੀ ਬਾਣੀ ਦੇ ਪ੍ਰਕਾਸ਼ ਵਿਚ ਸਾਨੂੰ ਪਤਾ ਲਗ ਜਾਂਦਾ ਹੈ, ਮਹਾਰਾਜ ਫ਼ੁਰਮਾਉਂਦੇ ਹਨ ਕਿ ਭਾਈ! 'ਭਈ ਪਰਾਪਤਿ ਮਾਨੁਖ ਦੇਹੁਰੀਆ' ਤੈਨੂੰ ਮਨੁੱਖ ਦੀ ਦੇਹ ਪ੍ਰਾਪਤ ਹੋ ਗਈ ਇਹ ਬਹੁਤ ਵੱਡੀ ਬਾਤ ਹੋ ਗਈ ਕਿਉਂਕਿ ਮਹਾਰਾਜ ਨੇ ਇਹ ਨਹੀਂ ਕਿਹਾ ਕਿ ਤੈਨੂੰ ਜਾਨਵਰ ਦੀ ਦੇਹ ਪ੍ਰਾਪਤ ਹੋ ਗਈ ਜਾਂ ਕਿਸੇ ਪੰਛੀ ਦੀ ਦੇਹ ਪ੍ਰਾਪਤ ਹੋ ਗਈ। ਮਨੁੱਖ ਦੀ ਦੇਹ ਪ੍ਰਾਪਤ ਕਰਕੇ ਤੇਰੇ ਅੱਗੇ ਕੋਈ ਖਾਸ ਕੰਮ ਹੈ, ਇਹ ਜ਼ਰੂਰੀ ਕੰਮ ਹੈ ਜਿਹੜਾ ਤੂੰ ਕਰਨਾ ਹੈ। ਤੂੰ ਐਵੇਂ ਨਹੀਂ ਆਇਆ ਸੰਸਾਰ ਦੇ ਅੰਦਰ ਕਿ ਜ਼ਮੀਨਾਂ ਜਾਇਦਾਦਾਂ ਬਣਾ ਲਵੇ, ਕੋਠੀਆਂ ਬਣਾ ਲਵੇਂ, ਇੰਡਸਟਰੀਆਂ ਚਲਾ ਲਵੇਂ, ਅਹੁਦੇ ਲੈ ਲਵੇਂ, ਇਲੈਕਸ਼ਨਾਂ ਲੜ ਲਵੇਂ ਜਾਂ ਬਹੁਤ ਪੜ੍ਹਾਈ ਕਰ ਲਵੇਂ, ਪ੍ਰੋਫ਼ੈਸਰ ਬਣ ਜਾਵੇਂ, Ph.D. ਕਰ ਲਵੇ, ਚੰਗਾ ਬੁਲਾਰਾ ਬਣ ਜਾਵੇਂ, ਕੀਰਤਨ ਕਰਨ ਵਾਲਾ ਬਣ ਜਾਵੇਂ, ਚੰਗਾ ਕਿਸਾਨ ਬਣ ਜਾਵੇਂ, ਚੰਗਾ ਵਪਾਰੀ ਬਣ ਜਾਵੇਂ। ਨਹੀਂ ਭਾਈ! ਇਹ ਚੀਜ਼ਾਂ ਤਾਂ ਹੋਰ ਨੇ ਲੇਕਿਨ ਜੋ ਕੁਛ ਤੂੰ ਕਰਨ ਵਾਸਤੇ ਆਇਆ ਹੈਂ, ਉਹ ਇਕੋ

ਚੀਜ਼ ਹੈ, ਉਹ ਤੈਨੂੰ ਯਾਦ ਕਰਾਉਣੀ ਹੈ ਕਿ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਜਿਸ ਨੂੰ ਤੂੰ ਭੁਲਿਆ ਬੈਠਾਂ ਹੈਂ, ਤੇਰੇ ਯਾਦ ਨਹੀਂ ਆ ਰਹੀ। ਤੂੰ ਐਨਾ ਭੋਲੇਪਨ 'ਚ ਆ ਗਿਆ, ਅਵਿਦਿਆ (illusion) 'ਚ ਆ ਗਿਆ ਕਿ ਤੈਨੂੰ ਪਤਾ ਨਹੀਂ ਲਗਦਾ ਕਿ ਮੇਰਾ ਟਾਈਮ ਲੰਘਦਾ ਤੁਰਿਆ ਜਾਂਦਾ ਹੈ। ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਤੇਰੀ ਛਿਨ ਛਿਨ ਕਰਕੇ ਅਉਧ (ਉਮਰ) ਬੀਤਦੀ ਜਾ ਰਹੀ ਹੈ ਤੇ ਹੁਣ ਤੇਰੇ ਕੋਲ ਮੌਕਾ ਹੈ ਤੂੰ ਇਸ ਕੰਮ ਨੂੰ ਕਰ ਲੈ। ਦਿਨ ਰਾਤ ਉਪਦੇਸ਼ ਹੋ ਰਹੇ ਹਨ, ਰੇਡੀਓ ਤੋਂ ਪ੍ਰਸਾਰਤ ਹੋ ਰਹੇ ਹਨ, ਕੀਰਤਨ ਹੋ ਰਹੇ ਹਨ, ਲਾਊਡ ਸਪੀਕਰ ਲਾ ਕੇ ਸੋਹਣੇ ਰਸੀਲੇ ਕੀਰਤਨ ਅਸੀਂ ਸਰਵਣ ਕਰ ਰਹੇ ਹਾਂ। ਲੇਕਿਨ ਕੀ ਵਜ੍ਹਾ ਹੈ ਕਿ ਦੁਨੀਆਂ ਵਿਚ ਸੁਖ ਆਉਣ ਦੀ ਥਾਂ ਦੁਖ ਵਧਦਾ ਤੁਰਿਆ ਜਾ ਰਿਹਾ ਹੈ। ਸੰਸਾਰ ਦੇ ਵਿਚ ਕੋਈ ਹੈ ਜਿਹੜਾ ਇਸ ਦਾ ਜਵਾਬ ਦੇਵੇ? ਅਸੀਂ ਯਤਨ ਸੁਖ ਦੇ ਕਰ ਰਹੇ ਹਾਂ। ਸਾਇੰਸ ਆਉਣ ਦੇ ਨਾਲ ਅਨੇਕਾਂ ਮੁਸ਼ਕਲਾਂ ਹੱਲ ਹੋ ਗਈਆਂ ਜਿਥੇ ਅੱਗੇ ਅਸੀਂ ਪੈਦਲ ਜਾਂਦੇ ਥਕ ਜਾਂਦੇ ਸਾਂ, ਹੁਣ ਕਾਰਾਂ ਤੇ ਬੱਸਾਂ ਤੇ ਹਵਾਈ ਜਹਾਜ਼ਾਂ ਤੇ ਚੜ੍ਹ ਜਾਂਦੇ ਹਾਂ। ਤਕਲੀਫ ਕੋਈ ਨਹੀਂ ਰਹੀ, ਦਰਵਾਜ਼ੇ ਤਕ ਪੱਕੀ ਸੜਕ ਆ ਗਈ। ਪਿਛਲੇ ਜ਼ਮਾਨਿਆਂ ਦੇ ਅੰਦਰ ਧੂੜ ਨਾਲ ਘਰ ਭਰ ਜਾਂਦੇ ਸੀ, ਕੱਚੇ ਰਸਤਿਆਂ ਵਿਚ ਤੁਰਦੇ ਥਕ ਜਾਂਦੇ ਸੀ। ਸਭ ਕੁਝ ਅਸੀਂ ਕਰਦੇ ਤੁਰੇ ਜਾ ਰਹੇ ਹਾਂ ਲੇਕਿਨ ਸੁਖ ਆਉਣ ਦੀ ਥਾਂ ਤੇ ਦੁਖ ਅੱਗੇ ਤੋਂ ਅੱਗੇ ਵਧਦਾ ਤੁਰਿਆ ਜਾ ਰਿਹਾ ਹੈ। ਮਨ ਵਿਚ ਅਸ਼ਾਂਤੀ ਉਦਾਸੀਆਂ ਪੈਦਾ ਕਰ ਰਹੀ ਹੈ।

ਕੀ ਸੁਖ ਉਹ ਪਰਛਾਵਾਂ ਹੈ ਜਿਸ ਨੂੰ ਅਸੀਂ ਕਦੇ ਵੀ ਹਾਸਲ ਨਹੀਂ ਕਰ ਸਕਦੇ? ਜਾਂ ਫਿਰ ਸਾਡੀ ਪਹੁੰਚ (approach) ਵਿਚ ਫਰਕ ਹੈ। ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਭਾਈ ਤੁਹਾਡੀ ਤਲਾਸ਼ ਵਿਚ ਫਰਕ ਹੈ ਤੁਹਾਡੇ ਤਰੀਕੇ ਵਿਚ ਫਰਕ ਹੈ। ਕਿਉਂਕਿ ਜਿਸ ਥਾਂ ਤੇ ਸੁਖ ਦੀ ਪ੍ਰਾਪਤੀ ਹੋਣੀ ਹੈ ਉਸ ਥਾਂ ਤੇ ਖੋਜਣ ਦਾ ਯਤਨ ਨਹੀਂ ਕਰਦੇ ਅਤੇ ਜਿਹੜੀ ਚੀਜ਼ ਤੋਂ ਤੁਹਾਨੂੰ ਸੁਖ ਪ੍ਰਾਪਤ ਨਹੀਂ, ਉਹ ਦੇ ਵਾਸਤੇ ਤੁਸੀਂ ਦਿਨ ਰਾਤ ਯਤਨ ਕਰਦੇ ਹੋ। ਮਿਸਾਲ ਦੇ ਨਾਲ ਗੱਲ ਸਮਝ ਵਿਚ ਆ ਜਾਵੇਗੀ।

ਇਕ ਵਾਰੀ ਇਕ ਰਾਜੇ ਦੀ ਲੜਕੀ ਬਹੁਤ ਕੀਮਤੀ ਹਾਰ ਪਹਿਨ ਕੇ ਇਸ਼ਨਾਨ ਕਰਨ ਵਾਸਤੇ ਗਈ। ਦਰਿਆ ਤੇ ਚਲੀ ਗਈ, ਇਸ਼ਨਾਨ ਕੀਤਾ, ਨਾਲ ਬਹੁਤ ਸਾਰੀਆਂ ਸਖੀਆਂ, ਸਹੇਲੀਆਂ ਹਨ। ਇਸ਼ਨਾਨ ਕਰਨ ਤੋਂ ਬਾਦ ਜਦ ਬਸਤਰ ਪਹਿਨਣੇ ਸ਼ੁਰੂ ਕੀਤੇ ਤਾਂ ਰਾਜੇ ਦੀ ਲੜਕੀ ਦਾ ਹਾਰ ਨਹੀਂ ਲੱਭ ਰਿਹਾ। ਬੜੇ ਪਰੇਸ਼ਾਨ ਹੋਏ ਬੜਾ ਕੀਮਤੀ ਹਾਰ ਹੈ ਇਧਰ ਦੇਖ, ਉਧਰ ਦੇਖ ਸਾਰੇ ਤਲਾਸ਼ ਕੀਤੀ ਪਰ ਮਿਲ ਨਹੀਂ ਰਿਹਾ। ਅਖੀਰ ਰਾਜੇ ਤਕ ਗੱਲ ਪਹੁੰਚੀ, ਉਸ ਨੇ ਵੀ ਤਲਾਸ਼ ਕਰਵਾਈ ਪਰ ਕਿਤੇ ਹਾਰ ਦਾ ਪਤਾ ਨਾ ਮਿਲਿਆ ਉਸ ਨੇ ਡੌਂਡੀ ਪਿਟਵਾ ਦਿਤੀ ਕਿ ਇਕ ਲੱਖ ਰੁਪਿਆ ਉਸ ਆਦਮੀ ਨੂੰ ਮਿਲੇਗਾ ਜਿਹੜਾ ਹਾਰ ਦਾ ਪਤਾ ਦਸ ਦੇਵੇ। ਬੇਅੰਤ ਦੁਨੀਆਂ ਏਸ ਕੰਮ ਤੇ ਲਗ ਗਈ, ਲੇਕਿਨ ਸਭ ਨਿਰਾਸ ਹੋ ਗਏ ਕਿਸੇ ਨੂੰ ਵੀ ਹਾਰ ਨਹੀਂ ਲੱਭ ਰਿਹਾ।

ਇਕ ਦਿਨ ਇਕ ਲੱਕੜਹਾਰਾ, ਲੱਕੜਾਂ ਵੱਢ ਕੇ ਕਿਸੇ ਘਣੇ ਜੰਗਲ ਦੇ ਅੰਦਰ ਬੈਠਾ ਪਾਣੀ ਪੀਣ ਵਾਸਤੇ ਇੰਤਜ਼ਾਰ ਕਰ ਰਿਹਾ ਹੈ ਕਿ ਗਰਮੀ ਸੁਕ ਜਾਵੇ ਤੇ ਮੈਂ ਆਪਣੀ ਪਿਆਸ ਬੁਝਾਵਾਂ। ਅਚਾਨਕ ਉਸ ਦੀ ਨਜ਼ਰ ਸਰੋਵਰ ਦੇ ਤਲ ਤੇ ਪਈ, ਕੀ ਦੇਖਦਾ ਹੈ ਕਿ ਪਾਣੀ ਵਿਚ ਹਾਰ ਵਰਗੀ ਕੋਈ ਚੀਜ਼ ਪਈ ਹੈ ਅਤੇ ਨਿਗ੍ਹਾ ਲਾ ਕੇ ਦੇਖਿਆ ਕਿ ਹਾਰ ਪਿਆ ਹੈ। ਬੜਾ ਪ੍ਰਸੰਨ ਹੋਇਆ ਕਿਉਂਕਿ ਉਸ ਨੇ ਵੀ ਡੌਂਡੀ ਸੁਣੀ ਸੀ, ਢੋਲ ਦੇ ਨਾਲ ਐਲਾਨ ਸੁਣਿਆ ਸੀ। ਹੋਵੇ ਨਾ ਇਹ ਰਾਜੇ ਦੀ ਲੜਕੀ ਦਾ ਹਾਰ ਨਾ ਹੋਵੇ ਤੇ ਮੈਂ ਲੱਖ ਪਤੀ ਬਣ ਜਾਵਾਂਗਾ। ਖੁਸ਼ੀ ਹੋ ਗਈ, ਪਾਣੀ ਪੀਣਾ ਭੁੱਲ ਗਿਆ ਤੇ ਉਸ ਨੇ ਸਰੋਵਰ ਵਿਚ ਜਿਥੇ ਹਾਰ ਪਿਆ ਸੀ ਟੁਭੀ ਮਾਰੀ, ਬਹੁਤ ਗਹਿਰੀ ਟੁਭੀ ਮਾਰ ਕੇ ਉਥੇ ਤਕ ਪਹੁੰਚਿਆ ਜਿਥੇ ਹਾਰ ਪਿਆ ਸੀ, ਜਾ ਕੇ ਹਾਰ ਨੂੰ ਹੱਥ ਪਾਇਆ ਲੇਕਿਨ ਗਾਰਾ ਹੱਥ ਵਿਚ ਆ ਗਿਆ। ਦੋ ਚਾਰ ਵਾਰੀ ਇਸੇ ਤਰ੍ਹਾਂ ਕੀਤਾ ਤੇ ਅਖੀਰ ਨਿਰਾਸ਼ ਹੋ ਕੇ ਕਹਿਣ ਲੱਗਿਆ ਕਿ ਰਾਜੇ ਨੇ ਇਹ ਵੀ ਤਾਂ ਕਿਹਾ ਸੀ ਕਿ ਜਿਹੜਾ ਮੈਨੂੰ ਹਾਰ ਦਾ ਪਤਾ ਦਸ ਦੇਵੇ ਉਸ ਨੂੰ ਵੀ ਉਨਾਂ ਹੀ ਇਨਾਮ ਦੇਵਾਂਗਾ। ਘਰ ਲੱਕੜਾਂ ਛੱਡ ਕੇ ਕਾਹਲੀ ਕਾਹਲੀ ਰਾਜੇ ਦੇ ਪਾਸ ਪਹੁੰਚਿਆ। ਕਹਿਣ ਲੱਗਾ, ਰਾਜਨ! ਹਾਰ ਦਾ ਮੈਨੂੰ ਪਤਾ ਲੱਗ ਗਿਆ ਹੈ ਲੇਕਿਨ ਮੈਥੋਂ ਨਿਕਲਿਆ ਨਹੀਂ। ਰਾਜੇ ਦੇ ਪੁਛਣ ਤੇ ਉਸ ਨੇ ਦਸਿਆ ਕਿ ਜੰਗਲ ਦੇ ਅੰਦਰ ਇਕ ਸਰੋਵਰ ਹੈ ਉਸ ਦੇ ਵਿਚ ਹਾਰ ਪਿਆ ਹੈ। ਰਾਜੇ ਨੇ ਗੋਤਾਖੋਰ ਨਾਲ ਲਏ ਉਥੇ ਪਹੁੰਚ ਗਏ ਅਤੇ ਉਸ ਦੇ ਨਾਲ ਹੋਰ ਅਹਿਲਕਾਰ ਵੀ ਪਹੁੰਚ ਗਏ। ਗੋਤਾਖੋਰ, ਗੋਤੇ ਮਾਰ ਮਾਰ ਕੇ ਥੱਕ ਗਏ ਲੇਕਿਨ ਹਾਰ ਹੱਥ ਵਿਚ ਨਹੀਂ ਆ ਰਿਹਾ ਮਿੱਟੀ ਕੱਢ ਰਹੇ ਨੇ। ਪਾਣੀ ਗੰਧਲ ਜਾਂਦਾ ਹੈ ਫੇਰ ਟਿਕਾਉਂਦੇ ਨੇ, ਫੇਰ ਨਿਸ਼ਾਨਾ ਲਾ ਕੇ ਦੇਖਦੇ ਨੇ, ਹੈਰਾਨ ਹੁੰਦੇ ਨੇ ਕਿ ਹਾਰ ਹੱਥ ਵਿਚ ਕਿਉਂ ਨਹੀਂ ਆ ਰਿਹਾ ਜਦ ਕਿ ਪਿਆ ਨਜ਼ਰ ਆਉਂਦਾ ਹੈ। ਕੋਈ ਭੁਲੇਖਾ ਹੈ ਜਾਂ ਕੋਈ ਛਲਾਵਾ ਹੈ ਕਿ ਹਾਰ ਹੱਥ ਵਿਚ ਨਹੀਂ ਆ ਰਿਹਾ। ਕੋਈ ਮਹਾਤਮਾ ਸੋਝੀ ਵਾਲੇ ਉਥੇ ਆ ਗਏ ਤੇ ਕਹਿਣ ਲੱਗੇ ਭਾਈ! ਜੰਗਲ ਦੇ ਅੰਦਰ ਕੀ ਰੌਲਾ ਰੱਪਾ ਹੈ। ਰਾਜਾ ਸਤਿਕਾਰ ਨਾਲ ਕਹਿਣ ਲੱਗਿਆ ਕਿ ਮਹਾਂਪੁਰਸ਼ੋ! ਮੇਰੀ ਲੜਕੀ (ਸਹਿਜ਼ਾਦੀ) ਦਾ ਹਾਰ ਗੁਆਚ ਗਿਆ ਹੈ ਪਰ ਲੱਭ ਨਹੀਂ ਰਿਹਾ। ਕਿਥੇ ਹੈ ਭਾਈ? ਰਾਜਾ ਕਹਿਣ ਲੱਗਾ ਕਿ ਹੁਣ ਪਾਣੀ ਟਿਕ ਗਿਆ ਹੈ। ਦੇਖੋ, ਉਹ ਪਿਆ ਹੈ, ਨਜ਼ਰ ਆ ਰਿਹਾ ਹੈ, ਕਹਿੰਦੇ ਕੀ ਯਤਨ ਕਰਦੇ ਹੋ? ਰਾਜਾ ਕਹਿਣ ਲੱਗਾ ਕਿ ਮਹਾਰਾਜ! ਗੋਤਾਖੋਰ ਗੋਤੇ ਮਾਰ ਰਹੇ ਹਨ ਅਤੇ ਹੁਣ ਤਾਂ ਮੈਂ ਕਹਿ ਦਿਤਾ ਹੈ ਕਿ ਟੋਕਰੀਆਂ ਲੈ ਲਵੋ ਤੇ ਉਸ ਥਾਂ ਦੀ ਮਿੱਟੀ ਵੀ ਬਾਹਰ ਕੱਢ ਲਿਆਵੋ। ਲੇਕਿਨ ਹਾਰ ਅਜੇ ਤਕ ਹੱਥ ਵਿਚ ਨਹੀਂ ਆਇਆ। ਮਹਾਤਮਾ ਕਹਿਣ ਲੱਗੇ, "ਰਾਜਨ! ਤੁਹਾਡੀ approach ਦੇ ਅੰਦਰ ਥੋੜ੍ਹਾ ਜਿਹਾ ਫਰਕ ਪੈ ਗਿਆ। ਹਾਰ ਤਾਂ ਤੁਸੀਂ ਦੇਖ ਲਿਆ, ਤੁਹਾਡੇ ਅਨੁਭਵ ਵਿਚ ਆ ਗਿਆ ਕਿ ਇਹ ਹਾਰ ਪਿਆ ਹੈ ਲੇਕਿਨ ਉਹ ਥਾਂ ਨਹੀਂ ਲੱਭ ਸਕਿਆ ਜਿਸ ਥਾਂ ਤੋਂ ਹਾਰ ਨੇ ਮਿਲਣਾ ਹੈ। ਉਨ੍ਹਾਂ ਨੇ ਇਕ ਹਲਕੇ ਜਿਹੇ ਬੰਦੇ ਨੂੰ ਪਾਸ ਬੁਲਾਇਆ, ਕਹਿਣ ਲੱਗੇ ਕਾਕਾ! ਇਸ ਦਰਖਤ ਤੇ ਚੜ੍ਹ ਜਾ, ਉਹ ਉਪਰ ਦੇਖ ਉਹ ਟਾਹਣਾ, ਉਸ ਉਤੇ ਹਾਰ ਲਟਕ ਰਿਹਾ ਹੈ, ਉਸ ਹਾਰ ਦਾ ਪਰਛਾਵਾਂ ਪਾਣੀ ਵਿਚ ਪੈ ਰਿਹਾ ਹੈ। ਉਹ ਉਪਰ ਚੜ੍ਹ ਗਿਆ, ਟਾਹਣੇ ਤੋਂ ਹਾਰ

ਲਾਹ ਕੇ ਲੈ ਆਇਆ ਤੇ ਰਾਜੇ ਨੂੰ ਸੌਂਪ ਦਿਤਾ।

ਸੋ ਇਹ ਦ੍ਰਿਸ਼ਟਾਂਤ ਹੈ ਕਿ ਉਸ ਚੀਜ਼ ਤੋਂ ਸੁਖ ਦੀ ਤਾਲਾਸ਼ ਕਰ ਰਿਹਾ ਹੈ ਜਿਥੇ ਸੁਖ ਦਾ ਪ੍ਰਤੀਬਿੰਬ ਪੈ ਰਿਹਾ ਹੈ। ਜਿਸ ਥਾਂ ਦੇ ਉਤੇ ਸੁਖ ਦਾ ਨਿਵਾਸ ਹੈ ਉਸ ਨੂੰ ਜਾਣ ਨਹੀਂ ਰਿਹਾ ਕਿ ਸੁਖ ਦਾ ਨਿਵਾਸ ਕਿਥੇ ਹੈ।

ਵਾਹਿਗੁਰੂ ਜੀ ਨੇ ਜਦੋਂ ਇਹ ਸਰੀਰ ਬਣਾਇਆ, ਇਹਦੇ ਅੰਦਰ ਐਨਾ ਸੁਖ ਪਾ ਦਿਤਾ ਜੋ ਆਪ ਦੀ ਦਰਗਾਹ ਦਾ ਸੁੱਖ ਸੀ ਉਹ ਇਸ ਸਰੀਰ ਵਿਚ ਪਾ ਦਿਤਾ ਕਿਉਂਕਿ ਇਸ ਸਰੀਰ ਨੂੰ ਪ੍ਰਮੇਸ਼ਰ ਦਾ ਮੰਦਰ ਆਖਦੇ ਨੇ।

*ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟਿ ਹੀ ਤੀਰਥ ਨਾਵਾ।।*
*ਪੰਨਾ - 795*

ਇਸ ਦੇ ਸਰੀਰ ਵਿਚ ਇਹ ਸਭ ਤੋਂ ਵੱਡਾ ਤੀਰਥ ਹੈ, ਜਿਸ ਦੇ ਨਾਹੁਣ ਦਾ ਫਲ ਇਹ ਹੈ ਕਿ ਵਾਹਿਗੁਰੂ ਦਰਸ਼ਨ ਦੇ ਦਿੰਦਾ ਹੈ। ਬਾਕੀ ਜੋ ਬਾਹਰਲੇ ਤੀਰਥ ਹਨ ਜੇਕਰ ਉਨ੍ਹਾਂ ਤੀਰਥਾਂ ਤੇ ਇਸ਼ਨਾਨ ਕਰੋ, ਜਿਵੇਂ ਗੰਗਾ ਜੀ, ਗੋਦਾਵਰੀ ਜੀ, ਗਯਾ ਜੀ ਅਤੇ ਕੁਰਕਸ਼ੇਤਰ ਆਦਿ ਤੇ ਨਾਵੋ ਤਾਂ ਹਰ ਤੀਰਥ ਦਾ ਇਕ ਫਲ ਹੋਇਆ ਕਰਦਾ ਹੈ ਲੇਕਿਨ ਪ੍ਰਮੇਸ਼ਰ ਨੇ ਇਹਦੇ ਅੰਦਰ ਜੋ ਤੀਰਥ ਬਣਾਇਆ ਹੈ ਇਸ ਨੂੰ ਮਹਾਰਾਜ ਜੀ ਨੇ ਆਤਮ ਤੀਰਥ ਆਖਿਆ ਹੈ -

*ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥*
*ਪੰਨਾ - 974*

ਨਿਸ਼ਾਨੀ ਵੀ ਦਸ ਦਿਤੀ ਕਿ ਇੜਾ, ਪਿੰਗਲਾ ਅਤੇ ਸੁਖਮਨਾ ਤਿੰਨ ਨਾੜੀਆਂ ਦਾ ਜਿਥੇ ਸੰਗਮ ਹੁੰਦਾ ਹੈ ਉਸ ਥਾਂ ਤੇ ਆਤਮ ਤੀਰਥ ਦਾ ਨਿਵਾਸ ਹੁੰਦਾ ਹੈ। ਜੇ ਕੋਈ ਏਸ ਗੱਲ ਦੀ ਸੋਝੀ ਜਾਣੇ ਤਾਂ ਕੀ ਹੁੰਦਾ ਹੈ -

*ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥*
*ਪੰਨਾ - 468*

ਆਤਮਾ ਦੇ ਤੀਰਥ ਤੇ ਨਿਵਾਸ ਕਰਨ ਦੀ ਕਿਸੇ ਨੂੰ ਜੇਕਰ ਜਾਂਚ ਆ ਜਾਵੇ ਤਾਂ ਫੇਰ ਕੀ ਹੋਇਆ ਕਰਦਾ ਹੈ? ਸੱਚ ਦੀ ਪਛਾਣ ਹੋ ਜਾਂਦੀ ਹੈ, ਉਥੋਂ ਇਸ਼ਨਾਨ ਕਰਕੇ ਵਾਪਸ ਨਾ ਆਵੇ ਸਗੋਂ ਸਤਿਗੁਰੂ ਨੂੰ ਪੁਛ ਲਵੇ ਕਿ ਮੈਂ ਬਹਿ ਜਾਵਾਂ, ਕੀ ਮੈਨੂੰ ਟਿਕਾਣਾ ਮਿਲ ਸਕਦੈ? ਮਹਾਰਾਜ ਫੁਰਮਾਨ ਕਰਦੇ ਨੇ ਪਿਆਰਿਆ! ਤੂੰ ਆਤਮ ਤੀਰਥ ਦਾ ਇਸ਼ਨਾਨ ਕਰ ਲੈ, ਤੈਨੂੰ ਮਹਾਂਅਨੰਦ ਪ੍ਰਾਪਤ ਹੋ ਜਾਵੇਗਾ। ਇਹ ਕੇਵਲ ਤੀਰਥ ਨਹੀਂ ਹੈ, ਇਹ ਤਾਂ ਅੰਮ੍ਰਿਤ ਦਾ ਕੁੰਡ ਹੈ ਜਿਸ ਦੇ ਬਾਰੇ ਸੰਕੇਤ ਹੈ-

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ।।*
*ਪੰਨਾ - 644*

ਉਸ ਅੰਮ੍ਰਿਤ ਦੇ ਤੀਰਥ ਤੇ ਜਦ ਤੂੰ ਇਸ਼ਨਾਨ ਕਰੇਂਗਾ ਤੈਨੂੰ ਪਰਮ ਸੁਖ ਦੀ ਪ੍ਰਾਪਤੀ ਹੋ ਜਾਵੇਗੀ। ਤੂੰ ਸੁਖ ਬਾਹਰ ਭਾਲਦਾ ਫਿਰਦਾ ਹੈਂ, ਸੁਖ ਤੇਰੇ ਅੰਦਰ ਭਰਿਆ ਪਿਆ ਹੈ। ਮਹਾਰਾਜ ਕਹਿ ਰਹੇ ਹਨ, ਹੈਰਾਨੀ ਦੀ ਗੱਲ ਹੈ, ਪੜ੍ਹੇ ਲਿਖੇ ਵੀ ਦੇਖੇ, ਵੇਦਾਂ ਦੇ ਅਰਥ ਕਰਨ ਵਾਲੇ ਵੀ ਦੇਖੇ, ਸਾਸ਼ਤਰਾਂ ਦੀ ਵਿਆਖਿਆ ਕਰਨ ਵਾਲੇ, ਹੋਰ ਅਨੇਕਾਂ ਸਮਾਧੀਆਂ ਲਾਉਣ ਵਾਲੇ ਅਤੇ ਪ੍ਰਾਣਾਯਾਮ ਕਰਨ ਵਾਲੇ ਸਭ ਦੇਖੇ, ਪਰੰਤੂ ਸਭ ਆਪਣੇ ਨੁਕਤੇ ਤੋਂ ਖੁੰਝੇ ਹੋਏ ਹਨ -

*ਐਸਾ ਜਗੁ ਦੇਖਿਆ ਜੂਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਪੰਨਾ - 222*

ਨਾਮ ਨੂੰ ਭੁੱਲ ਕੇ ਸਾਰਾ ਸੰਸਾਰ ਸੁਖ ਮੰਗਦਾ ਹੈ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੁਖ ਮੰਗਦੀ ਦੁਨੀਆਂ ਜੀ,*
*ਨਾਮ ਨੂੰ ਭੁੱਲ ਕੇ, ਨਾਮ ਨੂੰ ਭੁੱਲ ਕੇ - 2, 2.*
*ਨਾਮ ਨੂੰ ਭੁਲ ਕੇ..........2, 2*
*ਸੁਖ ਮੰਗਦੀ ਦੁਨੀਆਂ ਜੀ.......... 2*

ਸਾਰਾ ਸੰਸਾਰ ਹੀ ਇਹੋ ਜਿਹਾ ਜੂਏ ਬਾਜ ਹੈ ਕਿ ਨਾਮ ਨੂੰ ਭੁੱਲ ਕੇ ਸੁਖ ਚਾਹੁੰਦਾ ਹੈ ਕਿਉਂਕਿ ਇਸ ਨੂੰ ਪਤਾ ਨਹੀਂ ਕਿ ਅਸਲੀ ਚੀਜ਼ ਪਰਛਾਵੇਂ ਵਿਚੋਂ ਨਹੀਂ ਮਿਲੇਗੀ, ਬਿੰਬ ਵਿਚੋਂ ਮਿਲੇਗੀ ਜਾਂ ਅਸਲ ਥਾਂ ਤੇ ਪਹੁੰਚ ਕੇ ਮਿਲੇਗੀ। ਸੰਸਾਰ ਦੇ ਅੰਦਰ ਪੰਜ ਤਰ੍ਹਾਂ ਦੇ ਸੁਖ ਮੰਨੇ ਹਨ। ਪਹਿਲਾ ਸੁਖ ਹੈ ਕਿ ਜਾਣੋ ਮਨ ਦੇ ਅੰਦਰ ਕੋਈ ਵਾਸ਼ਨਾ ਆ ਜਾਵੇ ਕਿ ਮੇਰਾ ਪਾਸਪੋਰਟ ਬਣ ਜਾਵੇ ਤੇ ਮੈਂ ਅਮਰੀਕਾ ਚਲਿਆ ਜਾਵਾਂ, ਇਹ ਇਕ ਵਾਸ਼ਨਾ ਹੈ। ਪਾਸਪੋਰਟ ਬਣ ਜਾਂਦਾ ਹੈ, ਟਿਕਟ ਲੈ ਲੈਂਦਾ ਹੈ, ਹਵਾਈ ਜਹਾਜ਼ ਤੇ ਸਵਾਰ ਹੋ ਜਾਂਦਾ ਹੈ ਅਤੇ ਅਮਰੀਕਾ ਪਹੁੰਚ ਜਾਂਦਾ ਹੈ। ਇਹ ਇਕ ਵਾਸ਼ਨਾ ਪੂਰੀ ਹੋ ਗਈ। ਇਹ ਵਾਸ਼ਨਾ ਦਾ ਸੁਖ ਅਖਵਾਉਂਦਾ ਹੈ। ਦੂਸਰਾ ਸੁਖ ਹੋਇਆ ਕਰਦਾ ਹੈ ਮੈਨੂੰ ਫਲਾਣੀ ਚੀਜ਼ ਮਿਲ ਜਾਵੇ, ਬਹੁਤ ਵਧੀਆ ਕਾਰ ਮਿਲ ਜਾਵੇ ਤੇ ਹੋਵੇ ਵੀ ਐਸੀ ਕਿ ਚੰਡੀਗੜ੍ਹ ਵਿਚ ਕਿਸੇ ਪਾਸ ਨਾ ਹੋਵੇ। ਡਰਾਈਵਰ ਵੀ ਹੋਵੇ। ਉਸ ਤੋਂ ਇਲਾਵਾ ਮੇਰੇ ਪਾਸ ਬਹੁਤ ਸਾਰੀਆਂ ਭੋਗਣ ਵਾਲੀਆਂ ਚੀਜ਼ਾਂ ਵੀ ਹੋਣ, ਕਪੜੇ ਲੀੜੇ ਆਦਿ। ਕਿਸੇ ਦੀ ਆਸਾ ਹੈ ਕਿ ਮੇਰੇ ਲੜਕਾ ਹੋ ਜਾਵੇ, ਕਿਸੇ ਦੀ ਹੈ ਕਿ ਮੇਰਾ ਲੜਕਾ ਪੜ੍ਹ ਜਾਵੇ। ਇਹ ਸਾਰੇ ਵਿਸ਼ੇ ਪਦਾਰਥਾਂਦੇ ਸੁਖ ਹੁੰਦੇ ਹਨ ਅਤੇ ਇਸ ਨੂੰ ਵਿਸ਼ੇ ਸੁਖ ਆਖਦੇ ਹਨ। ਪਦਾਰਥਾਂ ਦੀ ਪ੍ਰਾਪਤੀ ਹੋ ਜਾਣੀ, ਵਿਸ਼ੇ ਦੀ ਪ੍ਰਾਪਤੀ ਹੋ ਜਾਣੀ, ਮਨ ਦੇ ਅੰਦਰ ਸੁਖ ਹੋ ਜਾਇਆ ਕਰਦਾ ਹੈ, ਇਹ ਸੁਖ ਪਹਿਲੇ ਨਾਲੋਂ ਕੁਝ ਜ਼ਿਆਦਾ ਹੋਇਆ ਕਰਦਾ ਹੈ। ਤੀਸਰਾ ਸੁਖ ਹੁੰਦਾ ਹੈ ਕਿ ਵਿਦਿਆ ਗ੍ਰਹਿਣ ਕਰਕੇ ਬਹੁਤ ਸਾਰੀਆਂ ਪੁਸਤਕਾਂ ਪੜ੍ਹ ਕੇ ਮਨ ਦੇ ਅੰਦਰ ਐਸੀਆਂ quotations (ਸਿਧਾਂਤ, ਉਦਾਹਰਣਾਂ, ਪ੍ਰਮਾਣ) ਯਾਦ ਹੋ ਗਈਆਂ, ਐਸਾ ਲੈਕਚਰ ਦੇਣ ਲਗ ਪਿਆ ਕਿ ਲੋਕ ਧੰਨ ਧੰਨ ਕਹਿੰਦੇ ਹਨ, ਮਾਨਤਾ ਹੋ ਰਹੀ ਹੈ, ਹਰ ਸਟੇਜ ਤੋਂ ਸੱਦੇ ਆ ਰਹੇ ਹਨ ਕਿ ਸਾਡੇ ਆ ਕੇ ਲੈਕਚਰ ਦੇਵੋ। ਬੜੇ ਬੜੇ ਸਮਾਗਮਾਂ ਦੇ ਅੰਦਰੋਂ, ਯੂਨੀਵਰਸਿਟੀਆਂ 'ਚੋਂ ਬੁਲਾਵੇ ਆ ਰਹੇ ਨੇ ਕਿ ਸਾਡੇ ਆ ਕੇ ਤੁਸੀਂ ਬੋਲੋ। ਐਸੀ ਵਿਦਿਆ ਪ੍ਰਾਪਤ ਕਰ ਲਈ ਭਾਵੇਂ ਦੁਨਿਆਵੀ ਹੈ ਜਾਂ ਪ੍ਰਮਾਰਥਕ ਹੈ, ਉਸ ਦੇ ਨਾਲ ਸੁਖ ਪ੍ਰਾਪਤ ਹੁੰਦਾ ਹੈ।

ਚੌਥਾ ਸੁਖ ਹੁੰਦਾ ਹੈ ਕਿ ਬੰਦਗੀ ਕਰਨ ਵਾਸਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਿਆ, ਇਕਾਂਤ ਥਾਂ ਤੇ ਚੌਂਕੜਾ ਮਾਰ ਕੇ ਨਾਮ ਨਾਲ ਬਿਰਤੀ ਲਾਈ, ਜਿਉਂ-ਜਿਉਂ ਨਾਮ ਦੇ ਨਾਲ ਬਿਰਤੀ ਲਗਦੀ ਹੈ ਤਿਉਂ-ਤਿਉਂ ਆਦਮੀ ਦੇ ਹਿਰਦੇ ਅੰਦਰ ਬਹੁਤ ਸੁਖ ਪ੍ਰਾਪਤ ਹੋਣ ਲਗਦਾ ਹੈ ਕਿਉਂਕਿ ਮਨ ਇਕਾਗਰ

ਹੋ ਜਾਂਦਾ ਹੈ ਅਤੇ ਸਾਰਾ ਸੁਖ ਹੀ ਇਕਾਗਰਤਾ ’ਚੋਂ ਹੋਇਆ ਕਰਦਾ ਹੈ। ਜੇ ਕਿਸੇ ਦੀ ਦੋ ਕਰੋੜ ਦੀ ਲਾਟਰੀ ਨਿਕਲ ਆਵੇ, ਟੈਲੀਗਰਾਮ ਆ ਗਈ, ਸੈਂਕੜੇ ਬੰਦੇ ਵਧਾਈਆਂ ਦੇਣ ਆ ਗਏ। ਕੀ ਹੋਏਗਾ? ਇਕ ਮਿੰਟ ਤਾਂ ਬਹੁਤਾ, ਅੱਧਾ ਮਿੰਟ ਵੀ ਬਹੁਤਾ ਹੁੰਦੈ, ਮਿੰਟ ਦਾ ਚੌਥਾ ਹਿੱਸਾ ਮਨ ਇਕਾਗਰ ਹੋ ਗਿਆ। ਉਹਦੇ ਵਿਚ ਸੋਚ ਰੁਕ ਗਈ, ਮਨ ਦੀ ਚਾਲ ਰੁਕ ਗਈ, ਸੋਚ ਰੁਕਣ ਤੇ ਮਨ ਦੀ ਚਾਲ ਰੁਕਣ ਦੇ ਨਾਲ ਮਨ ਆਪਣੇ ਸੋਮੇ ਸਤਿ, ਚਿਤ, ਅਨੰਦ ਪ੍ਰਭੂ ਹੋਂਦ ਨਾਲ ਟਕਰਾ ਗਿਆ ਕਿਉਂਕਿ ਉਹਦੇ ਅੰਦਰ ਵਾਹਿਗੁਰੂ ਵਸਦਾ ਹੈ, ਉਥੇ ਉਸ ਨੇ ਗੋਤਾ ਖਾ ਲਿਆ ਤੇ ਨਤੀਜਾ ਇਹ ਹੋਇਆ ਕਿ ਸੁਖ ਸਾਂਭਿਆ ਨਹੀਂ ਜਾਂਦਾ, ਸਾਰਾ ਸਰੀਰ ਮਿੱਠੀ ਝਰਨਾਹਟ ਨਾਲ ਫਰਕਣ ਲਗ ਪਿਆ, ਰੋਮ ਖੜ੍ਹੇ ਹੋ ਗਏ, ਸੁਖ ਦੇ ਅੰਦਰ ਪਤਾ ਨਹੀਂ ਲਗਦਾ, ਇਕਾਗਰਤਾ ਹੋਣ ਕਰਕੇ ਪੈਰ ਧਰਤੀ ਤੇ ਨਹੀਂ ਲਗਦਾ। ਸੁਖ ਕਿਤੋਂ ਬਾਹਰੋਂ ਨਹੀਂ ਆਉਂਦਾ, ਸੁਖ ਆਦਮੀ ਦੇ ਅੰਦਰ ਹੈ। ਜਦੋਂ ਬਿਰਤੀ ਇਕਾਗਰ ਹੁੰਦੀ ਹੈ ਅਤੇ ਸੁਖ ਮੰਡਲ ਵਿਚ ਮਨ ਪ੍ਰਵੇਸ਼ ਕਰਦਾ ਹੈ ਤਾਂ ਸੁਖ ਲੈ ਕੇ ਬਾਹਰ ਆ ਜਾਂਦਾ ਹੈ।

ਸੋ ਏਸ ਤਰ੍ਹਾਂ ਜਦੋਂ ਨਾਮ ਜਪਦਾ ਹੈ, ਬਿਰਤੀ ਇਕਾਗਰ ਹੋ ਜਾਂਦੀ ਹੈ, ਫੁਰਨੇ ਰੁਕ ਜਾਂਦੇ ਨੇ, ਅਨੰਦ ਆਉਂਦਾ ਹੈ, ਝੂੰਮਦੈ ਅਨੰਦ ਦੇ ਨਾਲ ਤੇ ਹਰ ਰੋਮ ਦੇ ਅੰਦਰ ਖੇੜਾ ਪ੍ਰਤੀਤ ਕਰਦਾ ਹੈ, ਅਨੰਦ ਪ੍ਰਤੀਤ ਕਰਦੈ, ਸੋ ਸੁਖ ਪ੍ਰਾਪਤ ਹੋ ਜਾਂਦਾ ਹੈ। ਇਹ ਸੁਖ ਬਹੁਤ ਦੇਰ ਤਕ ਰਹਿੰਦਾ ਹੈ। ਇਕ ਵਾਰੀ ਬਿਰਤੀ ਲਾ ਕੇ ਚੌਂਵੀ ਘੰਟੇ ਦਾ ਰਸਮਈ ਸੁਖ ਪ੍ਰਾਪਤ ਹੋ ਜਾਂਦਾ ਹੈ। ਲੇਕਿਨ ਜੇ ਨਾਮ ਜਪਣ ਦਾ ਟਾਈਮ ਨਾ ਮਿਲੇ, ਵਿਕਸ਼ੇਪਤਾ ਆ ਜਾਵੇ, ਕੋਈ ਮੁਕਦਮਾ ਲੜਨਾ ਪੈ ਜਾਵੇ, ਕੋਈ ਝਗੜਾ ਝਾਟਾ ਗਲ ਪੈ ਜਾਵੇ, ਕੋਈ ਸਰਕਾਰ ਨਾਲ ਹੀ ਰੋਲਾ ਰੱਪਾ ਪੈ ਜਾਵੇ ਫੇਰ ਬਿਰਤੀ ਇਕਾਗਰ ਨਹੀਂ ਹੁੰਦੀ ਕਿਉਂਕਿ ਇਸ ਨੂੰ ਪਰੇਸ਼ਾਨੀ ਖਿਚਦੀ ਹੈ, ਹੈਰਾਨ ਕਰਦੀ ਹੈ। ਇਹ ਵੀ ਸੁਖ ਦੀ ਪੱਕੀ ਬਿਰਤੀ ਨਹੀਂ ਹੈ। ਭਜਨ ਆਨੰਦ ਤੋਂ ਉਪਰ ਜਿਹੜਾ ਸੁਖ ਹੈ ਉਸ ਨੂੰ ਮਹਾਨ ਸੁਖ ਆਖਿਆ ਜਾਂਦਾ ਹੈ। ਉਸ ਨੂੰ ਬ੍ਰਹਮਅਨੰਦ ਵੀ ਕਹਿੰਦੇ ਹਨ। ਜਿਹੜੇ ਪ੍ਰਮੇਸ਼ਰ ਨੂੰ ਮਿਲ ਲੈਂਦੇ ਹਨ, ਪ੍ਰਮੇਸ਼ਰ ਨੂੰ ਜਾਣ ਜਾਂਦੇ ਹਨ ਅਤੇ ਜਾਣ ਕੇ ਉਨ੍ਹਾਂ ਦੀ ਬਿਰਤੀ ਆਤਮ ਚਿੰਤਨ ਦੇ ਕਰਕੇ, ਆਤਮ ਮੰਡਲ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਉਨ੍ਹਾਂ ਦਾ ਸੁਖ ਕਦੇ ਵੀ ਜਾਂਦਾ ਨਹੀਂ ਹੈ। ਮਹਾਰਾਜ ਫੁਰਮਾਨ ਕਰਦੇ ਹਨ –

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***

*ਪੰਨਾ - 714*

ਜੇ ਤੂੰ ਚਾਹੁੰਨੈ ਕਿ ਮੈਨੂੰ ਐਸਾ ਅਨੰਦ ਪ੍ਰਾਪਤ ਹੋ ਜਾਵੇ ਕਿ ਜਿਹੜਾ ਉਲਟੇ ਮੰਦੇ ਹਾਲਾਤ ਵਿਚ ਵੀ ਨਾ ਟੁੱਟੇ ਤਾਂ ਲਗਾਤਾਰ ਨਿਰੰਤਰ ਉਸ ਵਾਹਿਗੁਰੂ ਨੂੰ ਚੇਤੇ ਰੱਖ।

ਮੁਗਲ ਹਾਕਮਾਂ ਨੇ ਝੂਠਾ ਬਹਾਨਾ ਭਾਲ ਕੇ ਭਾਈ ਮਨੀ ਸਿੰਘ ਨੂੰ ਕਿਹਾ ਕਿ ਤੈਨੂੰ ਬੰਦ ਬੰਦ ਕੱਟੇ ਜਾਣ ਦੀ ਸਜ਼ਾ ਦਿਤੀ ਜਾਂਦੀ ਹੈ ਪਰ ਜੇ ਤੂੰ ਸ਼ਰ੍ਹਾ ਮੁਹੰਮਦੀ ਵਿਚ ਆ ਜਾਵੇਂ ਤਾਂ ਜਾਨ ਬਖਸ਼ੀ ਹੋ ਕੇ ਮਾਣ ਇਜ਼ਤ ਭੀ ਬਖਸ਼ਿਆ ਜਾਵੇਗਾ, ਇਨਕਾਰ ਕਰਨ ਕਰਕੇ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟਣ ਦਾ ਹੁਕਮ ਹੋ ਗਿਆ, ਤਸੀਹੇ ਦੇ ਕੇ ਮਾਰਨ ਦਾ ਹੁਕਮ ਹੋ ਗਿਆ। ਸਜ਼ਾ ਦੇਣ ਵਾਲੀ ਥਾਂ ਤੇ ਉਨ੍ਹਾਂ ਨੂੰ ਲੈ ਆਉਂਦੇ ਹਨ, ਬੇਅੰਤ ਦਰਸ਼ਕ ਖੜ੍ਹੇ ਹਨ, ਭਾਈ ਮਨੀ ਸਿੰਘ ਜੀ ਆ ਰਹੇ ਨੇ, ਕੋਈ ਲੱਤ ਨਹੀਂ ਕੰਬ ਰਹੀ, ਪੈਰ ਨਹੀਂ ਕੰਬ ਰਹੇ, ਸਰੀਰ ਥਰਕਦਾ ਨਹੀਂ ਐ, ਨੇਤਰਾਂ ਦੇ ਅੰਦਰ ਕੋਈ ਪਿਲੱਤਣ ਨਹੀਂ ਆਈ, ਪਰੇਸ਼ਾਨੀ ਪ੍ਰਗਟ ਨਹੀਂ ਹੋ ਰਹੀ, ਚਿਹਰੇ ਉਤੇ ਕੋਈ ਉਦਾਸੀ ਨਹੀਂ ਆਈ। ਜਿਸ ਤਰ੍ਹਾਂ ਪਹਿਲਾਂ ਸੀਗੇ ਉਸੇ ਤਰ੍ਹਾਂ ਨਜ਼ਰ ਆ ਰਹੇ ਨੇ। ਜਲਾਦ ਦੇ ਕੋਲ ਆ ਕੇ ਕਹਿਣ ਲੱਗੇ ਕਿਥੇ ਬੈਠਾਂ? ਉਸ ਨੇ ਇਸ਼ਾਰਾ ਕੀਤਾ ਇਥੇ ਬੈਠ ਜਾਉ। ਜਲਾਦ ਨੇ ਤਲਵਾਰ ਖਿੱਚ ਲਈ, ਕਹਿਣ ਲੱਗਾ, “ਭਾਈ ਮਨੀ ਸਿੰਘਾ! ਸਾਨੂੰ ਹੁਕਮ ਹੋ ਚੁਕਿਆ ਹੈ ਕਿ ਤੈਨੂੰ ਤਸੀਹੇ ਦੇ ਕੇ (with torture) ਮਾਰਨੈ।” ਕਹਿੰਦੇ, “ਕੀ ਹੁਕਮ ਹੈ ਭਾਈ?” ਜਲਾਦ ਬੋਲਿਆ ਕਿ ਤੇਰਾ ਅੰਗ ਅੰਗ ਕੱਟਣਾ ਹੈ। ਦਸੋ ਫੇਰ ਕਿਵੇਂ ਕਰਨੈਂ? ਉਸ ਨੇ ਕਿਹਾ ਕਿ ਕੂਹਣੀ ਐਸ ਅੱਡੇ ਤੇ ਰੱਖ। ਕਹਿਣ ਲੱਗੇ, “ਕਿਉਂ?” ਕਹਿੰਦਾ, “ਇਥੋਂ ਕੱਟਾਂਗਾ ਕੂਹਣੀ ਤੋਂ।” ਭਾਈ ਸਾਹਿਬ ਕਹਿਣ ਲੱਗੇ ਕਿ ਅੰਗ ਇਥੋਂ ਤਾਂ ਸ਼ੁਰੂ ਨਹੀਂ ਹੁੰਦਾ, ਅੰਗ ਤਾਂ ਪਹਿਲਾਂ ਦੇਖ, ਐਹ ਪੰਜ ਉਂਗਲੀਆਂ ਇਸ ਹੱਥ ਦੀਆਂ ਹਨ, ਅਤੇ ਪੰਜ ਦੂਸਰੇ ਹੱਥ ਦੀਆਂ ਹਨ। ਇਨ੍ਹਾਂ ਦੇ ਅੰਦਰ ਤਿੰਨ-ਤਿੰਨ ਜੋੜ ਹਨ ਕਿਉਂਕਿ ਅੰਗ ਅੰਗ ਕਟਣੈ, ਤੂੰ ਡਿਊਟੀ ਪੂਰੀ ਕਿਉਂ ਨਹੀਂ ਕਰਦਾ, ਕਾਹਲੀ ਨਾ ਕਰ। ਤੂੰ ਮੇਰੇ ਸਾਰੇ ਅੰਗ (joints) ਕੱਟ, ਪਹਿਲਾਂ ਚੀਚੀ ਦਾ ਲੈ, ਫੇਰ ਦੂਜੀ ਉਂਗਲੀ ਦਾ, ਫੇਰ ਤੀਸਰੀ ਦਾ, ਜੇ ਮੈਂ ਚਾਰੇ ਉਂਗਲੀਆਂ ਰੱਖ ਦਿਤੀਆਂ ਤਾਂ ਅੰਗ ਅੰਗ ਨਹੀਂ ਕੱਟਿਆ ਜਾਂਦਾ। ਕਿੱਡੀ ਵੱਡੀ ਦ੍ਰਿੜ੍ਹਤਾ ਹੈ ਸਾਧ ਸੰਗਤ ਜੀ! ਕਿੱਡਾ ਵੱਡਾ ਅਨੰਦ ਹੈ। ਮਹਾਰਾਜ ਕਹਿੰਦੇ, ਐਸਾ ਅਬਿਨਾਸ਼ੀ ਅਨੰਦ ਪ੍ਰਾਪਤ ਹੋਇਆ ਕਰਦੈ।

ਤੂੰ ਵਾਹਿਗੁਰੂ ਨੂੰ ਚੇਤੇ ਰੱਖ ਤੂੰ ਤਾਂ ਕੇਵਲ ਮਹਾਨ ਸੁਖ ਦੀ ਪ੍ਰਾਪਤੀ ਕਰਨ ਵਾਸਤੇ ਹੀ ਸੰਸਾਰ ਤੇ ਆਇਆ ਹੈਂ ਕਿਉਂਕਿ ਦੁਖਾਂ ਦਾ ਤੇਰਾ ਬੜਾ ਲੰਮਾ ਸਮਾਂ ਲੰਘ ਚੁਕਿਐ। ਜੇ ਘੱਟ ਤੋਂ ਘੱਟ ਵੀ ਲਾਈਏ, ਚੌਰਾਸੀ ਲੱਖ ਜੂਨ ਦੇ ਵੱਖਰੇ-ਵੱਖਰੇ ਅਨੁਮਾਨ ਹਨ ਪਰ ਫੇਰ ਵੀ ਹੈ ਤਾਂ ਚੌਰਾਸੀ ਲੱਖ, ਇਸ ਤੇ ਸਾਰੇ ਸਹਿਮਤ ਹਨ ਲੇਕਿਨ ਜੂਨਾਂ ਤੇ ਥੋੜ੍ਹਾ-ਥੋੜ੍ਹਾ ਫਰਕ ਹੈ। ਕੋਈ ਕਿਸੇ ਦੀ ਗਿਣਤੀ ਜ਼ਿਆਦਾ ਦਸਦਾ ਹੈ, ਕੋਈ ਕਿਸੇ ਦੀ ਵੱਧ ਦਸਦੈ ਲੇਕਿਨ ਮਹਾਰਾਜ ਕਹਿੰਦੇ ਗਿਣਤੀਆਂ ਵਿਚ ਕੀ ਪੈਣੈ, ਆਪਾਂ ਚੌਰਾਸੀ ਲੱਖ ਜੂਨੀ ਭੁਗਤ ਲਈ ਹੈ।

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥***

*ਪੰਨਾ - 156*

24 ਲੱਖ ਕਿਸਮ ਦੀਆਂ ਜੜ੍ਹੀਆਂ ਬੂਟੀਆਂ, ਦਰਖਤ, ਰੁਖ ਬਿਰਖਾਂ ਦੇ ਵਿਚ ਇਹ ਜੀਵ ਆਤਮਾ ਘੁੰਮਦਾ ਰਿਹੈ। ਚਾਰ ਲੱਖ ਕਿਸਮ ਦੇ ਪਸ਼ੂਆਂ ਦੀਆਂ ਜੂਨੀਆਂ ਵਿਚੋਂ ਆਏ ਹਾਂ।

***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥***

*ਪੰਨਾ - 156*

ਕਿਤੇ ਨਾਗਾਂ ਦੀਆਂ ਧਰਤੀ ਦੇ ਉਤੇ ਪੇਟ ਲਾ ਕੇ ਚਲਣ ਵਾਲਿਆਂ ਦੀਆਂ ਜੂਨੀਆਂ ’ਚੋਂ ਲੰਘੇ ਹਾਂ, ਕਿਤੇ ਆਹ ਖੰਡਾਂ ਦੇ ਨਾਲ ਉਡਣ ਵਾਲੇ ਪੰਛੀ ਬਣੇ ਹਾਂ ਤਾਂ ਕਿਤੇ ਹੁਣ ਮਨੁੱਖ ਦੀ ਦੇਹ ਪ੍ਰਾਪਤ ਹੋਈ ਹੈ। ਮਹਾਂਪੁਰਸ਼ ਦਸਦੇ ਹਨ ਕਿ

ਪ੍ਰਮੇਸ਼ਰ ਵਲੋਂ ਸੱਦਾ ਆਉਂਦੈ ਕਿ ਤੈਂ ਬਹੁਤ ਦੁਖ ਕੱਟ ਲਏ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਪੰਨਾ - 631*

ਹੁਣ ਫੇਰ ਕੀ ਕੀਤਾ ਜਾਵੇ? ਮਹਾਰਾਜ ਕਹਿੰਦੇ ਹਨ ਕਿ ਤੂੰ ਪਰਮ ਸੁਖ ਦੀ ਪ੍ਰਾਪਤੀ ਕਰ ਲੈ ਕਿਉਂਕਿ ਐਸ ਵੇਲੇ ਤੂੰ ਪ੍ਰਕ੍ਰਿਤੀ ਦਾ ਸਭ ਤੋਂ ਚੰਗਾ ਫਲ ਹੈਂ। ਪ੍ਰਕ੍ਰਿਤੀ ਨੇ ਜੀਵਨ ਹੇਠਾਂ ਤੋਂ ਸ਼ੁਰੂ ਕੀਤਾ ਹੈ ਅਤੇ ਹੁਣ ਤੂੰ ਮਨੁੱਖ ਦੀ ਜੂਨੀ 'ਚ ਆ ਗਿਆ ਹੈਂ। ਪ੍ਰਕ੍ਰਿਤੀ, ਦਾ ਸਭ ਤੋਂ ਚੰਗਾ ਫਲ ਹੋਣ ਕਰਕੇ ਹੁਣ ਇਸ ਫਲ ਨੂੰ ਰਸ ਮਿਲਣਾ ਚਾਹੀਦੈ। ਉਹ ਤੇਰੇ ਅੰਦਰ ਹੈ, ਤੂੰ ਖੋਜ ਕਰ, ਖੋਜ ਕਰਨ ਦੇ ਨਾਲ ਤੈਨੂੰ ਪ੍ਰਾਪਤ ਹੋ ਜਾਵੇਗਾ। ਕਹਿਣ ਲੱਗੇ ਮਹਾਰਾਜ! ਉਹ ਕੀ ਮਨੋਰਥ ਐ? ਉਹ ਕੀ ਪਦਾਰਥ ਹੈ? ਉਹ ਕਹਿਣ ਲੱਗੇ ਪ੍ਰੇਮੀਆ! ਉਹ ਪਦਾਰਥ ਹੈ ਵਾਹਿਗੁਰੂ, ਪ੍ਰਮੇਸ਼ਰ! ਉਸ ਨੂੰ ਤੈਂ ਪ੍ਰਾਪਤ ਕਰਨਾ ਹੈ। ਤੂੰ ਹੁਣ ਪਕਿਆ ਹੋਇਆ ਫਲ ਹੋ ਗਿਆ ਹੈਂ। ਕਿਸੇ ਜ਼ਮਾਨੇ ਵਿਚ ਬੀਜ ਬੀਜਿਆ ਸੀ, ਦਰਖਤ ਬਣਿਆ, ਟਾਹਣੀਆਂ ਬਣਿਆ ਬੜੀ ਦੇਰ ਤਕ ਫੈਲਦਾ, ਫਲਦਾ ਰਿਹਾ। ਅਖੀਰ ਫੇਰ ਡੋਡੀ ਵਿਚ ਆ ਗਿਆ। ਤੂੰ ਬੀਜ ਬਣਨ ਵਾਸਤੇ ਆਇਆ ਹੈਂ, ਦੇਖੀਂ ਕਿਤੇ ਗਲ ਕੇ ਥੱਲੇ ਨਾ ਗਿਰ ਜਾਵੀਂ। ਹੁਣ ਤੂੰ ਬੀਜ ਬਣ ਜਾ ਤੇਰਾ ਆਉਣਾ ਜਾਣਾ ਖਤਮ ਹੋ ਜਾਵੇਗਾ। ਬੀਜ ਸੀਗਾ, ਲੰਮਾ ਸਫਰ ਕੱਟ ਕੇ ਫੇਰ ਬੀਜ ਬਣਨ ਦੇ ਨੇੜੇ ਪਹੁੰਚ ਗਿਆ ਹੈਂ -

*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥ ਪੰਨਾ - 736*

ਤੂੰ ਏਕੰਕਾਰ ਬਣਨ ਵਾਲਾ ਹੈਂ। ਮੌਕਾ ਵੀ ਹੈ ਕੋਈ ਗਿਰਨ ਦਾ? ਕਹਿੰਦੇ ਹਾਂ, ਜਦੋਂ ਦੱਖਣ ਦੀ ਹਵਾ ਚਲਦੀ ਹੈ ਤਾਂ ਸਾਰੀਆਂ ਡੋਡੀਆਂ ਝੜ ਕੇ ਥੱਲੇ ਗਿਰ ਜਾਂਦੀਆਂ ਹਨ। ਆਹ ਵੇਲਾਂ ਲੱਗੀਆਂ ਹਨ ਸਾਡੇ ਬਗੀਚੇ ਅੰਦਰ, ਦੱਖਣ ਦੀ ਹਵਾ ਚਲ ਜਾਵੇ ਫਲ ਹੀ ਨਹੀਂ ਲਗਦਾ। ਜੇ ਪੱਛਮ ਦੀ ਹਵਾ ਲੱਗੇ ਤਾਂ ਫਲ ਲਗ ਜਾਂਦੈ। ਇਸੇ ਤਰ੍ਹਾਂ ਨਾਲ ਜੇ ਵਿਸ਼ੇ ਵਿਕਾਰਾਂ ਦੀ, ਨਾਸਤਿਕਤਾ ਦੀ, ਕੁਸੰਗਤਾਂ ਦੀ, ਦੱਖਣ ਰੂਪੀ ਹਵਾ ਚਲ ਗਈ ਤਾਂ ਭਾਈ ਇਹ ਫਲ ਗਲ ਜਾਏਗਾ। ਮਹਾਰਾਜ ਫੁਰਮਾਨ ਕਰਦੇ ਹਨ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਪੰਨਾ - 12*

ਬਾਕੀ ਮਹਾਰਾਜ ਕਹਿੰਦੇ ਕਿ ਜਿਹੜੇ ਤੂੰ ਐਨੇ ਲੰਬੇ ਚੌੜੇ ਕੰਮ 'ਚ ਪਿਆ ਹੋਇਆ ਹੈਂ, ਵਿਵਹਾਰ ਦਾ ਬੇਅੰਤ ਪਸਾਰਾ ਕੀਤਾ ਹੋਇਆ ਹੈ, ਇਹ ਤੇਰੇ ਕਿਸੇ ਕੰਮ ਨਹੀਂ ਹੈ -

*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਪੰਨਾ - 12*

ਐਵੇਂ ਪਏ ਪੁਆਏ ਛੱਡ ਕੇ ਤੁਰ ਜਾਏਂਗਾ। ਕੋਈ ਚੀਜ਼ ਵੀ ਤੇਰੀ ਨਾਲ ਨਹੀਂ ਜਾਣੀ ਜਿਥੇ ਤੂੰ ਜਾਣਾ ਹੈ। ਇਸ ਕਰਕੇ ਤੂੰ ਧਿਆਨ ਦੇਹ ਕਿ ਇਕ ਚੀਜ਼ ਨੇ ਤੇਰੇ ਨਾਲ ਜਾਣੈ ਬਾਕੀ ਕੋਈ ਚੀਜ਼ ਨਾਲ ਨਹੀਂ ਜਾਇਆ ਕਰਦੀ। ਇਹ ਫੈਲਿਆ ਹੋਇਆ ਤੇਰਾ ਵਿਵਹਾਰ ਤੈਨੂੰ ਫਸਾਉਣ ਵਾਸਤੇ ਮੂੰਹ ਅੱਡੀ ਬੈਠੈ, ਦੇਖੀਂ ਤੇਰਾ ਮਾਣਸ ਜਨਮ ਗਲ ਨਾ ਜਾਵੇ।

*ਹਰਿ ਬਿਸਰਤ ਤੇਰੇ ਗੁਣ ਗਲਿਆ॥ ਪੰਨਾ - 12*

ਤੇਰੇ ਗੁਣ ਵੀ ਗਲ ਜਾਣਗੇ, ਤੇਰਾ ਸੁਭਾਅ ਵੀ ਗਲ ਜਾਏਗਾ। ਮਨ ਦੇ ਪਿਛੇ ਲਗ ਕੇ ਤੂੰ ਮੁੜ ਲੰਮੇ ਚੱਕਰ ਵਿਚ ਪੈ ਜਾਵੇਂਗਾ। ਇਸ ਲਈ ਮਨ ਦੇ ਪਿਛੇ ਲਗਣਾ ਠੀਕ ਨਹੀਂ ਹੈ।

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥*
*ਪੰਨਾ - 1073*

*ਜਮਿ ਜਮਿ ਮਰੈ ਮਰੈ ਫਿਰਿ ਜੰਮੈ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ॥ ਪੰਨਾ - 1020*

ਮੁੜ ਕੇ ਫੇਰ ਲੰਮੇ ਸਫਰ ਵਿਚ ਪੈ ਜਾਵੇਂਗਾ, ਸੋ ਤੂੰ ਸਮਝ ਕਰ, ਅਸੀਂ ਤੈਨੂੰ ਬਾਰ-ਬਾਰ ਤਾੜਨਾ ਕਰ ਰਹੇ ਹਾਂ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਪੰਨਾ - 12*

ਇਕ ਪ੍ਰੇਮੀ ਗਜ਼ਨੀ ਦੇ ਰਹਿਣ ਵਾਲਾ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਵਿਚ ਹੋਇਆ ਹੈ ਉਸ ਦਾ ਨਾਮ ਭਾਈ ਚੰਦਾ ਸਿੰਘ ਸੀ। ਉਸ ਨੇ ਨੇਮ ਦੇ ਨਾਲ ਗੁਰਦੁਆਰੇ ਜਾਣਾ, ਜਾ ਕੇ ਸੇਵਾ ਕਰਨੀ, ਲੰਗਰ ਵਿਚ ਸੇਵਾ ਕਰਨੀ, ਝਾੜੂ ਦੇਣਾ, ਬਰਤਨ ਮਾਂਜਣੇ, ਜੋੜਿਆਂ ਦੀ ਸੇਵਾ ਕਰਨੀ, ਪੱਖੇ ਦੀ ਸੇਵਾ ਅਤੇ ਹੋਰ ਅਨੇਕ ਕਿਸਮ ਦੀ ਸੇਵਾ ਕਰਨੀ ਕਿਉਂਕਿ ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਸੇਵਾ ਤੇ ਸਿਮਰਨ ਪ੍ਰਧਾਨ ਹਨ, ਇਹ ਗੁਰੂ ਘਰ ਦੀ ਖਾਸ ਵਿਸ਼ੇਸ਼ਤਾ ਹੈ। ਬਾਕੀ ਦਿਆਂ ਵਿਚ ਸੇਵਾ ਨਹੀਂ ਹੈ, ਸਿਮਰਨ ਜ਼ਰੂਰ ਹੈ, ਸਮਾਧੀਆਂ ਵੀ ਨੇ, ਬਈ ਐਸ ਤਰ੍ਹਾਂ ਸਮਾਧੀ ਲਾਵੋ, ਸੁਰਤਿ ਨੂੰ ਐਥੇ ਟਿਕਾਓ, ਐਸ ਤਰ੍ਹਾਂ ਸੁਰਤ ਚਾੜ੍ਹੋ, ਇਸ ਤਰ੍ਹਾਂ ਫਲਾਣੇ ਥਾਂ ਤੋਂ ਇਧਰਲਾ ਮੋੜ ਕੱਟੋ ਇਤਿਆਦਿ, ਐਸੀਆਂ ਬਾਤਾਂ ਹਨ, ਗੁਰੂ ਘਰ ਦੇ ਅੰਦਰ ਦੋਵੇਂ ਚੀਜ਼ਾਂ ਹਨ ਕਿ ਸੇਵਾ ਵੀ ਕਰੋ, ਕਾਰ ਵਿਹਾਰ ਵੀ ਕਰੋ। ਘਰ ਦੇ ਕੰਮ ਵੀ ਕਰੋ ਲੇਕਿਨ ਇਸ ਤਰ੍ਹਾਂ ਨਾ ਕਰੋ ਕਿ ਮੈਂ ਆਪਣੇ ਘਰ ਵਾਸਤੇ ਕਰਦਾ ਹਾਂ ਸਗੋਂ ਗੁਰੂ ਦੇ ਫੁਰਮਾਨ ਨੂੰ ਮੂਹਰੇ ਰੱਖੋ ਕਿ -

*ਇਹ ਧੀਆਂ ਪੂਤ ਸਭ ਹਰਿ ਕੇ ਕੀਏ॥*

ਇਹ ਵਾਹਿਗਰੂ ਨੇ ਦਿਤੇ ਨੇ ਤੇ ਇਨ੍ਹਾਂ ਦੀ ਪਾਲਣਾ ਵਾਹਿਗੁਰੂ ਦੀ ਅਮਾਨਤ ਸਮਝ ਕੇ ਕਰਾਂਗਾ ਤਾਂ ਇਹ ਸੇਵਾ ਹੋ ਜਾਵੇਗੀ ਅਤੇ ਇਹਦੇ ਵਿਚ ਕੋਈ ਆਪਣਾ ਮੰਤਵ ਨਾ ਰੱਖੀਂ, ਵਾਹਿਗੁਰੂ ਦੀ ਇਮਾਨਤ ਜਾਣ ਕੇ ਸੇਵਾ ਕਰੀਂ ਤਾਂ ਇਹ ਗੁਰਦੁਆਰੇ ਵਰਗੀ ਸੇਵਾ ਹੋ ਜਾਵੇਗੀ। ਦੋਵੇਂ ਚੀਜ਼ਾਂ ਗੁਰੂ ਮਹਾਰਾਜ ਨੇ ਰੱਖੀਆਂ ਹਨ ਕਿ ਕੰਮ ਵੀ ਕਰੋ ਤੇ ਭਜਨ ਵੀ ਕਰੋ। ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

*ਧਾਰਨਾ - ਚਿਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀ ਕੰਮ ਕਰੀਏ - 2, 2.*
*ਮੇਰੇ ਪਿਆਰੇ ਹੱਥੀਂ ਪੈਰੀਂ ਕੰਮ ਕਰੀਏ - 2, 2*
*ਚਿਤ ਹਰੀ ਦੇ ਨਾਮ ਨਾਲ ਲਾਈਏ, ........।*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*
*ਪੰਨਾ - 1376*

ਸੇਵਾ ਤੇ ਸਿਮਰਨ ਕੀ ਹੈ ਕਿ ਕੰਮ ਵੀ ਕਰੋ, ਘਰ ਦੇ ਕਾਰੋਬਾਰ ਵੀ ਕਰੋ ਤੇ ਸਿਮਰਨ ਵੀ ਕਰੋ ਕਿਉਂਕਿ ਜੇ ਦੋ ਹਲਟ, ਦੋ ਟਿਊਬਵੈਲ ਚਲ ਪੈਣ ਤਾਂ ਪਾਣੀ ਬਹੁਤਾ ਹੋ ਜਾਂਦਾ ਹੈ ਅਤੇ ਤ੍ਰੇੜਾਂ ਪੈ ਚੁੱਕੇ ਖੇਤ ਨੂੰ ਸ਼ੀਘਰ ਭਰਿਆ ਜਾ ਸਕਦਾ ਹੈ। ਇਸੇ ਤਰ੍ਹਾਂ ਜੇ ਦੋ ਟਿਊਬਵੈਲ ਇਕੱਠੇ ਚਲਾ ਦੇਈਏ ਤਾਂ ਫਸਲ ਦੀ ਸਿੰਜਾਈ ਛੇਤੀ ਹੋ ਜਾਂਦੀ ਹੈ। ਕਲਜੁੱਗ ਦਾ ਸਮਾਂ ਹੈ, ਉਮਰਾਂ ਥੋੜ੍ਹੀਆਂ ਹਨ ਦੋਵੇਂ ਕੰਮ ਸੇਵਾ ਤੇ ਸਿਮਰਨ ਦੇ ਇਕੱਠੇ ਹੀ ਕਰ ਲਏ ਜਾਣ ਤਾਂ ਚੰਗਾ ਹੈ। ਗੁਰੂ ਘਰ ਦੇ ਅੰਦਰ ਇਹ ਵਿਸ਼ੇਸ਼ਤਾ ਹੈ ਕਿ ਸੇਵਾ ਨੂੰ ਸਿਮਰਨ ਦੀ ਬਰਾਬਰੀ ਦਿਤੀ ਹੋਈ ਹੈ। ਸੋ ਇਸ ਤਰ੍ਹਾਂ ਨਾਲ ਇਹ ਗੁਰਮੁਖ ਪਿਆਰਾ ਸੇਵਾ ਵੀ ਕਰਦੈ, ਸਿਮਰਨ ਵੀ ਕਰਦੈ। ਆਦਮੀ ਦੇ ਅੰਤਸ਼ਕਰਣ ਅੰਦਰ ਤਿੰਨ ਦੋਸ਼ ਹੁੰਦੇ ਨੇ ਜਿਸ ਕਰਕੇ ਅੰਤਸ਼ਕਰਣ ਵਿਚ ਇਕ ਮੈਲ ਹੁੰਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥*
*ਪੰਨਾ - 651*

ਸੰਸਕਾਰਾਂ ਦੀ ਮੈਲ ਲਗ ਜਾਂਦੀ ਹੈ, ਜਿੰਨਾ ਅਸੀਂ ਸੋਚਦੇ ਹਾਂ, ਜਿੰਨਾ ਅਸੀਂ ਦੇਖਦੇ ਹਾਂ, ਜਿੰਨਾਂ ਸੁਣਦੇ ਹਾਂ, ਅਖਬਾਰਾਂ ਰੇਡੀਓ ਤੇ ਟੈਲੀਵੀਜ਼ਨ ਰਾਹੀਂ ਹਨ੍ਹੇਰੀ ਦੇ ਵਰੋਲੇ ਵਾਂਗ ਅੰਦਰ ਕਿੰਨੇ ਹੀ ਖਿਆਲ ਦਾਖਲ ਹੋ ਕੇ ਸਹਿਜੇ ਪ੍ਰਵੇਸ਼ ਕਰ ਰਹੇ ਨੇ। ਮਨ ਮੈਲਾ ਹੀ ਮੈਲਾ ਹੁੰਦਾ ਜਾ ਰਿਹਾ ਹੈ, ਜਿੰਨਾ ਮੈਲਾ ਹੋ ਜਾਵੇਗਾ, ਉਨਾ ਹੀ ਖਿੰਡ ਜਾਏਗਾ। ਖਿੰਡਿਆ ਹੋਇਆ ਮਨ ਦੁਖੀ ਹੋ ਜਾਇਆ ਕਰਦਾ ਹੈ, ਇਸ ਨੂੰ ਕੋਈ ਵੀ ਸੁਖੀ ਨਹੀਂ ਕਰ ਸਕਿਆ ਕਰਦਾ ਕਿਉਂਕਿ ਇਹ ਕੁਦਰਤੀ ਅਸੂਲ ਹੈ। ਸੋ ਖਿਆਲਾਂ ਦੀ ਮੈਲ, ਸੰਸਿਆਂ ਦੀ ਮੈਲ, ਭਰਮਾਂ ਦੀ ਮੈਲ, ਬੇਅੰਤ ਵਾਸ਼ਨਾਵਾਂ ਦੀ ਮੈਲ ਇਸ ਦੇ ਉਤੇ ਜੰਮੀ ਪਈ ਹੈ, ਇਹ ਲਹਿੰਦੀ ਨਹੀਂ ਪਰੰਤੂ ਇਹ ਸੇਵਾ, ਹਰੀ ਜਸ ਕਰਨ ਨਾਲ, ਸ਼ੁਧ ਨਿਸ਼ਕਾਮ ਕਰਮ ਕਰਨ ਦੇ ਨਾਲ ਲਹਿ ਜਾਂਦੀ ਹੈ।

ਕਰਮ ਤਿੰਨ ਕਿਸਮ ਦੇ ਹੁੰਦੇ ਹਨ - ਕਾਇਕ ਕਰਮ, ਵਾਚਕ ਕਰਮ ਅਤੇ ਮਾਨਸਿਕ ਕਰਮ। ਇਨ੍ਹਾਂ ਤਿੰਨਾਂ ਕਿਸਮਾਂ ਅਨੁਸਾਰ ਜਦੋਂ ਆਦਮੀ ਕਰਮ ਕਰਦੈ ਤਾਂ ਮੈਲ ਲਹਿਣੀ ਸ਼ੁਰੂ ਹੋ ਜਾਂਦੀ ਹੈ। ਜਾਪ ਕਰਦੈ, ਪਾਠ ਕਰਦੈ, ਜਪੁਜੀ ਸਾਹਿਬ ਦਾ ਅਤੇ ਪੰਜ ਬਾਣੀਆਂ ਦਾ ਪਾਠ ਕਰਦੈ, ਮੂਲ ਮੰਤਰ ਦਾ ਪਾਠ ਕਰਦੈ, ਹੱਥਾਂ ਨਾਲ ਸੇਵਾ ਕਰਦੈ ਅਤੇ ਵਾਸ਼ਨਾਵਾਂ ਨੂੰ ਰੋਕਣ ਦਾ ਯਤਨ ਕਰਦੈ, ਨਤੀਜਾ ਕੀ ਹੁੰਦਾ ਹੈ ਕਿ ਹੌਲੀ-ਹੌਲੀ ਮੈਲ ਲਹਿਣੀ ਸ਼ੁਰੂ ਹੋ ਜਾਂਦੀ ਹੈ, ਜਿਉਂ-ਜਿਉਂ ਮੈਲ ਲਹਿੰਦੀ ਹੈ ਤਿਉਂ-ਤਿਉਂ ਪਾਠ ਕਰਨ ਦੇ ਵਿਚ ਉਬਾਸੀਆਂ ਘੱਟ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਚਿਤ ਲਗ ਜਾਂਦੈ। ਜੇ ਕਿਤੇ ਕਦੀ ਕਦਾਈ ਪਾਠ ਭਜਨ ਦਾ ਸਮਾਂ ਖੁੰਝ ਜਾਵੇ, ਤਾਂ ਮਹਿਸੂਸ ਕਰੇਗਾ ਕਿ ਅੱਜ ਮੈਂ ਪਾਠ ਨਹੀਂ ਕਰਿਆ, ਮੈਨੂੰ ਤਾਂ ਬੜਾ ਘਾਟਾ ਪੈ ਗਿਆ ਕਿਉਂਕਿ ਮੈਲ ਲਹਿੰਦੀ ਜਾਂਦੀ ਹੈ। ਮੈਲ ਲਹਿਣ ਦੇ ਨਾਲ ਹਿਰਦੇ ਦੇ ਅੰਦਰ ਸਵੱਛਤਾ ਆਉਂਦੀ ਹੈ, ਨਿਰਮਲਤਾ ਆਉਂਦੀ ਹੈ ਅਤੇ ਤਮੋ ਗੁਣ ਘਟ ਜਾਂਦਾ ਹੈ।

ਦੂਸਰੀ ਚੀਜ਼ ਹੁੰਦੀ ਹੈ ਵਿਕਸ਼ੇਪਤਾ - ਵਿਹਾਰ ਦੀ ਵਿਕਸ਼ੇਪਤਾ, ਧਰਮਾਂ ਦੇ ਆਪਸ ਵਿਚ ਵਿਰੋਧ ਦੀ ਵਿਕੇਸ਼ਪਤਾ, ਦੇਸ਼ਾਂ ਦੇ ਆਪਸ ਵਿਚ ਵਿਰੋਧ ਦੀ ਵਿਕਸ਼ੇਪਤਾ, ਘਰ ਦੇ ਅੰਦਰ ਸੰਮਤੀ ਨਾ ਹੋਣ ਕਰਕੇ, ਮੁਕਾਬਲੇ ਵਿਚ ਰਹਿਣ ਕਰਕੇ ਇਕੋ ਕਿਸਮ ਦੇ ਵਪਾਰ ਕਰਨ ਵਾਲਿਆਂ ਦੇ ਅੰਦਰ ਵਿਕਸ਼ੇਪਤਾ ਅਤੇ ਈਰਖਾ ਆਦਿ ਇਨ੍ਹਾਂ ਨਾਲ ਮਨ ਹਿਲਦਾ ਰਹਿੰਦੈ, ਇਕ ਸਕਿੰਟ ਵਾਸਤੇ ਵੀ ਟਿਕਦਾ ਨਹੀਂ। ਜਿਵੇਂ ਬਿਜਲੀ ਲਸ਼ਕਾਰੇ ਮਾਰਦੀ ਐ, ਐਸ ਤਰ੍ਹਾਂ ਮਨ ਮਾਰਦੈ ਕਿਉਂਕਿ ਬਿਰਤੀ ਦੇ ਅੰਦਰ ਰਜੋ ਗੁਣ ਪ੍ਰਧਾਨ ਹੁੰਦਾ ਹੈ। ਸੋ ਇਸ ਦਾ ਤਰੀਕਾ ਉਪਾਸ਼ਨਾ ਹੋਇਆ ਕਰਦੈ।

ਤੀਸਰਾ ਹੋਇਆ ਕਰਦਾ ਹੈ ਆਵਰਨ ਜਿਸ ਨੂੰ ਪਰਦਾ ਕਹਿੰਦੇ ਹਨ ਜਿਸ ਚੀਜ਼ ਉਤੇ ਆਵਰਨ ਹੋਵੇ, ਢਕ ਹੋ ਜਾਇਆ ਕਰਦੀ ਹੈ, ਦਿਸਿਆ ਨਹੀਂ ਕਰਦੀ। ਇਹ ਅਗਿਆਨ ਦਾ ਪਰਦਾ ਕਹਾਉਂਦਾ ਹੈ। ਅਗਿਆਨ ਦਾ ਪਰਦਾ ਹੋਣ ਕਰਕੇ ਅਸਲੀ ਤੱਤ ਦੀ ਸੋਝੀ ਨਹੀਂ ਹੋਇਆ ਕਰਦੀ।

ਸ਼ੁਭ ਅਤੇ ਨਿਰਮਲ ਕਰਮਾਂ ਨਾਲ ਮਨ ਦੀ ਮੈਲ ਲਹਿੰਦੀ ਹੈ, ਉਪਾਸਨਾ ਨਾਲ ਮਨ ਟਿਕਾਉ ਵਿਚ ਆਉਂਦਾ ਹੈ। ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਬੈਰੰਗ ਉਪਾਸ਼ਨਾ ਅਤੇ ਇਕ ਅੰਤਰੰਗ ਉਪਾਸ਼ਨਾ। ਬੈਹਿਰੰਗ ਉਪਾਸ਼ਨਾ ਉਹ ਹੈ ਕਿ ਗੁਰੂ ਦੀ ਹਜ਼ੂਰੀ ਵਿਚ ਆ ਕੇ ਉਸ ਦੇ ਸਾਮ੍ਹਣੇ ਬੈਠ ਕੇ ਗੁਰੂ ਪ੍ਰਮੇਸ਼ਰ ਨੂੰ ਇਕ ਜਾਣਦੇ ਹੋਏ ਗੁਰੂ ਸਰੂਪ ਉਪਰ ਸੁਰਤ ਕੇਂਦਰਤ ਕਰਕੇ ਗੁਰੂ ਦੇ ਸ਼ਬਦ ਨਾਲ ਜੁੜੇ ਰਹਿਣਾ, ਚਉਰ ਕਰਨਾ, ਭੋਗ ਲਵਾਉਣਾ, ਸੁਗੰਧੀਆਂ ਅਤੇ ਫੁਲ ਚਾੜ੍ਹਨੇ, ਆਪਣੀ ਸ਼ੁਭ ਕਮਾਈ ਵਿਚੋਂ ਮਾਇਆ ਅਰਦਾਸ ਕਰਨੀ। ਪ੍ਰਸਾਦ ਤਿਆਰ ਕਰਕੇ, ਖਾਣ ਤੋਂ ਪਹਿਲਾਂ, ਗੁਰੂ ਦਾ ਧਿਆਨ ਲਾ ਕੇ ਚਿਤਵਨੀ ਕਰਨੀ ਕਿ ਮਹਾਰਾਜ ਭੋਗ ਲਾਵੋ, ਇਹ ਬੈਰੰਗ ਉਪਾਸ਼ਨਾ ਕਹਾਉਂਦੀ ਹੈ।

ਅੰਤਰੰਗ ਉਪਾਸ਼ਨਾ ਉਹ ਹੁੰਦੀ ਹੈ ਕਿ ਸੁਰਤੀ ਨੂੰ ਫੁਰਨਿਆਂ ਤੋਂ ਖਾਲੀ ਕਰਕੇ ਅੰਦਰ ਖਿੱਚ ਲੈਣਾ, 'ਗੁਰ ਕੀ ਮੂਰਤ ਮਨ ਮਹਿ ਧਿਆਨ' ਦੇ ਮੁਤਾਬਿਕ ਗੁਰੂ ਨੂੰ ਆਪਣੇ ਅੰਦਰ ਮਾਨਸਿਕ ਤੌਰ ਤੇ ਸਜਾਏ ਹੋਏ ਤਖਤ ਉਪਰ ਬਿਠਾਉਣਾ। ਨਮਸ਼ਕਾਰ ਕਰਨੀ, ਮਾਨਸਿਕ ਤੌਰ ਤੇ ਪ੍ਰਕਰਮਾ ਕਰਨੀ। ਦੋਵੇਂ ਹੱਥ ਜੋੜ ਕੇ ਗੁਰੂ ਤੇ ਧਿਆਨ ਕੇਂਦਰਤ ਕਰਕੇ, ਫੁਰਨੇ ਰਹਿਤ ਹੋ ਕੇ ਗੁਰੂ ਨੂੰ ਸਦਾ ਸਦਾ ਸਦੀਵ ਜਾਣ ਕੇ ਪੂਰਨ ਸ਼ਰਧਾ ਤੇ ਨਿਮਰਤਾ ਸਹਿਤ ਸੇਵਾ ਕਰਨੀ ਅਤੇ ਚਰਨਾਂ ਦਾ ਧਿਆਨ ਧਰਨਾ, ਇਹ ਅੰਤਰੀਵ ਉਪਾਸ਼ਨਾ ਕਹਾਉਂਦੀ ਹੈ।

ਇਸ ਦੇ ਬਾਰੇ ਧਾਰਮਿਕ ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਕਬੀਰ ਸਾਹਿਬ ਦੇ ਸਤਿਗੁਰੂ ਰਾਮਾਨੰਦ ਜੀ ਅੰਤਰੀਵ ਉਪਾਸਨਾ ਕਰਿਆ ਕਰਦੇ ਸਨ। ਇਕ ਦਿਨ ਉਨ੍ਹਾਂ ਨੇ ਆਪਣੇ ਧੇਅ ਵਿਸ਼ਨੂੰ ਜੀ ਨੂੰ ਮਾਨਸਿਕ ਵਾਤਾਵਰਣ ਬਣਾ ਕੇ ਇਸ਼ਨਾਨ ਕਰਵਾਇਆ, ਬਸਤਰ ਪਹਿਨਾਏ, ਮੁਕਟ ਪਹਿਨਾਇਆ ਪਰੰਤੂ ਗਲ ਵਿਚ ਮਾਲਾ ਪਾਉਣੀ ਭੁੱਲ ਗਏ ਅਤੇ ਇਸ ਸ਼ਸ਼ੋਪੰਜ ਵਿਚ ਪੈ ਗਏ ਕਿ ਜੇ ਮੁਕਟ ਉਤਾਰਦਾ

ਹਾਂ ਤਾਂ ਵਿਘਨਕਾਰੀ ਹੋਵੇਗਾ, ਜੇ ਮਾਲਾ ਗਲ ਵਿਚ ਨਹੀਂ ਪਾਉਂਦਾ ਹਾਂ ਤਾਂ ਉਪਾਸ਼ਨਾ ਅਧੂਰੀ ਰਹਿ ਜਾਵੇਗੀ। ਕਬੀਰ ਜੀ ਜੋ ਦਰਸ਼ਨ ਕਰਨ ਵਾਸਤੇ ਆਏ ਬਾਹਰ ਬੈਠੇ ਸਨ, ਉਨ੍ਹਾਂ ਨੇ ਅੰਤਰ ਧਿਆਨ ਹੋ ਕੇ ਦੇਖ ਲਿਆ ਤੇ ਕਿਹਾ ਕਿ ਗੁਰੂਦੇਵ! ਚਿੰਤਾ ਕਰਨ ਦੀ ਲੋੜ ਨਹੀਂ, ਤੁਸੀਂ ਮਾਲਾ ਦੇ ਧਾਗੇ ਦੀ ਗੰਢ ਖੋਲ੍ਹ ਕੇ ਮਾਲਾ ਗਲ ਵਿਚ ਪਾ ਦਿਓ ਤੇ ਫੇਰ ਗੱਠ ਦੇ ਦਿਓ, ਇਸ ਤਰ੍ਹਾਂ ਕਰਨ ਨਾਲ ਮੁਕਟ ਉਤਾਰਨਾ ਨਹੀਂ ਪਵੇਗਾ। ਉਸ ਵੇਲੇ ਰਾਮਾਨੰਦ ਜੀ ਕਹਿਣ ਲੱਗੇ ਕਬੀਰ! ਤੂੰ ਮੇਰੇ ਅੰਦਰ ਵੀ ਦੇਖ ਲੈਂਦਾ ਹੈਂ। ਸੋ ਇਹ ਅੰਤਰੀਵ ਉਪਾਸ਼ਨਾ ਹੁੰਦੀ ਹੈ। ਇਸ ਨਾਲ ਮਨ ਟਿਕ ਜਾਂਦਾ ਹੈ, ਮਨ ਇਕਾਗਰਤਾ ਤੋਂ ਉਚਾ ਉਠ ਕੇ ਨਿਰੁੱਧ ਅਵਸਥਾ ਵਿਚ ਟਿਕ ਜਾਂਦਾ ਹੈ, ਅਵਰਨ ਦਾ ਦੋਸ਼ ਤੱਤ ਵੇਤੇ ਮਹਾਂਪੁਰਸ਼ ਦੇ ਦੱਸੇ ਅਨੁਸਾਰ ਆਤਮ ਚਿੰਤਨ ਕਰਕੇ ਦੂਰ ਹੋ ਜਾਇਆ ਕਰਦਾ ਹੈ। ਸੋ ਤਿੰਨ ਤਰ੍ਹਾਂ ਕਰਨ ਨਾਲ ਅੰਤਸ਼ਕਰਣ ਦੇ ਦੋਸ਼ ਜਦੋਂ ਦੂਰ ਹੋ ਜਾਂਦੇ ਹਨ, ਉਦੋਂ ਧਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਗਿਆਨ ਉਦੋਂ ਹੁੰਦਾ ਹੈ ਜਦੋਂ ਅਸਲੀਅਤ ਸਮਝ ਵਿਚ ਆ ਜਾਵੇ ਜਿਵੇਂ ਹਨ੍ਹੇਰੇ ਵਿਚ ਪਈ ਰੱਸੀ ਨੂੰ ਦੇਖ ਕੇ ਸੱਪ ਦਾ ਅਧਿਆਸ ਹੋ ਜਾਂਦਾ ਹੈ ਤੇ ਉਸ ਨੂੰ ਦੇਖ ਕੇ ਮਨੁੱਖ ਡਰਦਾ ਹੈ, ਕੰਬਦਾ ਹੈ ਵਸ ਨਹੀਂ ਚਲਦਾ, ਕਮਰੇ ਦੇ ਅੰਦਰ ਨਹੀਂ ਜਾ ਰਿਹਾ ਅਤੇ ਰਾਤ ਦੂਰ ਜਾ ਕੇ ਲੰਘਾਈ। ਸਵੇਰੇ ਚਾਨਣ ਹੋ ਚੁਕਿਆ ਹੁੰਦਾ ਹੈ ਤੇ ਪਤਾ ਲਗ ਗਿਆ ਕਿ ਇਹ ਤਾਂ ਕੇਵਲ ਰੱਸੀ ਸੀ ਜੋ ਚਾਨਣ ਵਿਚ ਨਜ਼ਰ ਆ ਗਈ। ਸੋ ਹਨ੍ਹੇਰੇ ਵਿਚ ਰੱਸੀ ਦਾ ਸੱਪ ਨਜ਼ਰ ਆਉਣਾ ਅਗਿਆਨ ਹੁੰਦਾ ਹੈ। ਇਹ ਰੱਸੀ ਭਾਵੇਂ ਹੁਣ ਕਿੰਨੀ ਦੇਰ ਪਈ ਰਹੇ ਪਤਾ ਲਗ ਗਿਆ, ਗਿਆਨ ਹੋ ਗਿਆ, ਅਗਿਆਨ ਕਰਕੇ ਸੱਪ ਨਜ਼ਰ ਆਉਂਦਾ ਸੀ। ਇਸੇ ਤਰ੍ਹਾਂ ਇਹ ਸੰਸਾਰ ਅਗਿਆਨ ਕਰਕੇ ਸੰਸਾਰ ਨਜ਼ਰ ਆਉਂਦਾ ਹੈ, ਜਦੋਂ ਪੂਰੇ ਸਤਿਗੁਰੂ ਦੀ ਕ੍ਰਿਪਾ ਹੁੰਦੀ ਹੈ ਤਾਂ ਪਤਾ ਲਗਦਾ ਹੈ ਇਹ ਤਾਂ ਵਾਹਿਗੁਰੂ ਜੀ ਆਪ ਹੀ ਹਨ। ਇਸ ਗਿਆਨ ਨੂੰ ਦ੍ਰਿੜ੍ਹ ਰੱਖਣ ਲਈ ਸਦਾ ਹੀ ਆਤਮ ਚਿੰਤਨ ਕਰਨਾ ਪੈਂਦਾ ਹੈ। ਕੱਚਾ ਗਿਆਨ ਕੁਸੰਗਤ ਹੋਇਆਂ ਤੋਂ ਹੌਲੀ ਹੌਲੀ ਅੰਧਕਾਰ ਵਿਚ ਬਦਲ ਜਾਂਦਾ ਹੈ। ਇਸ ਤਰ੍ਹਾਂ ਨਾਲ ਵਿਕਸ਼ੇਪ ਤੇ ਆਵਰਨ, ਗਿਆਨ ਦੀ ਪ੍ਰਾਪਤੀ ਨਾਲ ਦੂਰ ਹੋ ਜਾਂਦੇ ਹਨ।

ਪੰਜਾਬ ਦੇਸ਼ ਦਾ ਕੋਈ ਗੁਰਮੁਖ ਰਮਤਾ ਮਹਾਤਮਾ ਚਲਦਾ ਚਲਦਾ ਗਜ਼ਨੀ ਪਹੁੰਚ ਜਾਂਦਾ ਹੈ ਅਤੇ ਪੁਛਦਾ ਹੈ ਕਿ ਭਾਈ ਇਥੇ ਕੋਈ ਗੁਰੂ ਕਾ ਸਿੱਖ ਰਹਿੰਦਾ ਹੈ। ਕਿਸੇ ਨੇ ਭਾਈ ਚੰਦਾ ਸਿੰਘ ਦੀ ਦੱਸ ਪਾਈ ਤੇ ਉਸ ਦੀ ਦੁਕਾਨ ਤੇ ਪਹੁੰਚ ਜਾਂਦਾ ਹੈ। ਭਾਈ ਚੰਦਾ ਸਿੰਘ ਦਰਸ਼ਨ ਕਰਕੇ ਸਤਿਕਾਰ ਵਿਚ ਉਠ ਕੇ ਖੜ੍ਹਾ ਹੋ ਗਿਆ, ਪਰਸਪਰ ਨਮਸ਼ਕਾਰ ਕੀਤੀ ਤੇ ਇਸ ਦੇ ਚਰਨ ਦਾ ਚੁੰਮਣ ਲਿਆ ਅਤੇ ਅੰਤਰ ਆਤਮੇ ਭਾਵ ਨਾਲ ਭਰ ਗਿਆ ਕਿ ਇਸ ਦਾ ਮਸਤਕ ਉਸ ਪਾਵਨ ਧਰਤੀ ਤੇ ਨਿਵਦਾ ਹੈ ਜਿਥੇ ਮੇਰੇ ਗੁਰੂ ਨਾਨਕ ਰਹੇ ਨੇ, ਮੇਰੇ ਗੁਰੂ ਦਸ਼ਮੇਸ਼ ਜੀ ਰਹੇ ਨੇ, ਮੇਰੇ ਗੁਰੂ ਰਹੇ ਨੇ ਮੇਰੇ ਬੇਅੰਤ ਪੀਰ, ਮਹਾਂਪੁਰਸ਼ ਬੰਦਗੀ ਕਰਨ ਵਾਲੇ ਰਹੇ ਨੇ। ਇਹ ਉਸ ਪਾਵਨ ਧਰਤੀ ਦੀ ਪਾਵਨ ਹੋਈ ਹੋਈ ਇਸ ਦੀ ਚਰਨ ਧੂੜੀ ਹੈ। ਜਦੋਂ ਅਸੀਂ ਪਹਿਲਾਂ ਪਹਿਲਾਂ ਸਿੰਧ ਵਿਚ ਜਾਣਾ, ਉਥੇ ਸਿੰਘਾਂ ਨੂੰ ਦੇਖ ਕੇ ਉਥੋਂ ਦੇ ਵਾਸੀ ਸਿੰਧੀਆਂ ਨੇ ਬੜਾ ਹੀ ਪਿਆਰ ਕਰਨਾ, ਬਈ ਇਹ ਪੰਜਾਬ ਤੋਂ ਆਇਐ, ਇਸ ਨੇ ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਦੇ ਦਰਸ਼ਨ ਕਰੇ ਹੋਣੇ ਨੇ। ਚਲੋ ਅਸੀਂ ਤਾਂ ਦੂਰ ਹਾਂ, ਇਤਨੀ ਦੂਰ ਜਾ ਨਹੀਂ ਸਕਦੇ, ਇਸਦੇ ਹੀ ਦਰਸ਼ਨ ਕਰ ਲੈਂਦੇ ਹਾਂ, ਉਨ੍ਹਾਂ ਨੇ ਚਰਨਾਂ ਤੇ ਨਮਸ਼ਕਾਰ ਕਰਨੀ ਕਿਉਂਕਿ ਉਹ ਪੰਜਾਬ ਤੋਂ ਆਉਣ ਵਾਲਿਆਂ ਨੂੰ ਪਵਿੱਤਰ ਗਿਣਦੇ ਸੀ। ਸੋ ਇਸ ਤਰ੍ਹਾਂ ਜਦੋਂ ਤੁਰ ਕੇ ਜਾਂਦੇ ਸੀ, ਜਦੋਂ ਪੰਜਾਬ ਦੇਸ਼ ਦਾ ਬੰਦਾ ਬਾਹਰ ਚਲਿਆ ਜਾਣਾ ਉਨ੍ਹਾਂ ਨੇ ਇਸ ਤਰ੍ਹਾਂ ਸਮਝਣਾ ਕਿ ਮੇਰੇ ਵਾਸਤੇ ਰੱਬ ਹੀ ਆ ਗਿਆ ਹੈ। ਘਰ ਲਿਜਾਣਾ, ਪ੍ਰਸ਼ਾਦ ਛਕਾਉਣਾ, ਸੇਵਾ ਕਰਨੀ ਅਤੇ ਉਸ ਤੋਂ ਬਚਨ ਸੁਣਨੇ। ਬਚਨ ਚਲਦੇ ਚਲਦੇ ਉਸ ਨੇ ਭਾਈ ਚੰਦਾ ਸਿੰਘ ਨੂੰ ਪੁਛ ਲਿਆ ਕਿ ਗੁਰਮੁਖਾਂ ਵਿਹਾਰ ਕਿਹੋ ਜਿਹਾ ਹੈ? ਕਹਿਣ ਲੱਗਾ, ਮਹਾਰਾਜ ਨੇ ਬੜਾ ਵਿਹਾਰ ਚਲਾਇਐ, ਚੰਗਾ ਕਾਰੋਬਾਰ ਹੈ, ਦੂਰ ਦਰਾਜ਼ ਦੇ ਦੇਸ਼ਾਂ ਤਕ ਮੇਰੀਆਂ ਚੀਜ਼ਾਂ ਜਾਂਦੀਆਂ ਹਨ ਅਤੇ ਹੁੰਡੀਆਂ ਚਲਦੀਆਂ ਹਨ। ਕਹਿਣ ਲੱਗੇ ਇਹ ਤਾਂ ਠੀਕ ਹੈ, ਕਿੰਨਾ ਕੁ ਧਨ ਕਮਾ ਲਿਆ? ਜਵਾਬ ਦਿਤਾ ਕਿ ਈਮਾਨਦਾਰੀ ਨਾਲ ਵੱਧ ਤੋਂ ਵੱਧ ਜੋ ਨੇਕ ਬੰਦਾ ਕਮਾ ਸਕਦੈ, ਮੈਂ ਉਨਾਂ ਕੁ ਕਮਾ ਲਿਆ ਹੈ। ਕਹਿਣ ਲੱਗੇ ਕਦੀ ਸੋਚਿਆ ਕਿ ਤੇਰੇ ਨਾਲ ਵੀ ਕੋਈ ਚੀਜ਼ ਜਾਵੇਗੀ? ਤੂੰ ਤਾਂ ਛੋਟਾ ਜਿਹਾ ਹੈ, ਤੇਰੇ ਹੀ ਗਜ਼ਨੀ 'ਚ ਇਕ ਮਹਿਮੂਦ ਹੋਇਆ ਹੈ, ਉਸ ਨੇ ਹਿੰਦੋਸਤਾਨ ਨੂੰ ਸੋਲਾਂ ਹਮਲੇ ਕਰਕੇ ਲੁਟਿਆ। ਐਨਾ ਧਨ ਲਿਆਇਆ ਕਿ ਉਸ ਦੇ ਧਨ ਦੀ ਗਿਣਤੀ ਨਹੀਂ ਸੀ। ਮਰਨ ਤੋਂ ਪਹਿਲਾਂ ਅਧਰੰਗ ਦਾ ਦੌਰਾ ਪੈ ਗਿਆ। ਆਪਣੇ ਅਹਿਲਕਾਰਾਂ ਨੂੰ ਕਹਿਣ ਲੱਗਿਆ ਮੈਨੂੰ ਇਕ ਵਾਰੀ ਦਿਖਾ ਦਿਉ ਕਿ ਮੈਂ ਕਿੰਨੀ ਕੁ ਲੁੱਟ ਮਾਰ ਕੀਤੀ ਹੈ, ਮੈਂ ਦੇਖਣਾ ਚਾਹੁੰਨਾ। ਪਹੀਆਂ ਵਾਲੀ ਕੁਰਸੀ ਦੇ ਉਪਰ ਬਿਠਾ ਦਿਤਾ। ਸਾਰੀਆਂ ਲੁਟਾਂ ਦੀਆਂ ਲਾਈਨਾਂ ਲਾ ਦਿਤੀਆਂ ਅਤੇ ਉਪਰ ਫੱਟੇ ਲਿਖ ਕੇ ਲਗਾ ਦਿਤੇ ਕਿ ਸੋਮਨਾਥ ਮੰਦਰ ਤੋਂ ਆਹ ਲਿਆਂਦੈ, ਰਾਜੇ ਦਾਹਰ ਤੋਂ ਆਹ ਲੁੱਟ ਕੇ ਲਿਆਂਦੈ, ਲਹੌਰ ਤੋਂ ਆਹ ਲੁਟਿਆ, ਫਲਾਣੇ ਥਾਂ ਤੋਂ ਆਹ ਲੁੱਟਿਆ ਤੇ ਮਥੁਰਾ ਤੋਂ ਇਹ ਚੀਜ਼ਾਂ ਲੁਟੀਆਂ ਹਨ। ਖੁਲ੍ਹੇ ਮੈਦਾਨ ਦੇ ਅੰਦਰ ਸਮਾਨ ਬਹੁਤ ਲੰਮੇ ਚੌੜੇ ਵਿਸਥਾਰ ਵਿਚ ਪਿਆ ਹੈ। ਦੇਖਦਾ ਦੇਖਦਾ ਥੱਕ ਗਿਆ, ਰੋਈ ਜਾਂਦਾ ਹੈ। ਚੀਜ਼ਾਂ ਨਹੀਂ ਨਜ਼ਰ ਆ ਰਹੀਆਂ, ਉਹ ਬੰਦੇ ਜਿਹੜੇ ਲਾਈਨਾਂ ਲਾ ਲਾ ਕੇ ਕਤਲ ਕੀਤੇ ਸੀ, ਉਹ ਨਜ਼ਰ ਆ ਰਹੇ ਨੇ। ਸੋਚਦਾ ਹੈ ਕਿ ਐਨੇ ਮਾਰੇ ਵੀ, ਕਾਹਦੇ ਵਾਸਤੇ? ਆਹ ਚੀਜ਼ਾਂ ਤਾਂ ਜੜ੍ਹ ਨੇ, ਮੇਰੇ ਨਾਲ ਕੋਈ ਨਹੀਂ ਜਾ ਰਹੀ, ਕਿਸ ਤਰੀਕੇ ਨਾਲ ਮੇਰੇ ਨਾਲ ਜਾਣਗੀਆਂ? ਇਹ ਤਾਂ ਲੁੱਟੀਆਂ ਜਾਣੀਆਂ ਨੇ ਕਿਉਂਕਿ ਮੇਰਾ ਵਾਰਸ ਕੋਈ ਤਕੜਾ ਨਹੀਂ ਆ ਰਿਹਾ। ਉਤਰਾਅਧਿਕਾਰੀ ਕੋਈ ਮਜ਼ਬੂਤ ਨਹੀਂ ਹੈ, ਇਹ ਤਾਂ ਦਿਨਾਂ ਵਿਚ ਹੀ ਲੈ ਲਈਆਂ ਜਾਣੀਐਂ, ਮੈਂ ਪਾਪ ਵੀ ਐਨੇ ਕੀਤੇ, ਕੋਈ ਸਬਕ ਸਿਖਣਾ ਚਾਹੀਦੈ, ਦੁਨੀਆਂ ਨੂੰ ਸਿਖਾਉਣੈ ਚਾਹੀਦੈ। ਕਹਿਣ ਲੱਗਿਆ, ਮੇਰਾ ਪੰਧਨਾਮਾ ਲਿਖਾਓ। ਪੰਧਨਾਮਾ ਲਿਖ ਦਿਤਾ ਗਿਆ ਕਿਹਾ ਕਿ ਜਦੋਂ ਮੇਰਾ ਜਨਾਜ਼ਾ ਜਾਵੇ ਮੇਰੇ ਹੱਥ ਵੀ ਬਾਹਰ ਕੱਢ ਦਿਓ, ਪੈਰ ਵੀ ਬਾਹਰ ਕੱਢ ਦਿਓ। ਗੁਰਮੁਖ ਆਤਮਾ ਭਾਈ ਚੰਦਾ ਸਿੰਘ ਨੂੰ ਕਹਿਣ ਲੱਗੇ ਤੁਸੀਂ ਸੁਣੀ ਹੈ ਨਾ ਸਾਖੀ? ਕਹਿਣ ਲੱਗੇ ਹਾਂ, ਸੁਣੀ ਹੈ। ਕਹਿਣ ਲੱਗੇ ਉਸੇ ਚੀਜ਼ ਵਿਚ

ਤੂੰ ਲਗ ਗਿਆ। ਜਿਹੜੀ ਚੀਜ਼ ਤੇਰੇ ਹੀ ਸ਼ਹਿਰ ਦੇ ਅੰਦਰ ਵਾਪਰੀ ਹੈ। ਤੂੰ ਸੁਣਿਐ ਕਦੇ ਕਦੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਇਹਦੇ ਬਾਰੇ ਕਿ –

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*

*ਪੰਨਾ - 1365*

*ਧਾਰਨਾ - ਖਾਲੀ ਹੱਥ ਦੁਨੀਆਂ ਵਿਚੋਂ ਜਾਣਗੇ*
*ਮਾਲਕ ਕਰੋੜਾਂ ਦੇ - 2, 2.*
*ਮੇਰੇ ਪਿਆਰੇ ਮਾਲਕ ਕਰੋੜਾਂ ਦੇ - 2, 2.*
*ਖਾਲੀ ਹੱਥ ਦੁਨੀਆਂ ਵਿਚੋਂ ਜਾਣਗੇ........-2*

ਵੱਡਾ ਕਾਰੋਬਾਰ ਚਲਾ ਲਿਆ, ਮੁਬਾਰਕ ਹੈ, ਧਨ ਹੋਣਾ ਚਾਹੀਦਾ ਹੈ ਆਦਮੀ ਕੋਲ ਕਿਉਂਕਿ ਧਨ ਤੋਂ ਬਗੈਰ ਕੰਮ ਨਹੀਂ ਚਲਦਾ, ਕੋਈ ਪੁਛਿਆ ਨਹੀਂ ਕਰਦਾ। ਲੇਕਿਨ ਇਹ ਕੋਈ ਐਡੀ ਜ਼ਰੂਰੀ ਨਹੀਂ ਹੈ, ਇਸ ਤੋਂ ਵੀ ਵੱਡੀ ਚੀਜ਼ ਜਿਹੜੀ ਹੈ ਉਹ ਹੈ ਕਿ ਜਿਸ ਕੰਮ ਨੂੰ ਕਰਨ ਵਾਸਤੇ ਆਪਾਂ ਆਏ ਹਾਂ ਗੁਰਮੁਖਾ! ਉਹ ਕੰਮ ਵੀ ਕਰਨਾ ਚਾਹੀਦਾ ਹੈ। ਕਹਿਣ ਲੱਗੇ, ਤੇਰੇ ਵਿਵਹਾਰ ਵੱਧ ਜਾਣ ਕਰਕੇ ਵਿਕਸ਼ੇਪਤਾ ਵੱਧ ਗਈ। ਠੀਕ ਹੈ, ਤੇਰਾ ਸੁਭਾਅ ਬੜਾ ਚੰਗਾ ਹੈ, ਗੁਰਦੁਆਰੇ ਜਾਨੈ, ਸੇਵਾ ਕਰਦੈਂ, ਆਏ ਗਏ ਅਤਿਥੀ ਦੀ ਸੇਵਾ ਕਰਦੈਂ, ਪਰ ਕੀ ਸੰਸਾਰ ਤੋਂ ਚਲਨਾ ਵੀ ਦ੍ਰਿੜ੍ਹ ਕਰਿਐ? ਨਿਸ਼ਚੇ 'ਚ ਹੈ ਕਿ ਇਥੋਂ ਚਲੇ ਜਾਣਾ ਹੈ? ਨਾ ਬਈ! ਕਿਸੇ ਦੇ ਨਿਸ਼ਚੇ ਵਿਚ ਨਹੀਂ ਹੈ ਇਸ ਦਾ ਕਾਰਨ ਮਹਾਰਾਜ ਇਸ ਤਰ੍ਹਾਂ ਦਸਦੇ ਹਨ –

*ਧਾਰਨਾ - ਨਹੀਂਓ ਮਰਨ ਪਛਾਣਦਾ*
*ਝੂਠੇ ਲਾਲਚ ਲਗ ਕੇ ਬੰਦਾ - 2, 2.*
*ਝੂਠੇ ਲਾਲਚ ਲਗ ਕੇ ਬੰਦਾ - 2, 2.*
*ਨਹੀਂਓ ਮਰਨ ਪਛਾਣਦਾ.............-2*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥*

*ਪੰਨਾ - 726*

ਜਿਵੇਂ ਫੁੱਟੇ ਹੋਏ ਘੜੇ ਦਾ ਪਾਣੀ ਕਤਰਾ ਕਤਰਾ ਕਰਕੇ ਨਿਕਲ ਜਾਂਦਾ ਹੈ। ਇਕ-ਇਕ ਕਰਕੇ ਤੇਰਾ 24 ਹਜ਼ਾਰ ਸੁਆਸ ਰੋਜ਼ ਨਿਕਲ ਰਿਹਾ ਹੈ। ਸੌ ਸਾਲ ਦੀ ਉਮਰ ਵਾਲੇ ਨੂੰ 88 ਕਰੋੜ 66 ਲੱਖ ਸੁਆਸ ਮਿਲੇ ਹਨ, 75 ਸਾਲ ਵਾਲੇ ਨੂੰ 66 ਕਰੋੜ 45 ਲੱਖ ਸੁਆਸ ਮਿਲੇ ਹਨ, ਨਿਕਲ ਜਾਣੇ ਨੇ ਸਾਰੇ ਹੀ। ਤੁਰੇ ਹੀ ਜਾ ਰਹੇ ਨੇ, ਕੋਈ ਨਹੀਂ ਰੋਕ ਸਕਦਾ ਲੇਕਿਨ ਆਦਮੀ ਨੂੰ ਪਤਾ ਨਹੀਂ ਲਗਦਾ। ਬਚਪਨ ਨੂੰ ਜਵਾਨੀ ਖਾ ਜਾਂਦੀ ਐ, ਜਵਾਨੀ ਨੂੰ ਬੁਢੇਪਾ ਖਾ ਜਾਂਦਾ ਹੈ, ਬੁਢੇਪੇ ਦਾ ਹਰ ਕਦਮ ਹਰ ਸੁਆਸ ਮੌਤ ਵਲ ਨੂੰ ਵਧਦਾ ਤੁਰਿਆ ਜਾਂਦੈ। ਲੇਕਿਨ ਇਹ ਜੀਵ ਅਣਜਾਣ ਹੈ, ਇਸ ਨੂੰ ਪਤਾ ਨਹੀਂ ਲਗਦਾ। ਐਥੇ ਸੰਸਾਰ ਤੇ ਰਹਿਣ ਨੂੰ, ਸੱਤ ਮੰਨਦੈ, ਜਿਸ ਥਾਂ ਤੇ ਜਾ ਕੇ ਰਹਿਣਾ ਤੇ ਵਸਣਾ ਹੈ, ਉਸ ਦਾ ਧਿਆਨ ਨਹੀਂ ਦਿੰਦਾ। ਮਹਾਰਾਜ ਕਹਿੰਦੇ ਤੂੰ ਤਾਂ ਕੁਛ ਭੀ ਨਹੀਂ ਹੈਂ। ਵੱਡੀਆਂ-ਵੱਡੀਆਂ ਉਮਰਾਂ ਵਾਲੇ ਸ਼ਿਵ ਜੀ ਮਹਾਰਾਜ ਦੀ ਉਮਰ 16 ਕਰੋੜ ਖਰਬ ਸਾਲ ਦੀ ਹੈ, ਹਿਸਾਬ ਲਾ ਲਉ ਕਿੰਨੀ ਉਮਰ ਹੈ, ਐਡੇ ਐਡੇ ਵੀ ਸੰਸਾਰ ਤੋਂ ਹੋ ਕੇ ਚਲੇ ਗਏ, ਫੇਰ ਆਹ ਸੂਰਜ ਭੀ ਨਹੀਂ ਰਹਿਣਾ, ਚੰਦਰਮਾ ਵੀ ਨਹੀਂ ਰਹਿਣਾ, ਧਰਤੀ ਵੀ ਨਹੀਂ ਰਹਿਣੀ, ਸੂਰਜ ਦਾ ਬ੍ਰਹਿਮੰਡ ਵੀ ਨਹੀਂ ਰਹਿਣਾ, ਆਹ ਤੈਨੂੰ ਜਿੰਨਾਂ ਨਜ਼ਰ ਆਉਂਦੈ ਇਹ ਵੀ ਨਹੀਂ ਰਹਿਣਾ। ਤੂੰ ਕਿਹੜੇ ਭਰੋਸੇ ਦੇ ਵਿਚ ਲੱਗਿਆ ਹੋਇਆ ਆਪਣੇ ਆਪ ਨੂੰ ਥਿਰ ਮੰਨਦੈ? ਗੁਰੂ ਦਸ਼ਮੇਸ਼ ਪਿਤਾ ਜੀ ਯਾਦ ਕਰਵਾਉਂਦੇ ਨੇ ਸਾਨੂੰ ਕਿ ਭਾਈ! ਤੁਸੀਂ ਭੁਲਿਆ ਨਾ ਕਰੋ, ਇਸ ਤਰ੍ਹਾਂ ਫੁਰਮਾਉਂਦੇ ਹਨ –

*ਧਾਰਨਾ - ਇਥੇ ਰਿਹਾ ਨਾ ਜਗਤ ਉਤੇ ਕੋਈ,*
*ਵਾਰੀ ਆਈ ਉਠ ਜਾਵਣਾ - 2, 2.*
*ਵਾਰੀ ਆਈ ਜੀ ਉਠ ਜਾਵਣਾ - 2, 2.*
*ਇਥੇ ਰਿਹਾ ਨਾ ਜਗਤ ਉਤੇ ਕੋਈ,........-2*

*ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥*

*ਅਕਾਲ ਉਸਤਤਿ*

*ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥*
*ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥*

*ਪੰਨਾ - 1380*

ਕਹਿਣ ਲੱਗੇ ਗੁਰਮੁਖ ਪਿਆਰਿਆ! ਵਿਚਾਰਦਾ ਹੁੰਦਾ ਹੈ ਬਾਣੀ? ਕਹਿੰਦੇ ਪੜ੍ਹਦਾ ਤਾਂ ਹੁੰਦਾ ਹਾਂ ਜੀ। ਇਹ ਬਾਣੀ ਵੀ ਜਿਹੜੀ ਤੁਸੀਂ ਮੈਨੂੰ ਸੁਣਾਈ ਹੈ, ਪਰ ਮੈਂ ਕਦੇ ਗਹੁ ਨਹੀਂ ਕੀਤਾ, ਧਿਆਨ ਨਹੀਂ ਕੀਤਾ ਕਿਉਂਕਿ ਇਹ ਤਾਂ ਅੱਜ ਮੇਰੀ ਸਮਝ ਵਿਚ ਪਿਆ ਹੈ ਕਿ ਇਥੋਂ ਤਾਂ ਜਾਣਾ ਹੀ ਜਾਣਾ ਹੈ ਕਿਉਂਕਿ *'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ (ਪੰਨਾ - 474)* ਜਦੋਂ ਵਾਰੀ ਆਉਣੀ ਹੈ, ਉਸ ਦਿਨ ਆਪਾਂ ਤੁਰ ਜਾਣੈ, ਮੁੜ ਕੇ ਐਸੇ ਗੁੰਮ ਹੋਣੈ, ਗੁੰਮਨਾਮ ਹੋਣੈ, ਨਾਮ ਵੀ ਭੁੱਲ ਜਾਣਗੇ; ਕਿਸੇ ਦੇ ਚਿਤ ਚੇਤੇ ਨਹੀਂ ਰਹਿਣਾ ਬਈ ਕੌਣ ਹੋਇਆ, ਕੌਣ ਨਹੀਂ ਹੋਇਆ। ਸੋ ਥੋੜ੍ਹਾ ਜਿਹਾ ਸਮਾਂ ਮਿਲਿਐ, ਇਹਦਾ ਫਾਇਦਾ ਉਠਾ ਲਈਏ। .....ਇਹ ਲੰਘਦਾ ਹੈ ਟੁਰਿਆ ਜਾਂਦਾ ਹੈ, ਮਹਾਰਾਜ ਕਹਿੰਦੇ ਕਿ ਕਾਰਨ ਇਹ ਹੈ ਕਿ ਲਾਲਚ 'ਚ ਲਗ ਗਿਆ –

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*

*ਪੰਨਾ - 726*

*'ਚਲਦਾ'*

# ਪ੍ਰਭ ਕਾ ਸਿਮਰਨ ਸਾਧ ਕੈ ਸੰਗਿ

*ਡਾ. ਕੁਲਦੀਪ ਸਿੰਘ*

ਇਕ ਬਾਲਕ ਉਮਰ ਲਗਭੱਗ 8-9 ਸਾਲ, ਆਪਣੇ ਪਿੰਡ ਵਿੱਚ ਅਖੰਡਪਾਠ ਦੇ ਭੋਗ ਉਪਰੰਤ ਲੰਗਰ ਦੀ ਪੰਗਤ ਵਿੱਚ ਬੈਠਾ ਹੈ। ਸਾਹਮਣੇ ਅਖੰਡ ਕੀਰਤਨੀ ਦੇ ਜਥੇਦਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਜੇ ਹੋਏ ਹਨ। ਪ੍ਰਸ਼ਾਦਾ ਵਰਤਣ ਵਿੱਚ ਸਮਾਂ ਹੈ। ਅਚਾਨਕ ਬਾਲਕ ਮਸਤੀ ਵਿੱਚ ਹਿਲ ਰਿਹਾ ਹੈ। ਭਾਈ ਸਾਹਿਬ ਨੇ ਝੂਮਦੇ ਬਾਲਕ ਨੂੰ ਦੇਖਿਆ ਅਤੇ ਬੁਲਾ ਕੇ ਝੂਮਣ ਦਾ ਕਾਰਣ ਪੁਛਿਆ। ਬਾਲਕ ਨੇ ਦਸਿਆ ਮੇਰੇ ਅੰਦਰ ਇਹ ਸ਼ਬਦ 'ਮਨ ਬੈਰਾਗ ਪਿਆ ਦਰਸ਼ਨ ਦੇਖਣੇ ਕਾ ਚਾਉ' ਲਯਬੰਦੀ ਕਰ ਰਿਹਾ ਹੈ। ਭਾਈ ਸਾਹਿਬ ਦੇ ਅੰਦਰ ਵੀ ਪ੍ਰਬਲ ਜਗਿਆਸਾ ਇਹੀ ਸ਼ਬਦ ਦਾ ਉਚਾਰਨ ਕਰ ਰਹੀ ਸੀ। ਭਾਈ ਸਾਹਿਬ ਨੇ ਆਪਣੇ ਜੱਥੇ ਦੇ ਸੇਵਕਾਂ ਨੂੰ ਬਾਲਕ ਦੀ ਜਗਿਆਸੂ ਹਾਲਤ ਬਾਰੇ ਦੱਸਿਆ ਅਤੇ ਪ੍ਰਸੰਨ ਹੋ ਕੇ ਬਲਿਹਾਰ ਜਾਣ ਲੱਗੇ।

*ਜਿਸ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥* *ਪੰਨਾ - 266*

ਸਾਰਾ ਸੰਸਾਰ ਰੋਗੀ ਹੈ-

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥* *ਪੰਨਾ - 1140*

ਇਨ੍ਹਾਂ ਚਾਰ ਮੁੱਖ ਰੋਗਾਂ ਦਾ ਗੁਰੂ ਨਾਨਕ ਸਾਹਿਬ ਜੀ ਵੈਦ ਨੂੰ ਜਿਕਰ ਕਰਦੇ ਹਨ-

*ਦੁਖੁ ਵੇਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੇ ਤਨਿ ਧਾਇ॥* *ਪੰਨਾ - 1256*

ਬਾਲਕ ਆਪਣੇ ਦੁਖ ਦਾ ਕਾਰਣ ਜੀਵ ਆਤਮਾ ਦਾ ਪ੍ਰਮੇਸਰ ਨਾਲੋ ਵਿਛੋੜਾ ਚੰਗੀ ਤਰ੍ਹਾਂ ਸਮਝਦਾ ਸੀ। ਇਸ ਦੁਖ ਤੋਂ ਉੱਠੀ ਪਰਾ ਬਾਣੀ ਨੂੰ ਭਾਈ ਸਾਹਿਬ ਦੇ ਅੰਦਰ ਚੱਲ ਰਹੇ ਵਿਰਾਗਮਈ ਸ਼ਬਦ ਰਾਹੀਂ ਅੱਖਰ ਮਿਲ ਗਏ ਜਿਸਦੀ ਲਯਬੰਦੀ ਨੇ ਵਿਰਾਗ ਨੂੰ ਝੂਮਣ ਲਾ ਦਿੱਤਾ।

ਜਲਦੀ ਹੀ ਇਸ ਜਗਿਆਸਾ ਦੀ ਪੁਕਾਰ ਸੁਣੀ ਗਈ। ਸੰਜੋਗ ਬਣੇ, ਪ੍ਰਮੇਸਰ ਨੇ ਸਾਕਾਰ ਰੂਪ ਵਿਚ ਦਰਸ਼ਨ ਦੇ ਆਪਣੇ ਲੜ ਲਾ ਆਪਣੇ ਵਿਚ ਅਭੇਦ ਕਰ ਲਿਆ। ਇਹ ਵਾਰਤਾ, ਇਹ ਅਨੂਠਾ ਬਾਲਕ, ਰਤਵਾੜਾ ਸਾਹਿਬ ਦੇ ਮਹਾਂਪੁਰਖਾਂ ਦੇ ਬਾਲ ਸਰੂਪ ਦੀ ਹੀ ਘਟਨਾ ਹੈ।

ਸਾਡੇ ਸਭ ਦੇ ਅੰਦਰ ਵੀ ਇਹੀ ਵਿਛੋੜੇ ਦੀ ਲਹਿਰ ਉਠਦੀ ਹੈ। ਇਹ ਲਹਿਰ ਜਦੋਂ ਸਾਡੀ ਸੋਚ ਤੱਕ, ਜੋ ਬੜੀ ਹੇਠਲੀ ਪੱਧਰ ਤੇ ਡਿੱਗੀ ਹੋਈ ਹੈ ਤੇ ਪਹੁੰਚਦੀ ਹੈ ਤਾਂ ਵਿਛੋੜੇ ਨੂੰ ਅਸਥੂਲ ਮੰਡਲ ਦਾ ਸਮਝ ਕੇ ਪਦਾਰਥਾਂ ਦੀ ਲਬ ਨੂੰ ਪਕੜਦੀ ਹੈ। ਸਾਡਾ ਸਾਰਾ ਜੀਵਨ ਮਿੱਟੀ-ਪੱਥਰਾਂ ਨੂੰ ਜੱਫਾ ਮਾਰੀ ਰਖਦਾ ਹੈ। ਗੁਰਬਾਣੀ ਦੀ ਸੂਖਮ ਸੇਧ ਜੋ ਧੰਨਵਾਦ ਲਈ ਗਾਈ ਜਾਣੀ ਚਾਹੀਦੀ ਸੀ, ਮੰਗ ਰੂਪ ਧਾਰ ਲੈਂਦੀ ਹੈ। ਸਾਡੇ ਜੀਵਨ ਦੀ ਕਾਰਵਾਈ -

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥*
*ਪੰਨਾ - 681*

ਦੇ ਮਨਮਤਿ ਅਰਥਾਂ ਤੱਕ ਹੀ ਸੀਮਤ ਰਹਿੰਦੀ ਹੈ। ਵਾਸਨਾ ਵਿਚ ਅੰਨੀਆਂ ਹੋਈਆ ਅੱਖਾਂ ਹਰ ਸਮਾਜਕ, ਪਰਿਵਾਰਕ ਮੇਲ-ਜੋਲ ਵਿਚ ਧਰਮ ਦਾ, ਗੁਰੂ ਗ੍ਰੰਥ ਸਾਹਿਬ ਜੀ ਦਾ, ਕੀਰਤਨ ਦਾ, ਹੁਕਮਨਾਮੇ ਵਿਚ 'ਜੋ ਮਾਗਹਿ ਠਾਕੁਰ ਅਪੁਨੇ ਤੇ' ਤੋਂ ਪਦਾਰਥਾਂ ਦੀ ਲਬ, ਉਸਦੀ ਪੂਰਤੀ ਅਤੇ ਪੂਰਤੀ ਬਾਅਦ ਉੱਠੀ ਹੋਰ ਤ੍ਰਿਸ਼ਨਾ ਤੱਕ ਦੇਖਣ ਦੀ ਕ੍ਰਿਆਸ਼ੀਲਤਾ ਕਰਦੀਆਂ ਹਨ। ਅਸਥੂਲ ਮੰਡਲ ਦੀਆਂ ਵਾਸ਼ਨਾਵਾਂ ਦੀ ਪੂਰਤੀ ਦਾ ਧੰਨਵਾਦ ਅਤੇ ਨਾਲ ਹੀ ਗੁਪਤ ਅਰਦਾਸ ਅਗਲੀ ਤ੍ਰਿਸ਼ਨਾ ਲਈ ਸਾਨੂੰ ਧਾਰਮਕ ਰੂਪ ਅਖਤਿਆਰ ਕਰਾਂਦੀ ਹੈ। ਇਹਨਾਂ ਪਦਾਰਥਾਂ ਦੀ ਪਕੜ ਮਰਨ ਉਪਰੰਤ ਵੀ ਸੂਖਮ ਅਤੇ ਕਾਰਨ ਸਰੀਰ ਨਾਲ ਚਿਪਟ ਪਰਲੋਕ ਵਿਚ ਦੁਖ ਦਾ ਕਾਰਣ ਬਣਦੀ ਹੈ। ਚਿੱਖਾ ਵਿਚ ਪੁੱਤਰ ਵਲੋਂ ਮਾਰਿਆ ਸਿਰ ਵਿਚ ਡੰਡਾ ਇਹਨਾ ਪਕੜਾਂ ਨੂੰ ਛੁਡਾਣ ਵਿਚ ਅਸਮਰੱਥ ਹੈ। ਅੰਤ ਸਮੇਂ ਮੋਹ ਵਿਚ ਬਣੀ ਮਕਾਨ ਦੀ ਸਿਮ੍ਰਤੀ 'God Blessings' ਜਾਂ 'ਇਹ ਭਿ ਦਾਤਿ ਤੇਰੀ ਦਾਤਾਰ' ਸ਼ਬਦ ਘਰ ਤੇ ਲਿਖਾਣ ਨਾਲ ਪ੍ਰੇਤ ਬਨਣ ਤੋਂ ਨਹੀਂ ਰੋਕ ਸਕਦੀ।

ਕੁਝ ਕਾਰਨ ਜਿਹੜੇ ਸਾਡੀ ਸੋਚ ਨੂੰ ਇਸ ਪੱਧਰ ਤੋਂ ਉੱਤੇ ਨਹੀਂ ਉਠਣ ਦਿੰਦੇ, ਆਪ ਜੀ ਨਾਲ ਇਹਨਾਂ ਦੋ ਲੇਖਾਂ ਵਿਚ ਸਾਂਝਾ ਕਰਨਾ ਚਾਹਾਂਗਾ। ਬੁਢਾਪੇ ਤੱਕ ਵੀ ਸਾਡੇ ਅੰਦਰੋਂ ਉਠਦੀ ਵਿਛੋੜੇ ਦੀ ਲਹਿਰ ਕਿਉਂ ਸਹੀ ਦਿਸ਼ਾ ਅਤੇ ਪ੍ਰੇਰਨਾ ਨਹੀਂ ਬਣ ਸਕੀ ਅਤੇ ਮੁੜ-ਮੁੜ ਇਸ ਵਿਰਹ ਦੀ ਦੂਰੀ ਨੂੰ ਮੇਟਣ ਲਈ ਜਨਮ ਅਤੇ ਜੂਨੀਆਂ ਧਾਰਦੀ ਅਤੇ ਉਲਝਦੀ ਰਹਿੰਦੀ ਹੈ। ਅੱਜ ਵਿਗਿਆਨੀ ਬੋਲੀ ਵਿਚ ਵੀ ਇਸ ਨੂੰ ਸਮਝਿਆ ਜਾ ਸਕਦਾ ਹੈ। ਬਹੁਤ ਸਾਰੀਆਂ Biophysics ਦੀਆਂ ਖੋਜਾਂ ਇਸ ਦਿਸ਼ਾ ਵਿਚ ਹੋ ਰਹੀਆ ਹਨ ਜਿਨ੍ਹਾ ਦੇ ਮੁਢੱਲੇ ਸਿੱਟੇ ਸਾਡੇ ਜੀਵਨ ਨੂੰ ਬਦਲਣ ਵਿਚ ਕਾਰਗਾਰ ਸਿੱਧ ਹੋ ਸਕਦੇ ਹਨ।

ਸਭ ਤੋਂ ਪਹਿਲਾਂ ਇੱਕ ਇਤਿਹਾਸਕ ਘਟਨਾ ਜਿਸ ਬਾਰੇ ਸਾਰੇ ਜਾਣੂ ਹਨ, ਜਿਕਰ ਕਰਾਂਗਾ। ਗੁਰੂ ਨਾਨਕ ਸਾਹਿਬ ਨੇ ਸੱਜਣ ਠੱਗ ਦੇ ਕੋਲ ਡੇਰਾ ਲਾਇਆ ਹੋਇਆ ਹੈ। ਘਟ-ਘਟ ਦੀ ਜਾਨਣ ਵਾਲੇ ਗੁਰੂ ਇਕ ਸ਼ਬਦ ਦਾ ਉਚਾਰਣ ਕਰਦੇ ਹਨ -

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥*

*ਪੰਨਾ - 729*

ਸੱਜਣ ਠੱਗ ਚਰਨੀ ਢਹਿ ਪਿਆ। ਜੀਵਨ ਬਦਲ

ਗਿਆ। ਮੰਦੇ ਕੰਮ ਛੱਡ, ਨੇਕੀ ਦੀ ਰਾਹ ਤੇ ਆ ਗਿਆ। ਨਾਮ ਦਾ ਉਪਦੇਸ਼ ਖੁਦ ਨੂੰ ਵੀ ਅਤੇ ਲੋਕਾਂ ਨੂੰ ਪ੍ਰਚਾਰਣ ਲੱਗਾ।

ਸਾਡੇ ਕੋਲ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਨਾ-729 ਉਪਰ ਦਰਜ ਹੈ। ਅਸੀ ਇਸ ਨੂੰ ਬਹੁਤ ਵਾਰੀ ਪੜ੍ਹਦੇ ਹਾਂ, ਗਾਂਦੇ ਹਾਂ ਜਾਂ ਉਸੇ ਰਾਗ ਵਿਚ ਕੀਰਤਨੀ ਰਾਗੀਆਂ ਤੋਂ ਸੁਣਦੇ ਵੀ ਹਾਂ, ਪਰ ਜੀਵਨ ਬਦਲਾਹਟ ਮਹਿਸੂਸ ਨਹੀਂ ਕਰ ਰਿਹਾ। ਜੀਵਨ ਦਾ ਪੱਧਰ ਡਿੱਗ ਤਾਂ ਭਾਵੇਂ ਰਿਹਾ ਹੈ ਪਰ ਚੜ੍ਹਾਈ ਨਹੀਂ ਕਰ ਰਿਹਾ।

ਕੀ ਕਾਰਣ ਹੋ ਸਕਦਾ ਹੈ? ਬਹੁਤ ਵਾਰੀ ਕਿਹਾ ਜਾਂਦਾ ਹੈ ਕਿ ਸਾਡੀ ਭਾਵਨਾ ਠੀਕ ਨਹੀਂ। ਹੋ ਸਕਦਾ ਹੈ, ਪਰ ਸ਼ਾਇਦ ਸੱਜਣ ਠੱਗ ਜਿੰਨੀ ਮਾੜੀ ਵੀ ਨਹੀਂ। ਉਹ ਤਾਂ ਗੁਰੂ ਸਾਹਿਬ ਨੂੰ ਲੁੱਟਣ ਦੀ, ਮਾਰਣ ਦੀ ਭਾਵਨਾ ਵਿਚ ਬੈਠਾ ਹੈ ਜਦੋਂ ਉਸਦਾ ਜੀਵਨ ਰੁਪਾਂਤਰ ਹੋਇਆ। ਸ਼ਾਇਦ ਜੀਵਨ ਵਿਚ ਅਸੀਂ ਉਸ ਪੱਧਰ ਦੀ ਠੱਗੀ-ਚੋਰੀ ਵੀ ਨਾ ਕੀਤੀ ਹੋਵੇ। ਸੱਜਣ ਠੱਗ ਤਾਂ ਬੰਦਾ ਲੁੱਟ ਕੇ ਅੰਨ੍ਹੇ ਖੂਹ ਵਿਚ ਧੱਕ ਦਿੰਦਾ ਸੀ। ਜੇ ਇਹ ਮੰਨ ਲਿਆ ਜਾਵੇ ਕਿ ਉਸ ਦੇ ਪੁੰਨ ਕਰਮਾਂ ਦਾ ਸਮਾ ਆ ਗਿਆ ਸੀ ਤਾਂ ਸ਼ਾਇਦ ਮੈਂ ਇਸਨੂੰ ਅਹਮੀਅਤ ਨਹੀਂ ਦੇਣਾ ਚਾਹਾਂਗਾ ਤਾਂ ਜੋ ਹਰ ਆਦਮੀ ਮੰਦੇ ਕੰਮ ਕਰਦਾ ਹੋਇਆ ਵੀ ਪ੍ਰਮੇਸ਼ਰ ਦੀ ਆਸ ਰੱਖੇ ਅਤੇ ਪਾਪ ਕਰਮ ਵਧਾ ਲਵੇ। ਜੇ ਅਸੀਂ ਕਹੀਏ ਕਿ ਸ਼ਬਦ ਗੁਰੂ ਦੇ ਮੁਖ ਤੋਂ ਉਚਾਰਨ ਹੋਏ ਤਾਂ ਸਾਡੇ ਕੋਲ ਅਜੇ ਵੀ ਦਸਾਂ ਗੁਰਾਂ ਦੀ ਪ੍ਰਗਟ ਦੇਹ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਹਨ। ਜੇ ਇਹ ਮੰਨ ਲਿਆ ਜਾਵੇ ਕਿ ਘਟਨਾ ਇੱਕਲੇ ਵਿਚ ਵਾਪਰੀ ਤਾਂ ਅੱਜ ਬਹੁਤ ਘਰਾਂ ਵਿਚ ਗੁਰੂ ਸਾਹਿਬ ਬਿਰਾਜਮਾਨ ਹਨ। ਹਰ ਪਿੰਡ ਵਿਚ ਆਪਣੇ-ਆਪਣੇ ਭਾਈਚਾਰੇ ਦੇ ਗੁਰਦੁਆਰੇ ਹਨ ਜਿਥੇ ਕੋਈ ਜਾਤ ਦਾ ਊਚ-ਨੀਚ ਦਾ ਭੇਦ-ਭਾਵ ਨਹੀਂ ਆਉਂਦਾ। ਜੇ ਇਹ ਸੋਚ ਲਈਏ ਕਿ ਗੁਰੂ ਸਾਹਿਬ ਦੇ ਕਹਿਣ ਵਿਚ ਧੜਕਣ (vibration) ਸੀ ਤਾਂ ਅੱਜ ਵਿਗਿਆਨਕ ਯੁੱਗ ਵਿਚ Amplifier ਰਾਹੀਂ ਹਜਾਰਾਂ ਗੁਣਾ ਧੜਕਣ (Vibration) ਵਧਾ ਕੇ ਸਰੀਰ ਦੇ ਇੱਕ-ਇੱਕ ਅਣੂ ਵਿਚ ਥਿਰਕਨ ਦੇ ਸਕਦੇ ਹਾਂ ਪਰ ਜੀਵਨ ਵਿਚ ਬਦਲਾਹਟ ਨਹੀਂ ਆਂਦੀ।

ਅੱਜ ਅਹੰਕਾਰ ਵੱਸ ਅਸੀ ਇਸ ਕ੍ਰਿਆ ਨੂੰ ਅਗਿਆਨਤਾ ਵਿਚ ਧੱਕ ਦਿੱਤਾ। ਇਸ ਨੂੰ ਅਸੀ ਕਿੰਨੀ ਦੇਰ ਅੱਖੋਂ ਉਹਲੇ ਕਰ ਸਕਾਂਗੇ। ਸਾਡੀ ਆਣ ਵਾਲੀ ਤਰਕ ਸੰਗਤ ਪੀੜੀ ਸ਼ਾਇਦ ਸਾਡੇ ਡਰਾਣ ਧਮਕਾਣ ਤੇ ਚੁੱਪ ਨਾ ਹੋ ਸਕੇ।

ਅੱਜ Biophysics ਦੇ ਨਾਮ ਤੇ ਹੋ ਰਹੀਆਂ ਖੋਜਾਂ ਕੋਈ ਨਵੀਆਂ ਨਹੀ। ਇਹ ਸਾਰਾ ਵਿਗਿਆਨ ਸਾਡੇ ਵਡੇਰਿਆ ਦੀ ਸੂਝ ਵਿਚ ਮੌਜੂਦ ਸੀ। ਸਾਡੀ ਧਰਤੀ ਦੇ ਬਦਲਦੇ electro-magnetic field (ਬਿਜਲੀ ਚੁੰਬਕੀ ਖੇਤਰ) ਅਤੇ ਉਸਦਾ ਪੈਂਦਾ ਮਨੁਖੀ ਸੁਭਾਅ ਉਤੇ ਫਰਕ ਦੀ ਜਾਣਕਾਰੀ ਸਰਵਣ ਅਤੇ ਉਸਦੇ ਅੰਨੇ ਮਾਂ-ਬਾਪ ਦੀ ਜੀਵਨ ਗਾਥਾ ਵਿਚੋਂ ਝਲਕਦੀ ਹੈ। ਸਰਵਣ ਆਪਣੇ ਮਾਂ-ਬਾਪ ਨੂੰ ਤੀਰਥ ਯਾਤਰਾ ਕਰਵਾ ਰਿਹਾ ਸੀ। ਅਚਾਨਕ ਮਨ ਵਿਚ ਮਾਤਾ-ਪਿਤਾ ਦਾ ਸਨਮਾਨ ਘਟਣ ਲੱਗਾ। ਸੇਵਾ, ਬੋਝ ਪ੍ਰਤੀਤ ਦੇਣ ਲਗੀ। ਮਾਤਾ-ਪਿਤਾ ਨੇ ਸਰਵਨ ਦੀ ਹਾਲਤ ਦੇਖ ਤੇ ਕੁਝ ਸਵਾਲ ਪੁੱਛੇ ਕਿ ਜਿਸ ਜਗ੍ਹਾ ਪਹੁੰਚੇ ਹਾਂ ਇੱਥੇ ਹਿਰਨ, ਮੋਰ ਹਨ ਜਾ ਨਹੀਂ। ਕੁਝ ਖਾਸ ਦਰਖਤਾਂ ਬਾਰੇ ਪੁਛ ਕੀਤੀ। ਨਾ ਕਹਿਣ ਤੇ ਵਾਪਸ ਮੁੜਨ ਲਈ ਕਿਹਾ। ਕੁਝ ਸਫਰ ਬਾਅਦ ਸਰਵਨ ਆਪਣੇ ਕੀਤੇ ਤੇ ਮਾਫੀ ਮੰਗਣ ਲੱਗਾ। ਮਾਤਾ ਪਿਤਾ ਨੇ ਕਿਹਾ ਕਿ ਇਹ ਤੇਰਾ ਕਸੂਰ ਨਹੀਂ, ਅਸੀਂ ਐਸੀ ਧਰਤੀ ਤੇ ਆ ਗਏ ਸੀ ਜਿੱਥੇ ਮਲੋ ਮੱਲੀ ਮਨ ਵਿਚ ਐਸੇ ਵਿਚਾਰ ਆ ਜਾਂਦੇ ਹਨ।

ਹੁਣ ਸਾਇੰਸਦਾਨਾ ਨੇ ਧਰਤੀ ਤੇ ਐਸੇ electro-magnetic ਖੇਤਰ ਲਭੇ ਹਨ ਜਿਨ੍ਹਾ ਦੀ electro-magnetic ਕਿਰਨਾਂ ਮਨੁੱਖ ਨੂੰ ਲੜਾਈ ਝਗੜੇ ਲਈ ਪ੍ਰੇਰਦੀਆਂ ਹਨ। ਇਨ੍ਹਾ ਖੇਤਰਾਂ ਵਿਚ ਆਮਤੌਰ ਤੇ ਲੜਾਈ ਚਲਦੀ ਰਹਿੰਦੀ ਹੈ ਜਾਂ ਅਮਨ ਦੇ ਸਮੇਂ ਮਾਰੂ ਚੀਜਾਂ ਦੀਆਂ ਕਾਢਾਂ। ਇਹਨਾਂ ਸਾਰੇ ਝਗੜੇ ਵਾਲੇ ਖੇਤਰਾਂ ਦਾ ਬਿਜਲੀ ਚੁੰਬਕੀ ਪ੍ਰਭਾਵ ਇਕੋ ਜਿਹਾ ਹੈ।

ਇਸੇ ਤਰ੍ਹਾ ਵੱਖ-ਵੱਖ ਮੋਸਮਾਂ ਵਿਚ ਬਦਲਦਾ, ਕੁਦਰਤ ਬਨਸਪਤੀ ਦਾ ਪ੍ਰਭਾਵ ਮਨੁੱਖ ਦੇ ਮਨ ਨੂੰ ਪ੍ਰਭਾਵਤ ਕਰਦਾ ਹੈ। ਉਸੇ ਤਰ੍ਹਾ ਮਨੁਖੀ ਸੋਚ ਪ੍ਰਭਾਵ ਬਨਸਪਤੀ ਤੇ ਅਸਰ ਕਰਦਾ ਹੈ। ਕੋਰਟ ਕਚਹਿਰੀ ਵਿਚ ਝਗੜਾਲੂ ਮਨੁਖ ਤੋਂ ਪਿਆ ਦਰੱਖਤਾਂ ਤੇ ਪ੍ਰਭਾਵ ਉਹਨਾਂ ਦੇ ਮੁਰਝਾਏ ਅਤੇ ਸੁਕੇਪੱਣ ਤੋਂ ਨਜ਼ਰ ਆਂਦਾ ਹੈ। ਇਕ ਨਾਮ ਲੇਵਾ ਚੰਗੀ ਸਖਸ਼ੀਅਤ ਪ੍ਰਕਿਰਤੀ ਨੂੰ ਆਪਣੀ ਸ਼ੁਭ ਵਾਸਨਾਵਾਂ ਨਾਲ ਪ੍ਰਭਾਵਤ ਕਰਦੀ ਹੈ।

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ ਪੰਨਾ - 310*

ਹਰ ਮਨੁਖ ਦੇ ਅੰਦਰ ਆਸ-ਪਾਸ ਦੇ ਮਨੁਖ, ਜੜ ਜਾਂ ਚੇਤਨ ਰੂਪ ਪ੍ਰਭਾਵ ਪਾਉਂਦੇ ਹਨ। ਇਸੇ ਲਈ ਅਰਦਾਸ ਵਿਚ ਗੁਰਮੁਖਾਂ ਦਾ ਮੇਲ ਲੋਚਿਆ ਜਾਦਾਂ ਹੈ। ਪੰਛੀਆਂ ਦੇ ਉੱਤੇ ਖੋਜ ਕੀਤੀ ਗਈ। ਪੰਛੀਆਂ ਦੇ ਅੰਦਰ ਕੁਦਰਤੀ ਤੋਰ ਤੇ ਇਕ ਰਡਾਰ ਲਗਿਆ ਹੁੰਦਾ ਹੈ ਜਿਸ ਰਾਹੀਂ ਉਹ ਆਪਣੇ ਘੋਸਲੇ ਵਿਚ ਪਰਤਦੇ ਹਨ। ਜੇ ਪੰਛੀਆਂ ਦੇ ਸਿਰ ਤੇ ਛੋਟਾ ਜਿਹਾ ਚੁੰਬਕ ਚਬੇੜ ਦਿਤਾ ਜਾਵੇ ਤਾਂ ਪੰਛੀ ਆਪਣਾ ਰਾਹ ਭੁੱਲ ਜਾਂਦਾ ਹੈ। ਸਾਡੇ ਅੰਦਰ ਵੀ ਵਿਛੋੜੇ ਦੀ ਉੱਠੀ ਲਹਿਰ ਸਾਡੇ ਖਾਣ-ਪੀਣ-ਪਹਿਨਣ ਸੰਗਤ ਨਾਲ ਪ੍ਰਭਾਵਤ ਹੋ ਕੇ ਵੱਖ-ਵੱਖ ਰੂਪ ਅਖਤਿਆਰ ਕਰ ਲੈਂਦੀ ਹੈ ਜਿਸ ਕਾਰਣ ਅਸੀਂ ਆਪਣੇ ਨਿਜ ਘਰ ਜਾਣ ਦਾ ਰਸਤਾ ਭੁੱਲ ਬੈਠੇ ਹਾਂ।

*ਨੌ ਘਰਿ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*
*ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ॥*
*ਪੰਨਾ - 339*

ਅਜਕਲ੍ਹ ਐਨਕਾਂ ਦੀ ਕੁਛ ਐਸੀ ਕਾਢ ਹੋਈ ਹੈ ਜਿਸ ਨੂੰ ਲਗਾ ਕੇ ਸਭ ਕੁਝ ਪੁੱਠਾ ਨਜਰ ਆਂਦਾ ਹੈ। ਅਸਮਾਨ ਨੀਚੇ ਅਤੇ ਸੜਕ ਉੱਤੇ ਨਜ਼ਰ ਆਂਦੀ ਹੈ। ਇੱਕ ਹਫਤਾ ਲਗਾਤਾਰ ਐਨਕ ਲਗਾਣ ਨਾਲ ਅੱਖ ਵਲੋਂ ਭੇਜੇ ਦਿਮਾਗ ਨੂੰ ਸੰਦੇਸੇ ਰਾਹੀਂ ਸਾਡਾ ਜੀਵਨ ਉਸੇ ਢੰਗ ਵਿਚ ਤਾਲਮੇਲ ਕਰ ਲੈਂਦਾ ਹੈ। ਜੇ ਐਨਕ ਉਤਾਰ ਦਿੱਤੀ ਜਾਵੇ ਤਾਂ ਉਸ ਮਨੁੱਖ ਨੂੰ ਚੱਲਣ ਫਿਰਨ ਦੀ ਤਾਲਮੇਲ (adjustment) ਵਿਚ ਫਿਰ ਸਮਾਂ ਲਗਦਾ ਹੈ। ਜਿਸ ਤਰ੍ਹਾ ਦੀ ਦ੍ਰਿਸ਼ਟੀ ਹੁੰਦੀ ਹੈ ਉਸ ਤਰ੍ਹਾ

ਦਾ ਜੀਵਨ ਵਿਚ ਤਾਲਮੇਲ ਸਮਝੋਤਾ ਹੋ ਜਾਦਾਂ ਹੈ ਅਤੇ ਚੰਗਾ ਲੱਗਣ ਲੱਗ ਜਾਦਾਂ ਹੈ। ਮਨੁੱਖੀ ਸੁਭਾਅ ਵਿਚ ਵੀ ਨੇਕੀ ਅਤੇ ਬਦੀ ਦੀਆਂ ਬਿਰਤੀਆਂ ਹਨ। ਸੋਚ ਵਿਚ ਫਰਕ ਆਣ ਕਰਕੇ ਬਦੀ ਵੀ ਪਿਆਰੀ ਲੱਗਣ ਲੱਗ ਜਾਂਗੀ ਹੈ ਅਤੇ ਨੇਕੀ ਵਾਲਾ ਅੰਤਸ਼ਕਰਨ ਦੱਬ ਜਾਦਾਂ ਹੈ।

ਪ੍ਰਾਕਿਰਤੀ ਦੇ ਪੈਂਦੇ ਪ੍ਰਭਾਵ, ਆਸਪਾਸ ਦੇ ਲੋਕਾਂ ਦੇ ਪ੍ਰਭਾਵ ਹੇਠ ਸਾਡੀ ਸੋਚ ਬਦਲਦੀ ਰਹਿੰਦੀ ਹੈ। ਵਿਗਿਆਨਕ ਤੋਰ ਤੇ ਕੁਝ ਖਾਸ ਮੌਸਮ ਵਿਚ ਚਿੱਤ ਦੀ ਉਦਾਸੀ ਪਾਈ ਜਾਂਦੀ ਹੈ। ਖਾਸ ਮੌਸਮ ਵਿਚ ਖੇੜਾ ਮਹਿਸੂਸ ਹੁੰਦਾ ਹੈ। ਇਹ ਸਾਰੇ ਪ੍ਰਭਾਵਾ ਨੂੰ ਗੁਰਮਤਿ ਦੀ, ਨਾਮ ਦੀ ਰੰਗਤ ਦੇਣ ਲਈ ਬਾਰਹ ਮਾਹਾਂ ਵਿਚੋਂ ਮਨੁੱਖਤਾਈ ਨੂੰ ਉਪਦੇਸ਼ ਦਿੱਤੇ ਗਏ ਹਨ ਤਾਂ ਜੋ ਅਸਲੀ ਵਿਛੋੜੇ ਦੀ ਕਿਰਨ ਨੂੰ ਫੜ ਜਗਿਆਸਾ ਵਸ ਕਦਮ ਪੁੱਟਣ। ਪ੍ਰਮੇਸਰ ਤਾਂ ਮਿਲਣ ਲਈ, ਮੇਲਣ ਲਈ ਸਦਾ ਹੀ ਉਡੀਕ ਕਰਦਾ ਹੈ।

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,*
*ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥*
*ਕਬਿੱਤ ਭਾਈ ਗੁਰਦਾਸ ਜੀ*

ਜਿੰਦਗੀ ਵਿਚ ਸਾਡਾ ਮੇਲ-ਜੋਲ electro magnetic forces of attraction & repulsion ਪ੍ਰਭਾਵਾਂ ਥੱਲੇ ਹੁੰਦਾ ਹੈ। ਇਹਨਾਂ ਪ੍ਰਭਾਵਾਂ ਹੇਠ ਸਾਡੀ ਸ੍ਰਿਸ਼ਟੀ ਦੀ ਸਾਰੀ ਕਿਰਿਆ ਚੱਲ ਰਹੀ ਹੈ।

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ*
*ਲੇਖੇ ਆਵਹਿ ਭਾਗ॥* *ਪੰਨਾ - 6*

ਇਹਨਾਂ ਪ੍ਰਭਾਵਾਂ ਹੇਠ ਗੁਰੂ ਨਾਨਕ ਸਾਹਿਬ ਦਾ ਅਤੇ ਸੱਜਣ ਠੱਗ ਦਾ ਮੇਲ ਹੋਇਆ। ਗੁਰੂ ਨਾਨਕ ਸਾਹਿਬ ਦੇ ਅੰਦਰੋ ਨਿਕਲ ਰਹੀਆਂ ਕਿਰਨਾਂ (Waves) ਨੇ ਸੱਜਣ ਠੱਗ ਦੇ ਅੰਤਸ਼ਕਰਨ ਨੂੰ ਪ੍ਰਭਾਵਿਤ ਕੀਤਾ। ਚੇਤਨਤਾ ਉਥੇ ਪਹੁੰਚ ਗਈ ਜਿਥੇ ਨਾਮ ਜੱਪ ਕੇ ਲੇ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥* *ਪੰਨਾ - 8*

ਇਹ ਦੇਵ ਸੁਧ ਜੋ ਜੀਵ ਆਤਮਾ ਦਾ ਸਤੋ ਗੁਣੀ ਸੁਭਾਅ ਹੈ ਜੇ ਪ੍ਰਾਪਤ ਹੋ ਜਾਵੇ ਤਾਂ ਬਦੀਆਂ ਦਾ ਜੋਰ ਨਹੀਂ ਚਲਦਾ। ਮੰਜਿਲੇ ਮਕਸੂਦ ਦੀ ਨੇੜਤਾ, ਸਤਿ ਚਿੱਤ ਆਨੰਦ ਅਤੇ ਫੈਲਿਆ ਹੋਇਆ ਅਨੁਰਾਗ ਮਹਿਸੂਸ ਹੁੰਦਾ ਇਸਨੂੰ ਬਦੀ ਤੋਂ ਰੋਕਦਾ ਹੈ। ਜੀਵਨ ਰੁਪਾਂਤਰ ਹੋ ਜਾਂਦਾ ਹੈ। ਇਹੀ ਕ੍ਰਿਆ ਵਾਪਰੀ ਸੀ ਵਲੀ ਕੰਧਾਰੀ ਨਾਲ, ਕੋਡੇ ਰਾਖਸ਼ ਨਾਲ, ਭੁਮੀਏ ਚੋਰ ਨਾਲ। ਮਹਾਤਮਾ ਬੁਧ ਤੇ ਉਗਲੀਮਲ ਡਾਕੂ ਨਾਲ ਵੀ ਇਹੀ ਕਿੱਸਾ ਵਰਤਿਆ। ਮਹਾਤਮਾ ਅਤੇ ਗਨਿਕਾ ਦੀ ਮੁਲਾਕਾਤ ਵਿਚ ਅੰਤਕਾਲ ਗਨਕਾ ਵਮਾਨਾ ਵਿਚ ਇਸ ਕ੍ਰਿਆ ਕਰਕੇ ਉੱਤਲੇ ਲੋਕਾਂ ਚ' ਗਈ।

ਇਹ ਕ੍ਰਿਆ ਅੱਜ ਵੀ ਵਾਪਰ ਸਕਦੀ ਹੈ। ਲੋੜ ਹੈ ਆਪਣੇ ਪ੍ਰਚਲਤ ਮਨਮਤਿ ਭਰਮਾਂ ਤੋਂ ਨਿਕਲ ਕੇ ਗੁਰੂ ਗੰਥ ਸਾਹਿਬ ਜੀ ਦੇ ਉਪਦੇਸ ਨੂੰ ਕਮਾਣ ਦੀ ਜਿਸ ਵਿਚ ਬਾਰ-ਬਾਰ ਸਾਧੂ ਸੰਤ ਦੀ ਸ਼ਰਨ ਵਿਚ ਜਾਣ ਲਈ ਪ੍ਰੇਰਨਾਂ ਦਿੱਤੀ ਜਾਂਦੀ ਹੈ। ਸਾਨੂੰ ਵਿਗਿਆਨੀ ਪੱਧਰ ਤੇ ਸਾਧੂ ਸੰਤ ਦੀ ਸੰਗਤ ਨੂੰ ਮਾਨਤਾ ਦੇਣੀ ਹੀ ਪਵੇਗੀ। 'ਪ੍ਰਭ ਕਾ ਸਿਮਰਨ ਸਾਧ ਕੇ ਸੰਗਿ' ਅਤੇ ਸਾਧ ਸੰਗਿ ਨਾਹੀ ਕਿਛੁ ਘਾਲਿ ਦਰਸ਼ਨ ਭੇਟਤ ਹੋਤ ਨਿਹਾਲ'। ਅੱਜ ਨਹੀਂ ਤਾਂ ਕੱਲ ਵਿਗਿਆਨਕ ਪੱਧਰ ਤੇ 'ਸਾਧ ਕਾ ਸੰਗ' ਸਮਾਜਕ ਮਾਨਤਾ ਪ੍ਰਾਪਤ ਕਰ ਹੀ ਲਵੇਗਾ। ਧਰਤੀ ਕਦੇ ਪੂਰਨ ਮਹਾਤਮਾ ਤੋਂ ਖਾਲੀ ਨਹੀਂ ਹੁੰਦੀ।

ਅੱਜ ਲੋੜ ਹੈ ਅਸੀ ਨਿਸ਼ਚੇ ਨਾਲ, ਜੀਵਨ ਜੀ ਕੇ ਅਤੇ ਮਹਾਂਪੁਰਖਾਂ ਵਾਂਗ ਇਹ ਗਾ ਕੇ ਆਪਣੀ ਆਣ ਵਾਲੀ ਨਸਲ ਨੂੰ ਦਿਸ਼ਾ ਦੇ ਸਕੀਏ।

*ਏਕ ਜੋ ਸਾਧੂ ਮੋਹਿ ਮਿਲਿਓ*
*ਤਿਨ ਲੀਆ ਅੰਚਲਿ ਲਾਇ॥* *ਪੰਨਾ - 1368*

*'ਚਲਦਾ'*

□ □ □ □ □ □ □ □

## ਜ਼ਰੂਰੀ ਬੇਨਤੀ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
7. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ।

**For more information**
**please visit us on internet at :-**
http://www.atammarg.org
&
http://www.atammarg.com

# ਪ੍ਰਚਾਰ ਫੇਰੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ ਨਵੰਬਰ ਅੰਕ, ਪੰਨਾ - 64)*

ਅੱਜ 18 ਮਾਰਚ ਨੂੰ ਹਰ ਰੋਜ਼ ਦੀ ਤਰ੍ਹਾਂ ਨਾਸ਼ਤਾ ਕਰਕੇ ਬਾਹਰ ਬੈਠੀਆਂ ਸੰਗਤਾਂ, ਜੋ ਦੂਰ-ਦੂਰ ਤੋਂ ਸਰਦਾਰ ਮਹਿੰਦਰ ਸਿੰਘ ਗਿੱਲ ਦੇ ਗ੍ਰਿਹ ਵਿਚ ਆ ਕੇ ਮਿਲਣ ਲਈ ਪਹੁੰਚੀਆਂ ਸਨ, ਉਨ੍ਹਾਂ ਨੂੰ ਮਿਲਿਆ। ਉਥੇ ਵੀ ਦੋ ਤਿੰਨ ਕਿਸਮ ਦੀਆਂ ਹੀ ਗੱਲਾਂ ਮੇਰੇ ਸਾਮ੍ਹਣੇ ਆਇਆ ਕਰਦੀਆਂ ਸਨ, ਪਹਿਲੀ ਤਾਂ ਇਹ ਹੋਇਆ ਕਰਦੀ ਸੀ ਕਿ ਸਾਡੀ ਕਮਾਈ ਵਿਚ ਬਰਕਤ ਨਹੀਂ ਪੈਂਦੀ, ਸਾਰਾ ਟੱਬਰ ਦਿਨ ਰਾਤ ਕੰਮ ਕਰਦਾ ਰਹਿੰਦਾ ਹੈ। ਦੂਸਰੀ ਗੱਲ ਇਹ ਹੋਇਆ ਕਰਦੀ ਸੀ ਕਿ ਮੈਂ ਸਾਰੀਆਂ ਦਵਾਈਆਂ ਕਰਕੇ ਦੇਖ ਲਈਆਂ ਪਰ ਮੇਰਾ ਸਵੱਸਥ ਠੀਕ ਨਹੀਂ ਰਹਿੰਦਾ। ਤੀਸਰੀ ਗੱਲ ਹੋਇਆ ਕਰਦੀ ਸੀ ਓਲਾਦ ਬਾਰੇ। ਕਦੇ-ਕਦੇ ਕੋਈ ਕੋਈ ਪ੍ਰੇਮੀ ਆਇਆ ਕਰਦਾ ਸੀ ਜੋ ਰੂਹਾਨੀ ਪ੍ਰਸ਼ਨ ਪੁਛਿਆ ਕਰਦਾ ਸੀ। ਪ੍ਰੇਮੀਆਂ ਨੂੰ ਉਤਰ ਦਿੰਦੇ ਕਾਫੀ ਸਮਾਂ ਲਗ ਜਾਇਆ ਕਰਦਾ ਸੀ, ਫੇਰ ਹਰ ਰੋਜ਼ ਦੀ ਤਰ੍ਹਾਂ ਕਾਰ ਵਿਚ ਸਵਾਰ ਹੋ ਜਾਣਾ ਅਤੇ ਮਿਥੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਸਰਦਾਰ ਮਹਿੰਦਰ ਸਿੰਘ ਗਿੱਲ ਨੇ ਉਨ੍ਹਾਂ ਥਾਵਾਂ ਲਈ ਚਲ ਪੈਣਾ। ਅਸਾਡੀ ਕਾਰ ਦੇ ਪਿਛੇ ਜਥੇ ਦੇ ਸਿੰਘਾਂ ਦੀ ਵੈਨ ਹੋਇਆ ਕਰਦੀ ਸੀ।

ਅੱਜ 18 ਮਾਰਚ ਨੂੰ ਅਸੀਂ ਸਾਊਥ ਵਲ ਨੂੰ ਜਾ ਰਹੇ ਸੀ, ਡਾਕਟਰ ਜਸਬੀਰ ਸੋਨੀ ਨੇ ਮੈਨੂੰ ਦਵਾਈਆਂ ਮਿਥੇ ਸਮੇਂ ਮੁਤਾਬਿਕ ਲੈਣ ਲਈ ਬਹੁਤ ਸਾਵਧਾਨ ਕੀਤਾ ਹੋਇਆ ਸੀ ਪਰ ਮੈਂ ਇਸ ਮਸਲੇ ਵਿਚ ਬਹੁਤ ਹੀ ਅਵਸੇਲਾ ਰਹਿੰਦਾ ਸੀ। ਮੇਰਾ ਸਰੀਰ ਠੀਕ ਸੀ, ਸਵਸੱਥ ਵਿਚ ਕੋਈ ਗੜਬੜ ਨਹੀਂ ਸੀ। ਉਂਝ ਮੈਨੂੰ ਖਾਣ ਪੀਣ ਦੀ ਬੇਪਰਹੇਜ਼ੀ ਨੇ ਖੰਘ ਵੀ ਕਰ ਦਿਤੀ ਅਤੇ ਪੇਟ ਵਿਚ ਗੈਸ ਰਹਿਣ ਲੱਗੀ। ਅੱਜ ਦਾ ਪ੍ਰੋਗਰਾਮ ਫਾਰਮਾਂ ਵਿਚ ਸੀ। ਛੋਟੇ-ਛੋਟੇ ਫਾਰਮਾਂ ਵਿਚ ਮੈਂ ਗਿਆ, ਜ਼ਿਆਦਾਤਰ ਫਾਰਮ ਬਦਾਮਾਂ ਦੇ ਹੀ ਸਨ, ਬਦਾਮਾਂ ਦੇ ਫਾਰਮਾਂ ਨੂੰ ਚਿੱਟੇ ਗੁਲਾਬੀ ਭਾਅ ਮਾਰਦੇ ਫੁੱਲ ਆਏ ਹੋਏ ਸਨ। ਅਜੇ ਬਦਾਮਾਂ ਦੀਆਂ ਡੋਡੀਆਂ ਬਹੁਤ ਛੋਟੀਆਂ ਗੁਛਿਆਂ ਦੇ ਰੂਪ ਵਿਚ ਸਨ। ਸੋ ਇਨ੍ਹਾਂ ਦੇ ਵਿਚੀਂ ਹੁੰਦੇ ਹੋਏ ਅਸੀਂ ਕਈ ਫਾਰਮਾਂ ਵਿਚ ਗਏ, ਫਾਰਮਾਂ ਵਾਲੇ ਆਪਣੇ ਫਾਰਮ ਵਿਚ ਹੀ ਰਹਿੰਦੇ ਸਨ, ਅਮਰੀਕਾ ਵਿਚ ਅਸਾਡੇ ਵਾਂਗੂੰ ਲੇਬਰਾਂ ਫਾਰਮਾਂ ਵਿਚ ਨਹੀਂ ਰਿਹਾ ਕਰਦੀਆਂ, ਲੇਬਰ ਦੀ ਵਰਤੋਂ ਬਹੁਤ ਹੀ ਘੱਟ ਕੀਤੀ ਜਾਂਦੀ ਹੈ ਕਿਉਂਕਿ ਲੇਬਰ ਕਰਨ ਵਾਲੇ ਮਜ਼ਦੂਰ ਦੀ ਘੱਟੋ ਘੱਟ ਤਨਖਾਹ ਛੇ-ਸੱਤ-ਅੱਠ ਡਾਲਰ ਇਕ ਘੰਟੇ ਦੀ ਹੋਣ ਕਰਕੇ ਕਾਫੀ ਮਹਿੰਗੀ ਪੈਂਦੀ ਹੈ। ਇਸ ਦੇ ਮੁਕਾਬਲੇ ਵਿਚ ਹਰ ਫਾਰਮ ਵਿਚ ਲੋੜੀਂਦੀਆਂ ਮਸ਼ੀਨਾਂ ਹਨ ਜਿਨ੍ਹਾਂ ਰਾਹੀਂ ਕੰਮ ਲਿਆ ਜਾਂਦਾ ਹੈ। ਇਸ ਕਰਕੇ ਫਾਰਮ ਵਿਚ ਫਾਰਮ ਦਾ ਮਾਲਕ ਆਪਣੇ ਪਰਿਵਾਰ ਨਾਲ ਇਕੱਲਾ ਹੀ ਰਹਿੰਦਾ ਹੈ। ਇਸ ਤਰ੍ਹਾਂ ਦੂਰ ਤਕ ਇਹ ਫਾਰਮ ਫੈਲੇ ਹੁੰਦੇ ਹਨ। ਆਮ ਤੌਰ ਤੇ ਪੰਜਾਬੀ ਸਿੱਖਾਂ ਨੇ ਆਪਣੇ ਸੁਭਾਅ ਦੇ ਮੁਤਾਬਿਕ ਬਹੁਤ ਸਾਰੇ ਫਾਰਮ ਖਰੀਦੇ ਹੋਏ ਹਨ, ਮੈਂ ਉਨ੍ਹਾਂ ਦੀ ਮਾਇਕ ਹਾਲਤ ਬਾਰੇ ਤਾਂ ਕੋਈ ਗੱਲ ਨਹੀਂ ਕਰ ਸਕਿਆ ਕਿਉਂਕਿ ਐਨੀ ਪੁਛਗਿੱਛ ਦਾ ਸਮਾਂ ਹੀ ਨਹੀਂ ਸੀ ਹੁੰਦਾ। ਪਰ ਮੈਂ ਅੰਦਾਜ਼ਾ ਲਾ ਲੈਂਦਾ ਸੀ ਕਿ ਇਨ੍ਹਾਂ ਕਿਸਾਨਾਂ ਦੀ ਹਾਲਤ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਯੂ.ਪੀ. ਵਿਚ ਵਸਦੇ ਕਿਸਾਨਾਂ ਦੀ ਮੈਂ ਦੇਖੀ ਹੈ। ਆਮ ਤੌਰ ਤੇ ਇਹ ਛੋਟੇ ਫਾਰਮ 100-150 ਏਕੜ ਦੇ ਹੋਇਆ ਕਰਦੇ ਹਨ। ਉਥੇਂ ਬੈਂਕ ਬਹੁਤ ਖੁਲ੍ਹੇ ਦਿਲ ਨਾਲ ਕਰਜ਼ੇ ਦਿੰਦੇ ਹਨ ਜਿਸ ਦਾ ਵਿਆਜ ਵੀ ਕਾਫੀ ਹੈ, ਉਹ ਆਮ ਤੌਰ ਤੇ ਕਿਸਾਨਾਂ ਦੀ ਹਾਲਤ ਪਤਲੀ ਹੀ ਰਖਦਾ ਸੀ। ਸੋ ਮੈਂ ਬਹੁਤ ਸਾਰਿਆਂ ਦੇ ਚਿਹਰਿਆਂ ਤੇ ਚਿੰਤਾਂ ਦੇ ਚਿੰਨ੍ਹ ਪੜ੍ਹ ਲਿਆ ਕਰਦਾ ਸੀ। ਕਿਤੇ-ਕਿਤੇ ਕੋਈ ਕਿਸਾਨ ਐਸਾ ਮਿਲਦਾ ਸੀ ਜੋ ਬਹੁਤ ਹੀ ਵੱਡੀਆਂ ਪ੍ਰਾਪਤੀਆਂ ਕਰ ਚੁਕਿਆ ਹੁੰਦਾ ਸੀ, ਕਲ੍ਹ ਹੀ ਮੈਂ ਜ਼ਿਕਰ ਕੀਤਾ ਸੀ ਕਿ ਮੈਂ ਯੂਬਾਸਿਟੀ ਕੀਰਤਨ ਲਈ ਗਿਆ ਅਤੇ ਅਮਰੀਕਾ ਦਾ ਪ੍ਰਸਿੱਧ ਕਿਸਾਨ ਸਰਦਾਰ ਦੀਦਾਰ ਸਿੰਘ ਬੈਂਸ ਮੈਨੂੰ ਮਿਲਿਆ ਸੀ, ਜਿਸ ਦੇ ਬਾਰੇ ਮਸ਼ਹੂਰ ਹੈ ਕਿ ਉਸ ਦੀ ਜ਼ਮੀਨ ਵਿਚ ਹੀ ਯੂਬਾਸਿਟੀ ਬਣੀ ਹੋਈ ਹੈ।

ਇਸੇ ਤਰ੍ਹਾਂ ਨਾਲ ਅੱਜ ਮੈਂ Silma Sikh Centre ਵਿਚ ਕੀਰਤਨ ਕਰਨਾ ਸੀ, ਉਸ ਤੋਂ ਪਹਿਲਾਂ ਦਿਨ ਵਿਚ ਕਈ ਫਾਰਮਾਂ ਵਿਚ ਚਰਨ ਪਾਏ, ਜਿਨ੍ਹਾਂ ਵਿਚੋਂ ਸਰਦਾਰ ਚਰਨਜੀਤ ਸਿੰਘ ਬਾਠ ਦੇ ਫਾਰਮ ਵਿਚ ਗਿਆ, ਫਾਰਮ ਵਿਚ ਬਹੁਤ ਹੀ ਸੋਹਣੀ ਕੋਠੀ ਉਨ੍ਹਾਂ ਨੇ ਆਪਣੀ ਰਿਹਾਇਸ਼ ਲਈ ਬਣਾਈ ਹੋਈ ਸੀ ਜਿਸ ਵਿਚ ਛੇ ਰਿਹਾਇਸ਼ੀ ਕਮਰੇ ਸਨ, ਕੋਠੀ ਦੋ ਮੰਜ਼ਲੀ ਸੀ, ਉਸ ਦੀ ਸਜਾਵਟ ਪੁਰਾਣੇ ਸਮੇਂ ਦੇ ਰਾਜਿਆਂ ਮਹਾਰਾਜਿਆਂ ਨਾਲੋਂ ਘੱਟ ਨਹੀਂ ਸੀ, ਉਸ ਤੋਂ ਵਧ ਹੀ ਹੋਵੇਗੀ। ਘਰ ਦੇ ਪਿਛਲੇ ਪਾਸੇ ਐਨੀ ਮਸ਼ੀਨਰੀ ਸੀ ਜਿਸ ਨੂੰ ਦੇਖ ਕੇ ਹੈਰਾਨ ਹੋ ਜਾਈਦਾ ਹੈ ਅਤੇ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ ਕਿ ਪਾਤਸ਼ਾਹ ਨੇ ਜੀਅ ਭਰ ਕੇ ਅਮੀਰੀਆਂ ਆਪਣੇ ਗੁਰਸਿਖਾਂ ਨੂੰ ਬਖਸ਼ੀਆਂ ਹਨ। ਸਰਦਾਰ ਚਰਨਜੀਤ ਸਿੰਘ ਬਾਠ ਦਾ ਫਾਰਮ 8000 ਏਕੜ ਦਾ ਸੀ ਜਿਸ ਦੀਆਂ ਬਾਹੀਆਂ ਦੀ ਲੰਬਾਈ ਚਾਰ ਮੀਲ ਲੰਮੀ ਅਤੇ ਤਿੰਨ ਮੀਲ ਚੌੜੀ ਸੀ। ਉਹ ਕੇਵਲ ਦਾਖਾਂ ਹੀ ਆਪਣੇ ਫਾਰਮ ਵਿਚ ਤਿਆਰ ਕਰਦੇ ਹਨ। ਆਮ ਤੌਰ ਤੇ ਕਾਲੀ ਦਾਖ ਜ਼ਿਆਦਾ ਪਸੰਦ ਕੀਤੀ ਜਾਂਦੀ ਹੈ। ਵਾਹਿਗੁਰੂ ਜੀ ਦੀ ਉਸ ਉਪਰ ਐਨੀ ਕ੍ਰਿਪਾ ਹੈ ਕਿ ਜਦੋਂ ਕੈਲੇਫੋਰਨੀਆਂ ਵਿਚ ਬਹੁਤ ਸਾਰੇ ਕਿਸਾਨਾਂ ਦੀ ਅਗੂੰਰਾਂ ਦੀ ਖੇਤੀ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਤਾਂ ਚਰਨਜੀਤ ਸਿੰਘ ਬਾਠ ਦੀ ਖੇਤੀ ਪੂਰੀ ਤਰ੍ਹਾਂ ਸੁਰਖਿਸ਼ਤ ਰਹੀ। ਇਸ ਨੂੰ ਦਾਖਾਂ ਦਾ ਬਾਦਸ਼ਾਹ ਆਖਦੇ ਹਨ। ਸਰਦਾਰ ਚਰਨਜੀਤ ਸਿੰਘ ਜੀ ਵਿਚ ਆਪਣੀ ਅਮੀਰੀ ਦਾ ਕੋਈ ਵੀ ਮਾਣ ਨਹੀਂ ਹੈ, ਉਹ ਇਕ ਬਹੁਤ ਸੁਲਝੇ ਹੋਏ ਪ੍ਰੇਮੀ ਹਨ। ਉਨ੍ਹਾਂ ਨੇ ਹੋਰ ਕਿਸਾਨਾਂ ਨਾਲ ਰਲ ਕੇ Silma Sikh Centre ਫਾਰਮਾਂ ਵਿਚਕਾਰ ਵਸੇ ਛੋਟੇ ਜਿਹੇ ਸੁੰਦਰ ਸ਼ਹਿਰ ਵਿਚ ਬਣਾਇਆ ਹੋਇਆ ਸੀ। ਸਰਦਾਰ ਚਰਨਜੀਤ ਸਿੰਘ ਜੀ ਨੇ ਕਿਹਾ ਕਿ ਮੈਂ ਆਪਣੀ ਜ਼ਮੀਨ ਵਿਚ ਲੱਗੇ ਬਾਗ ਆਪ ਨੂੰ ਵਿਖਾਉਣਾ ਚਾਹੁੰਦਾ ਹਾਂ ਪਰ ਮੈਂ ਕਿਹਾ ਕਿ ਤੁਹਾਡੇ ਫਾਰਮਾਂ ਦੇ ਦੁਆਲੇ ਘੁੰਮਣ ਲਈ ਸਾਨੂੰ 20 ਕਿਲੋਮੀਟਰ ਸਫਰ ਕਰਨਾ ਪੈਣਾ ਹੈ। ਮੈਂ ਕੋਠੀ ਉਪਰ ਚੜ੍ਹ ਕੇ ਹੀ ਦੇਖ ਲਿਆ। ਸਮਾਂ ਨਾ ਹੋਣ ਕਰਕੇ ਐਨਾ ਸਫਰ ਕਰਨਾ

ਮੁਸ਼ਕਲ ਸੀ। ਇਸ ਪਿਛੋਂ ਇਸੇ ਨਾਮ ਦਾ ਇਕ ਹੋਰ ਪ੍ਰੇਮੀ ਚਰਨਜੀਤ ਸਿੰਘ ਸਹੋਤਾ ਸੀ, ਉਹ ਫਿਲੌਰ ਨੇੜੇ ਬੜੇ ਪਿੰਡ ਦਾ ਵਸਨੀਕ ਸੀ ਉਸ ਨੇ ਵੀ ਉਥੇ ਜਾ ਕੇ ਫਾਰਮ ਖਰੀਦਿਆ ਹੋਇਆ ਸੀ, ਉਹ ਗੁਰਦਵਾਰਾ ਸਾਹਿਬ ਦਾ ਪ੍ਰਧਾਨ ਵੀ ਹੈ ਅਤੇ ਚੰਗਾ ਮਾਨਯੋਗ ਪ੍ਰੇਮੀ ਹੈ, ਉਸ ਨੇ ਬੇਨਤੀ ਕਰਕੇ ਰਾਤ ਦਾ ਪ੍ਰਸ਼ਾਦਾ ਛਕਾਉਣ ਲਈ ਪ੍ਰੋਗਰਾਮ ਬਣਾ ਲਿਆ। ਕੀਰਤਨ ਪਿਛੋਂ ਜਥੇ ਨੇ ਉਥੇ ਜਾ ਕੇ ਪ੍ਰਸ਼ਾਦਾ ਛਕਿਆ। ਅੱਜ ਪਹਿਲੀ ਵਾਰੀ ਮੈਂ ਵੀ ਇਕ ਫੁਲਕਾ ਉਥੇ ਛਕਿਆ ਕਿਉਂਕਿ ਮੈਂ ਆਮ ਤੌਰ ਤੇ ਰਾਤ ਦਾ ਪ੍ਰਸ਼ਾਦਾ ਰਾਤ ਦੇ ਬਾਰ੍ਹਾਂ-ਇਕ ਵਜੇ ਆ ਕੇ ਟਰਲੋਕ ਹੀ ਛਕਿਆ ਕਰਦਾ ਸੀ। ਸਰਦਾਰ ਮਹਿੰਦਰ ਸਿੰਘ ਗਿੱਲ ਦੇ ਘਰੋਂ ਬੀਬੀ ਨਰਿੰਦਰ ਗਿੱਲ ਬਹੁਤ ਹੀ ਸੂਝ ਵਾਲੀ ਬੀਬੀ ਹੈ, ਉਹ ਵੀ ਦੀਵਾਨ ਤੇ ਦੂਰ-ਦੂਰ ਤਕ ਜਾਇਆ ਕਰਦੀ ਸੀ। ਸਰਦਾਰ ਮਹਿੰਦਰ ਸਿੰਘ ਗਿੱਲ ਦਾ ਪਰਿਵਾਰ ਵੱਖੋ-ਵੱਖਰੇ ਸ਼ਹਿਰਾਂ ਤੋਂ ਟਰਲੋਕ ਆ ਕੇ ਪ੍ਰਸ਼ਾਦੇ ਵਗੈਰਾ ਦੀ ਸੇਵਾ ਕਰਿਆ ਕਰਦਾ ਸੀ। ਸੋ ਬੀਬੀ ਨਰਿੰਦਰ ਨੇ ਇਕ ਵਜੇ ਰਾਤ ਦੇ ਤਾਜ਼ਾ ਪ੍ਰਸ਼ਾਦਾ ਤਿਆਰ ਕਰਕੇ ਛਕਾਉਣ ਦਾ ਨੇਮ ਰੱਖਿਆ ਹੋਇਆ ਸੀ।

ਅੱਜ ਸਾਰੇ ਫਾਰਮਾਂ ਵਿਚ ਮੈਂ ਚਰਨ ਪਾਏ, ਉਥੇ ਇਕ ਛੋਟਾ ਜਿਹਾ ਸ਼ਹਿਰ ਕਿਸਾਨਾਂ ਦਾ ਬਣਿਆ ਹੋਇਆ ਸੀ ਉਥੇ ਇਕ ਘਰ ਮੈਂ ਚਰਨ ਪਾਉਣ ਗਿਆ ਤਾਂ ਮੈਂ ਹੈਰਾਨ ਹੋ ਗਿਆ ਕਿ ਸਰਦਾਰ ਗੁਰਦਿਆਲ ਸਿੰਘ ਬੈਂਸ ਦੀ ਲੜਕੀ ਇਥੇ ਰਹਿ ਰਹੀ ਹੈ, ਸਰਦਾਰ ਗੁਰਦਿਆਲ ਸਿੰਘ ਬੈਂਸ ਦਾ ਫਾਰਮ ਯੂ.ਪੀ. ਵਿਚ ਕੋਤਲਖੇੜੇ ਪਿੰਡ ਵਿਚ ਹੈ, ਜੋ ਮੇਰੇ ਫਾਰਮ ਤੋਂ ਡੇਢ ਕੁ ਮੀਲ ਦੀ ਵਿਥ ਤੇ ਸਥਿਤ ਹੈ। ਉਸ ਦੀਆਂ ਦੋ ਲੜਕੀਆਂ ਅਮਰੀਕਾ ਵਿਚ ਹਨ, ਬਹੁਤ ਸਮਾਂ ਬੀਤਣ ਪਿਛੋਂ ਮੈਂ ਉਸ ਬੱਚੀ ਨੂੰ ਮਿਲਿਆ ਸੀ। ਇਹ ਬੱਚੀ ਜਦੋਂ ਛੋਟੀ ਜਿਹੀ ਸੀ ਤਾਂ ਅਸਾਡੀ ਰਿਸ਼ਤੇਦਾਰੀ ਹੋਣ ਕਰਕੇ ਮੇਰੇ ਪਾਸ ਆਪਣੀ ਭੈਣ ਸਮੇਤ ਮਿਲਣ ਆਇਆ ਕਰਦੀ ਸੀ। ਉਥੇ ਕਾਫੀ ਸੰਗਤ ਇਕੱਠੀ ਹੋਈ ਹੋਈ ਸੀ, ਉਸ ਬੀਬੀ ਦੇ ਮਨ ਵਿਚ ਬਹੁਤ ਉਦਾਸੀ ਸੀ ਕਿਉਂਕਿ ਉਨ੍ਹਾਂ ਦਾ ਇਕੋ ਇਕ ਭਰਾ ਬਲੱਡ ਕੈਂਸਰ ਨਾਲ ਚੜ੍ਹਾਈ ਕਰ ਚੁਕਿਆ ਸੀ, ਉਥੇ ਮੈਂ ਸਾਰੀ ਸੰਗਤ ਵਿਚ ਹੀ ਦਸਿਆ ਕਿ ਸੰਸਾਰ ਦੇ ਵਿਚ ਜੋ ਕੁਝ ਵੀ ਬਣਿਆ ਹੋਇਆ ਹੈ ਉਸ ਵਿਚ ਬਣਦੇ ਸਾਰ ਹੀ ਪਰਿਵਰਤਨ ਸ਼ੁਰੂ ਹੋ ਜਾਂਦਾ ਹੈ, ਇਕ ਮਿੰਟ ਦੇ ਲਖਵੇਂ ਹਿੱਸੇ ਸਮੇਂ ਵਿਚ ਵੀ ਪਰਿਵਰਤਨ ਹੁੰਦਾ ਹੈ। ਪਹਿਲਾਂ ਪ੍ਰਕ੍ਰਿਤੀ ਦਾ ਹਰ ਰੂਪ ਹੋਂਦ ਵਿਚ ਆਇਆ ਹੋਇਆ ਉਸੇ ਵਿਉਂਤ ਦੇ ਹਿਸਾਬ ਨਾਲ ਪਸਰਦਾ ਹੈ ਜੋ ਉਸ ਦੀ ਬਣਤਰ ਮੁਤਾਬਿਕ ਉਸ ਦਾ ਰੂਪ ਪ੍ਰਗਟ ਹੋਣਾ ਹੁੰਦਾ ਹੈ। ਹਰ ਰੂਪ ਆਪਣੇ ਬੀਜ ਰੂਪ ਵਿਚ ਹੀ ਪੂਰੀ ਤਰ੍ਹਾਂ ਵਸਿਆ ਹੁੰਦਾ ਹੈ। ਪਹਿਲਾਂ ਪ੍ਰਕ੍ਰਿਤੀ ਦੀ ਹਰ ਚੀਜ਼ ਵਧਦੀ ਹੈ, ਫੇਰ ਠਹਿਰਦੀ ਪ੍ਰਤੀਤ ਦਿੰਦੀ ਹੈ, ਉਸ ਪਿਛੋਂ ਉਹ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਅਖੀਰ ਨਾਸ਼ ਹੋ ਜਾਂਦੀ ਹੈ, ਇਹ ਇਕ ਮਾਇਕ ਚੱਕਰ ਹੈ ਜੋ ਅਨੰਤ ਕਾਲ ਤੋਂ, ਜਦੋਂ ਤੋਂ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਸਾਜ ਕੇ ਆਪਣੀ ਮਾਇਆ ਦਾ ਪਸਾਰਾ ਕੀਤਾ ਹੈ, ਵਰਤ ਰਹੀ ਹੈ। ਗੁਰੂ ਮਹਾਰਾਜ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਕਿਹਾ ਹੈ -

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥*

*ਪੰਨਾ - 138*

ਦਾਸ ਸਾਲ ਦੀ ਆਯੂ ਤਕ ਬਾਲਕ ਬੁੱਧ ਰਹਿੰਦਾ ਹੈ, ਜਿਸ ਨੂੰ ਕਿਸ਼ੋਰ ਅਵਸਥਾ ਵੀ ਕਹਿੰਦੇ ਹਨ, ਦਸ ਸਾਲ ਲੰਘ ਜਾਣ ਪਿਛੋਂ ਜਵਾਨੀ ਸ਼ੁਰੂ ਹੁੰਦੀ ਹੈ ਅਤੇ 20 ਸਾਲ ਦੀ ਉਮਰ ਵਿਚ ਹਰ ਪ੍ਰਾਣੀ ਜਵਾਨੀ ਮਹਿਸੂਸ ਕਰਦਾ ਹੈ, 30 ਸਾਲ ਦੀ ਉਮਰ ਤਕ ਪਹੁੰਚਦਿਆਂ ਉਹ ਆਪਣੇ ਜੋਬਨ ਦੇ ਸਿਖਰ ਤੇ ਹੁੰਦਾ ਹੈ, 40 ਸਾਲ ਦੀ ਉਮਰ ਤਕ ਜਿੰਨਾਂ ਉਸ ਨੇ ਵਧਣਾ ਹੁੰਦਾ ਹੈ ਉਨਾਂ ਪੂਰਾ ਹੋ ਜਾਂਦਾ ਹੈ, ਉਸ ਪਿਛੋਂ ਇਕ ਘੋਲ ਚਲਦਾ ਰਹਿੰਦਾ ਹੈ ਕਿ ਇਸ ਪੂਰੇ ਜੋਬਨ ਨੂੰ ਕਾਇਮ ਰੱਖਿਆ ਜਾਵੇ ਪਰ ਇਹ ਦੂਜਾ ਮੋੜ ਲੈ ਲੈਂਦਾ ਹੈ। ਇਹ ਸੰਘਰਸ਼ ਹਰ ਸਰੀਰ ਵਿਚ ਹੁੰਦਾ ਹੈ। ਇਹ ਦੱਸ ਸਾਲ ਦਾ ਸੰਘਰਸ਼ ਸਰੀਰ ਨੂੰ 50 ਸਾਲ ਦੀ ਉਮਰ ਤਕ ਲੈ ਜਾਂਦਾ ਹੈ ਅਤੇ ਉਥੋਂ ਇਸ ਦਾ ਪੈਰ ਖਿਸਕ ਜਾਂਦਾ ਹੈ, ਹੁਣ ਇਸੇ ਸਰੀਰ ਦੀ ਤਿਲਕਣ ਬੁਢਾਪੇ ਵਲ ਨੂੰ ਰੇੜ੍ਹ ਖਾਂਦੀ ਹੈ। 50 ਤੋਂ 60 ਸਾਲ ਤਕ ਇਹ ਅਨੇਕ ਜਤਨ ਕਰਦਾ ਹੈ ਕਿ ਮੇਰੇ ਉਪਰ ਬੁਢਾਪਾ ਨਾ ਆਵੇ ਪਰ ਜਦੋਂ 60 ਸਾਲ ਦੀ ਉਮਰ ਵਿਚ ਪਹੁੰਚ ਜਾਂਦਾ ਹੈ ਫੇਰ ਦੇਖਦਾ ਹੈ ਕਿ ਬੁਢੇਪਾ ਤਾਂ ਰੋਕਦਿਆਂ ਪਹੁੰਚ ਹੀ ਗਿਆ। ਬੁਢੇਪਾ ਅਣਸੱਦਿਆ ਮਹਿਮਾਨ ਹੈ ਜੋ ਆ ਕੇ ਫੇਰ ਪਿਛੇ ਨਹੀਂ ਪਰਤਦਾ ਅਤੇ ਅੰਤ ਵਿਚ ਆਪਣੇ ਨਾਲ ਹੀ ਲੈ ਜਾਂਦਾ ਹੈ ਜਿਸ ਦੇ ਬਾਰੇ ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ -

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥*

*ਪੰਨਾ - 1378*

ਬੁਢਾਪੇ ਵਲ ਇਸ ਦਾ ਪੈਰ ਤੇਜ਼ੀ ਨਾਲ ਵਧਦਾ ਹੈ, ਇਸ ਦੀ ਯਾਦਦਾਸ਼ਤ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ ਬਹੁਤੇ ਜਾਣਿਆਂ ਪਛਾਣਿਆਂ ਦੀਆਂ ਸ਼ਕਲਾਂ ਦੀ ਪਛਾਣ ਭੁੱਲ ਜਾਂਦੀ ਹੈ ਅਤੇ 70 ਸਾਲ ਦੀ ਉਮਰ ਤਕ ਪਹੁੰਚਦਿਆਂ ਦਵਾਈਆਂ ਦਾ ਮੁਹਤਾਜ ਹੋ ਜਾਂਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਬੁਢਾਪੇ ਨੂੰ ਲਗਾਤਾਰ ਨਾ ਹਟਣ ਵਾਲਾ ਰੋਗ ਦਸਿਆ ਹੈ ਜਿਸ ਤਰ੍ਹਾਂ ਕਿ -

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥ ਪੰਨਾ - 1159*

ਇਸ ਸਮੇਂ ਆਦਮੀ ਦੇ ਅੰਤਸ਼ਕਰਣ ਵਿਚ ਸਾਰੀ ਜ਼ਿੰਦਗੀ ਦੇ ਕੀਤੇ, ਸੋਚੇ ਕੰਮਾਂ ਦੇ ਪ੍ਰਭਾਵ ਪੈ ਜਾਂਦੇ ਹਨ। ਇਕ ਗੁਰਮੁਖ ਤੋਂ ਬਗੈਰ ਬਾਕੀ ਪ੍ਰਾਣੀ ਜ਼ਿੰਦਗੀ ਦੇ ਘੋਲ ਦੇ ਬੋਝ ਵਿਚ ਝੁੰਜਲਾਏ ਹੋਏ ਆਪਣੀ ਮਤ ਗਵਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਰਾਏ ਕੋਈ ਜਵਾਨ ਮੰਨਣ ਨੂੰ ਤਿਆਰ ਨਹੀਂ ਹੁੰਦਾ। ਸਗਮਾਂ ਉਸ ਨੂੰ ਮਤਹੀਣ ਵੀ ਕਹਿਣਾ ਸ਼ੁਰੂ ਕਰ ਦਿੰਦੇ ਹਨ। ਜੋ 70 ਤੋਂ 80 ਤਕ ਦੀ ਉਮਰ ਹੈ ਉਸ ਵਿਚ ਬੁੱਧੀ ਦਾ ਬਲ ਘਟਦਾ ਜਾਂਦਾ ਹੈ, ਅੱਸੀਆਂ ਤਕ ਪਹੁੰਚਦਾ ਵਿਵਹਾਰ ਦੇ ਕਾਬਲ ਨਹੀਂ ਰਹਿੰਦਾ, 80 ਸਾਲ ਤੋਂ ਉਪਰ ਇਸ ਨੂੰ ਪ੍ਰਤੱਖ ਰੂਪ ਵਿਚ ਪਤਾ ਲਗ ਜਾਂਦਾ ਹੈ ਕਿ ਹੁਣ ਮੈਂ ਭਾਵੇਂ ਲੱਖਾਂ ਦਵਾਈਆਂ ਖਾ ਲਵਾਂ, ਚਾਹੇ ਡਾਕਟਰਾਂ ਦੀਆਂ ਟੀਮਾਂ ਨੂੰ ਲਗਾਤਾਰ ਆਪਣੇ ਸਵੱਸਥ ਨੂੰ ਥੋੜ੍ਹੀ-ਥੋੜ੍ਹੀ ਦੇਰ ਪਿਛੋਂ ਪਰਖਣ ਲਈ ਪੱਕੇ ਤੌਰ ਤੇ ਰਖ ਲਵਾਂ ਪਰ ਹੁਣ ਦਿਨੋ ਦਿਨ ਸੰਸਾਰ ਤੋਂ ਜਾਣ ਦਾ ਹੀ ਸਮਾਂ ਨੇੜੇ ਆ ਰਿਹਾ

ਹੈ। ਬੰਦੇ ਦੀ ਸੋਚ ਵਿਚ ਬਹੁਤ ਫਰਕ ਆ ਜਾਂਦਾ ਹੈ। ਅੰਨੀ ਜਵਾਨੀ ਵਿਚ ਹੋਣ ਵਾਲੀਆਂ ਬੇ-ਵਿਚਾਰੀਆਂ ਗੱਲਾਂ ਹੁਣ ਇਸ ਤੋਂ ਨਹੀਂ ਹੋਣ ਲੱਗੀਆਂ, ਇਸ ਨੂੰ ਅੱਗਾ ਨੇੜੇ ਦਿਸਦਾ ਹੈ ਅਤੇ ਕਿਸੇ ਵਿਵਹਾਰ ਵਿਚ ਫਸਣ ਤੋਂ ਸੰਕੋਚ ਕਰਦਾ ਹੈ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਇਸ 80-90 ਸਾਲ ਦੀ ਉਮਰ ਵਿਚ ਵਿਵਹਾਰ ਕਰਨੇ ਇਸ ਨੂੰ ਸ਼ੋਭਦੇ ਨਹੀਂ ਹਨ। 90 ਤਕ ਪਹੁੰਚਦਾ ਬਲਹੀਣ ਹੋ ਜਾਂਦਾ ਹੈ, ਕੋਈ ਵੀ ਅੰਗ ਸਾਥ ਨਹੀਂ ਦਿੰਦਾ, ਉਨ੍ਹਾਂ ਸਾਰੇ ਇੰਦ੍ਰਿਆਂ ਦੀ ਸ਼ਕਤੀ ਖੀਣ ਹੋ ਜਾਂਦੀ ਹੈ ਅਤੇ ਆਪੋ ਆਪਣੇ ਕਾਰਜ ਨਿਭਾਉਣੇ ਅਸਮਰੱਥ ਹੋ ਜਾਂਦੇ ਹਨ। ਜੀਵ ਦੀਆਂ ਵਾਸ਼ਨਾਵਾਂ ਉਵੇਂ ਹੀ ਰਹਿੰਦੀਆਂ ਹਨ ਸਗੋਂ ਪ੍ਰਬਲ ਹੋ ਜਾਂਦੀਆਂ ਹਨ। ਇਹ ਜਾਣ ਕੇ ਜੀਵ ਅਫਸੋਸ ਕਰਦਾ ਹੈ ਕਿ ਮੇਰੇ ਸਰੀਰ ਦੇ ਸਾਥੀ ਅੱਖਾਂ, ਨੱਕ, ਕੰਨ ਆਦਿ ਸਾਥੀ ਸਾਥ ਛੱਡ ਗਏ। ਜਿਵੇਂ ਕਿ ਬਾਣੀ ਵਿਚ ਆਉਂਦਾ ਹੈ-

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ ਪੰਨਾ - 1381***

ਅੱਖਾਂ ਪੂਰੀ ਤਰ੍ਹਾਂ ਦੇਖਦੀਆਂ ਨਹੀਂ ਹਨ, ਬਹੁਤਿਆਂ ਦੀਆਂ ਅੱਖਾਂ ਵਿਚ ਮੋਤੀਆ ਆ ਜਾਂਦਾ ਹੈ ਤਾਂ ਇਨ੍ਹਾਂ ਦਾ ਓਪਰੇਸ਼ਨ ਕਰਾ ਕੇ ਲੈਨਜ਼ ਪੁਆਉਂਦਾ ਹੈ ਇਹ ਬਣੀਆਂ ਅੱਖਾਂ ਪ੍ਰਮੇਸ਼ਰ ਦੀਆਂ ਬਣਾਈਆਂ ਅੱਖਾਂ ਦਾ ਕੰਮ ਨਹੀਂ ਕਰ ਸਕਦੀਆਂ, ਇਕ ਡੰਗ ਟਪਾਊ ਕੰਮ ਕਰਦੀਆਂ ਹਨ। ਮੋਤੀਆਂ ਵਰਗੇ ਦੰਦ ਝੜ ਜਾਂਦੇ ਹਨ, ਮੂੰਹ ਤੋਂ ਖਾਣਾ ਪੀਣਾ ਚਿਥਿਆ ਨਹੀਂ ਜਾਂਦਾ, ਸਵੱਸਥ ਵਿਗੜ ਜਾਂਦਾ ਹੈ, ਗੈਸ ਵਧ ਜਾਂਦੀ ਹੈ ਅਤੇ ਸਰੀਰ ਸਥਿਲ ਹੋਣਾ ਸ਼ੁਰੂ ਹੋ ਜਾਂਦਾ ਹੈ। ਕੰਮ ਸਾਰਨ ਵਾਸਤੇ ਦੰਦ ਲਵਾਏ ਜਾਂਦੇ ਹਨ। ਕੰਨਾਂ ਤੋਂ ਸੁਣਨਾ ਘਟ ਜਾਂਦਾ ਹੈ। ਮਹਿੰਗੀ ਤੋਂ ਮਹਿੰਗੀ ਸੁਣਨ ਵਾਲੀ ਮਸ਼ੀਨ ਲਾ ਕੇ ਵੀ ਉਹ ਗੱਲ ਨਹੀਂ ਬਣਦੀ ਜੋ ਵਾਹਿਗੁਰੂ ਜੀ ਦੇ ਲਾਏ ਹੋਏ ਕੰਨਾਂ ਵਿਚ ਪੜਦੇ ਕਰਦੇ ਹਨ। ਇਨ੍ਹਾਂ ਕੰਨਾਂ ਵਿਚ ਲਾਉਣ ਵਾਲੀਆਂ ਮਸ਼ੀਨਾਂ ਦਾ ਅਸਰ ਦਿਮਾਗ ਵਿਚ ਪੈਂਦਾ ਰਹਿੰਦਾ ਹੈ, ਉਚੀ ਬੋਲ ਨਹੀਂ ਸਕਦਾ, ਬਹੁਤ ਉਚੀ ਬੋਲੀ ਹੋਈ ਗੱਲ ਸਮਝ ਵਿਚ ਨਹੀਂ ਆਉਂਦੀ। ਇਸੇ ਤਰ੍ਹਾਂ ਨਾਲ ਸਾਰੇ ਅੰਗ ਸਾਥ ਛੱਡ ਜਾਂਦੇ ਹਨ। 90 ਸਾਲ ਦੀ ਉਮਰ ਵਿਚ ਉਸ ਨੂੰ ਆਪਣੇ ਬਲ ਉਪਰ ਵੀ ਭਰੋਸਾ ਨਹੀਂ ਹੁੰਦਾ ਅਤੇ ਹੁਣ ਉਹ ਤੁਰਦਾ ਫਿਰਦਾ ਨਹੀਂ, ਦੂਰ ਦਰਾਜ਼ ਸੈਰ ਸਪਾਟੇ ਕਰਨ ਨਹੀਂ ਜਾਂਦਾ, ਸਗਮਾਂ ਉਸ ਨੂੰ ਪੱਕਾ ਆਸਣ ਮਿਲ ਜਾਂਦਾ ਹੈ, ਉਹ ਹੈ ਉਸ ਦਾ ਮੰਜਾ, ਬੇਵਸ ਹੋ ਜਾਂਦਾ ਹੈ। ਦੂਸਰੇ ਦੀ ਮਦਦ ਨਾਲ ਉਹ ਉਠਦਾ ਹੈ, ਦੂਸਰੇ ਦੀ ਮਦਦ ਨਾਲ ਪੈਂਦਾ ਹੈ, ਦੂਸਰੇ ਦੀ ਮਦਦ ਨਾਲ ਹੀ ਇਸ਼ਨਾਨ ਵਗੈਰਾ ਕਰਦਾ ਹੈ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ ਕਿ ਇਸ ਸਰੀਰ ਦੀਆਂ ਲੱਤਾਂ ਨੇ ਬਹੁਤ ਲੰਮੇ ਸਫਰ ਕੀਤੇ, ਪਹਾੜਾਂ ਵਿਚ ਵੀ ਸਰੀਰ ਨੂੰ ਲੈ ਕੇ ਗਈਆਂ, ਵੱਡੇ ਮਾਰੂਥਲ ਵੀ ਲੰਘੀਆਂ, 200-400 ਮੀਲ ਪੈਦਲ ਜਾਣਾ ਮਾਮੂਲੀ ਗੱਲ ਸਮਝੀ ਜਾਂਦੀ ਸੀ। ਬਾਬਾ ਫਰੀਦ ਜੀ ਦੀ ਉਮਰ 90 ਸਾਲ ਤੋਂ ਉਤੇ ਸੀ ਆਪ ਜੀ ਪਾਸ ਅਜ ਕੋਈ ਸੇਵਾਦਾਰ ਨਹੀਂ ਸੀ, ਆਪ ਨੂੰ ਪਾਣੀ ਦੀ ਪਿਆਸ ਲਗਦੀ ਹੈ, ਹੁਣ ਪਾਣੀ ਕੋਲ ਹੀ ਪਿਆ ਨਜ਼ਰ ਆਉਂਦਾ ਹੈ ਪਰ ਆਪ ਉਠ ਕੇ, ਪੀਤਾ ਨਹੀਂ ਜਾਂਦਾ। ਇਸ ਬੇਵਸੀ ਨੂੰ ਆਪ ਪ੍ਰਗਟ ਕਰਦੇ ਹੋਏ ਫੁਰਮਾਨ ਕਰਦੇ ਹਨ -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ ਪੰਨਾ - 1378***

ਹੁਣ ਇਹ 90 ਸਾਲ ਤੋਂ ਸਫਰ ਕਰਦਾ ਰਿਹਾ ਵਪਾਰੀ ਬਲਹੀਨ ਹੋ ਚੁਕਿਆ ਹੈ। ਹੁਣ ਜੇ ਇਸ ਨੂੰ ਕੋਈ ਕਹੇ ਕਿ ਤੂੰ ਨਾਮ ਜਪ, ਹੁਣ ਇਸ ਨੂੰ ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਵਾਸ਼ਨਾਵਾਂ ਭਰਪੂਰ ਜਵਾਨੀ ਦੇ ਬਲ ਨਾਲ ਕਾਬੂ ਹੋ ਸਕਦੀਆਂ ਹਨ। ਬੁਢਾਪੇ ਵਿਚ ਤਾਂ ਮਤਾਂ ਖਿੰਡ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਦੂਜੇ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥***
***ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥***
***ਪੰਨਾ - 146***

ਮਨ ਦੀਆਂ ਮਤਾਂ ਖਿੰਡ ਜਾਂਦੀਆਂ ਹਨ ਅਤੇ ਸੁਰਤੀ ਇਕਾਗਰ ਨਹੀਂ ਹੁੰਦੀ, ਯਾਦ ਆਉਂਦੀ ਹੈ ਜਵਾਨੀ, ਯਾਦ ਆਉਂਦਾ ਹੈ ਬਚਪਨ। ਨਾਮ ਜਪਣ ਵਲ ਤਾਂ ਰੁਚੀ ਹੀ ਨਹੀਂ ਸੀ ਲੱਗੀ। ਜ਼ਮੀਨਾਂ, ਜਾਇਦਾਦਾਂ, ਵਪਾਰਾਂ ਵਿਚ ਰੁਚੀ ਲੱਗੀ ਹੋਈ ਸੀ, ਉਨ੍ਹਾਂ ਦੀਆਂ ਸ਼ਕਲਾਂ ਇਸ ਨੂੰ ਭਿਆਨਕ ਰੂਪ ਬਣਾ ਕੇ ਡਰਾ ਰਹੀਆਂ ਹਨ ਕਿ ਪਿਆਰਿਆ, ਸਾਨੂੰ ਤੂੰ ਮਾਣਿਆ ਪਰ ਹੁਣ ਤੇਰਾ ਅਸੀਂ ਉਸ ਥਾਂ ਸਾਥ ਨਹੀਂ ਦੇ ਸਕਣਾ ਜਿਥੇ ਜਾ ਕੇ ਤੂੰ ਰਹਿਣਾ ਤੇ ਵਸਣਾ ਹੈ। ਤੈਨੂੰ ਪਹਿਲਾਂ ਹੀ ਚਾਹੀਦਾ ਸੀ ਕਿ ਜੋ ਤੋਸ਼ਾ ਤੇਰੇ ਕੰਮ ਆਉਣਾ ਹੈ, ਉਹ ਇਕੱਠਾ ਕਰ ਲੈਂਦਾ, ਉਹ ਸੰਸਾਰ ਤੋਂ ਜਾਣ ਸਮੇਂ ਤੇਰੀ ਪੂੰਜੀ ਬਣਦਾ। ਜੋ ਇਸ ਜਵਾਨੀ ਵਿਚ ਤੋਸਾ ਇਕੱਠਾ ਨਹੀਂ ਕਰ ਸਕਿਆ। ਹੁਣ ਬਦਲੇ ਲੈਣ ਵਾਲੀਆਂ ਪਰੇਸ਼ਾਨੀਆਂ, ਵੈਰ ਭਾਵ ਦੀਆਂ ਚੁਭਵੀਆਂ ਪੋਟਲੀਆਂ ਤੇ ਔਗੁਣਾਂ ਦੀਆਂ ਗੱਠੜੀਆਂ ਇਸ ਸੰਸਾਰ ਤੋਂ ਜਾਣ ਸਮੇਂ ਚੁਕ ਕੇ ਹਨ੍ਹੇਰੇ ਵਿਚ ਛਾਲ ਮਾਰਦਾ ਹੈ। ਇਸ ਸੰਸਾਰ ਨੂੰ ਛੱਡਣ ਉਪਰੰਤ ਕਿਥੇ ਜਾਣਾ ਹੈ, ਕੀ ਵਰਤਾਵਾ ਇਸ ਨਾਲ ਹੋਵੇਗਾ। ਇਸ ਦੀ ਜੀਵ ਨੂੰ ਕੋਈ ਖਬਰ ਨਾ ਹੋਣ ਕਰਕੇ ਸਾਰੀ ਜ਼ਿੰਦਗੀ ਬਰਬਾਦ ਕਰਕੇ ਚਲਿਆ ਜਾਂਦਾ ਹੈ। ਸੋ ਇਹ ਅਵਸਥਾ ਮੰਜੇ ਤੇ ਬੈਠਣ ਦੀ ਹੁੰਦੀ ਹੈ। ਅਖੀਰ ਗੁਰੂ ਮਹਾਰਾਜ ਜੀ ਕਹਿੰਦੇ ਹਨ ਅਸੀਂ ਸਾਰੇ ਤਲਾਸ਼ ਕਰਕੇ ਦੇਖ ਲਿਆ ਅਤੇ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਜੀਵਨ ਵਿਅਰਥ ਗੁਆ ਲਿਆ। ਪੂਰਾ ਸ਼ਬਦ ਇਸ ਤਰ੍ਹਾਂ ਹੈ -

***ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥***
***ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥***
***ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥***
***ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥***
***ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥***
***ਪੰਨਾ - 138***

ਗੁਰੂ ਮਹਾਰਾਜ ਜੀ ਨੇ ਇਕ ਹੋਰ ਸ਼ਬਦ ਵਿਚ ਇਸ ਜੀਵਨ ਵਿਚ ਵਰਤਣ ਵਾਲੇ ਮਾਨਸਿਕ ਭਾਵਾਂ ਦਾ ਨਕਸ਼ਾ ਖਿਚਿਆ ਹੈ, ਜਿਸ ਵਿਚ ਆਪ ਫੁਰਮਾਨ ਕਰਦੇ ਹਨ ਕਿ ਜਦੋਂ ਇਹ ਜੀਵ ਮਾਤਾ ਦੇ ਪੇਟ ਵਿਚੋਂ ਇਸ ਸੰਸਾਰ ਵਿਚ ਪਹਿਲਾ ਹੀ ਸਾਹ ਲੈਣ ਵਾਸਤੇ ਆਉਂਦਾ ਹੈ ਉਸ ਵੇਲੇ ਇਸ ਨੂੰ ਇਕ ਦਮ ਭੁੱਖ ਲਗਦੀ ਹੈ ਅਤੇ ਮਾਤਾ ਤੋਂ ਦੁੱਧ ਦੀ ਮੰਗ ਕਰਦਾ ਹੈ। ਇਹ ਹੋਰ ਕੁਝ ਵੀ ਨਹੀਂ ਜਾਣਦਾ, ਕੇਵਲ ਉਸ ਥਾਂ ਨੂੰ ਜਾਣਦਾ ਹੈ ਜਿਥੋਂ ਇਸ ਨੂੰ ਦੁੱਧ ਮਿਲਦਾ ਹੈ। ਮਨੁੱਖ ਦੇ ਬੱਚੇ ਨੂੰ ਤਾਂ ਸਿਖਾਇਆ ਜਾਂਦਾ ਹੈ ਪਰ ਹੋਰ ਪਸ਼ੂ, ਪੰਛੀ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ। ਉਨ੍ਹਾਂ ਨੂੰ ਕੁਦਰਤੀ ਹੀ ਦੁੱਧ

ਦੀ ਖਿੱਚ ਪੈਂਦੀ ਹੈ ਅਤੇ ਉਹ ਆਪਣੇ ਆਪ ਹੀ ਥਣਾਂ ਪਾਸ ਪਹੁੰਚ ਜਾਂਦੇ ਹਨ। ਮਹਾਰਾਜ ਜੀ ਕਹਿੰਦੇ ਹਨ ਕਿ ਪਹਿਲਾਂ ਇਸ ਨੂੰ ਥਣਾਂ ਨਾਲ ਪਿਆਰ ਪੈਂਦਾ ਹੈ ਕਿਉਂਕਿ ਉਥੋਂ ਇਸ ਨੂੰ ਦੁੱਧ ਦੀ ਪ੍ਰਾਪਤੀ ਹੁੰਦੀ ਹੈ। ਜਿਉਂ-ਜਿਉਂ ਇਸ ਵਿਚ ਸੁਰਤ ਵਧਦੀ ਹੈ, ਫੇਰ ਮਾਂ ਬਾਪ, ਭੈਣਾਂ, ਭਾਬੀਆਂ, ਰਿਸ਼ਤੇਦਾਰਾਂ ਨੂੰ ਪਛਾਣਦਾ ਹੈ ਉਨ੍ਹਾਂ ਨਾਲ ਪਿਆਰ ਪਾਉਂਦਾ ਵੱਡਾ ਹੁੰਦਾ ਹੈ। ਸਰੀਰ ਪੰਜ-ਸੱਤ ਸਾਲ ਦਾ ਹੋ ਜਾਂਦਾ ਹੈ ਉਸ ਵੇਲੇ ਇਸ ਜੀਵ ਦੀ ਰੁਚੀ ਖੇਡਾਂ ਵਿਚ ਰਚ ਜਾਂਦੀ ਹੈ, ਇਹੋ ਬਹੁਤ ਵੱਡੀ ਉਮਰ ਤਕ ਬਣੀ ਰਹਿੰਦੀ ਹੈ, ਇਸ ਦੀਆਂ ਰੁਚੀਆਂ ਵਿਚੋਂ ਅਨੇਕ ਕਿਸਮ ਦੀਆਂ ਤ੍ਰਿਸ਼ਨਾ ਦੀਆਂ ਲਹਿਰਾਂ ਉਠਦੀਆਂ ਹਨ ਪਰ ਜ਼ਿਆਦਾ ਰੁਚੀ ਖਾਣ ਪੀਣ ਵਲ ਰਹਿੰਦੀ ਹੈ। ਖੱਟੇ-ਮਿੱਠੇ ਕੌੜੇ ਕਸੈਲੇ ਖਾਣੇ ਖਾਣ ਦੀ ਇੱਛਾ ਰਖਦਾ ਹੈ ਅਤੇ ਖਾਣ ਵਾਲੀਆਂ ਚੀਜ਼ਾਂ ਦਾ ਪੂਰੀ ਤਰ੍ਹਾਂ ਨਿਰਣਾ ਕਰਦਾ ਹੈ ਕਿ ਕਿਹੜੀਆਂ ਚੀਜ਼ਾਂ ਸਭ ਤੋਂ ਵਧੀਆ ਲਗਦੀਆਂ ਹਨ ਅਤੇ ਕਿਹੜੀਆਂ ਘਟੀਆ ਲਗਦੀਆਂ ਹਨ। ਇਸ ਨੂੰ ਅਨੇਕ ਵਾਸ਼ਨਾਵਾਂ ਆ ਕੇ ਦਬੋਚ ਲੈਂਦੀਆਂ ਹਨ। ਭਰ ਜੁਆਨੀ ਵਿਚ ਆ ਜਾਂਦਾ ਹੈ, ਉਸ ਵੇਲੇ ਦੋ ਜਜ਼ਬੇ ਇਸ ਜੀਵ ਦੇ ਅੰਤਸ਼ਕਰਣ ਉਪਰ ਹਾਵੀ ਹੁੰਦੇ ਹਨ, ਇਕ ਸ੍ਵੈ ਅਭਿਮਾਨ ਹੈ, ਦੂਸਰਾ ਕਾਮ ਹੋਇਆ ਕਰਦਾ ਹੈ। ਕਾਮ ਦੀ ਖਿੱਚ ਵਿਚ ਅੰਨਾ ਹੋ ਜਾਂਦਾ ਹੈ। ਆਪਣੀ ਕਾਮ ਪੂਰਤੀ ਲਈ ਇਹ ਜਾਤ-ਕੁਜਾਤ ਨਹੀਂ ਦੇਖਦਾ ਅਤੇ ਨਾ ਹੀ ਇਹ ਸੋਚਦਾ ਹੈ ਕਿ ਜਿਸ ਕਾਮ ਵਿਚ ਮੈਂ ਪ੍ਰਵਿਰਤ ਹੋ ਰਿਹਾ ਹਾਂ ਉਹ ਸਰੀਰ ਰੋਗੀ ਹੈ ਜਾਂ ਸਵਸੱਥ ਹੈ। ਅੱਜਕਲ AIDS ਆਦਿ ਦੀਆਂ ਬਿਮਾਰੀਆਂ ਤੇਜ਼ੀ ਨਾਲ ਭੋਗ ਆਦਿਕ ਤੋਂ ਵਧ ਰਹੀਆਂ ਹਨ। ਜਦੋਂ ਇਸ ਦੇ ਬਾਲ ਬੱਚੇ ਹੋ ਜਾਂਦੇ ਹਨ ਇਸ ਨੂੰ ਤ੍ਰਿਸ਼ਨਾ ਦਾ ਰੋਗ ਲਗ ਜਾਂਦਾ ਹੈ। ਫੇਰ ਜਾਇਦਾਦਾਂ, ਸਵਾਰੀਆਂ ਲੈਂਦਾ ਹੈ, ਅਨੇਕ ਕਿਸਮ ਦੇ ਫਰਨੀਚਰ ਆਦਿ ਖਰੀਦ ਕੇ ਘਰ ਨੂੰ ਸਜਾਉਂਦਾ ਹੈ, ਕਾਰੋਬਾਰ ਵਧਾਉਂਦਾ ਹੈ, ਇਸ ਤਰ੍ਹਾਂ ਬੱਚੇ ਪੜ੍ਹ ਜਾਂਦੇ ਹਨ, ਵਿਆਹੇ ਜਾਂਦੇ ਹਨ, ਉਹ ਆਪਣੇ ਵੱਖਰੇ-ਵੱਖਰੇ ਕੰਮਾਂ ਵਿਚ ਲਗ ਜਾਂਦ ਹਨ। ਬੱਚਿਆਂ ਦੀ ਆਪਣੀ ਦੁਨੀਆਂ ਤੁਰ ਪੈਂਦੀ ਹੈ। ਉਸ ਦਾ ਪਿਆਰ ਪਤਨੀ, ਬੱਚਿਆਂ ਵਿਚ ਹੋ ਜਾਂਦਾ ਹੈ ਅਤੇ ਮਾਂ ਬਾਪ ਵਲੋਂ ਬਿਲਕੁਲ ਕੋਰਾ ਹੋ ਕੇ ਅਕ੍ਰਿਤਘਣਤਾ ਤਕ ਪਹੁੰਚ ਜਾਂਦਾ ਹੈ। ਫਿਰ ਇਹ ਬੁੱਢਾ ਹੋ ਕੇ ਹਉਕੇ ਹਾਵਿਆਂ ਵਿਚ ਫਸ ਜਾਂਦਾ ਹੈ ਅਤੇ ਜ਼ਿੰਦਗੀ ਦਾ ਸਾਰਾ ਸੁਆਦ ਕਿਰਕਿਰਾ ਹੋ ਜਾਂਦਾ ਹੈ। ਉਨ੍ਹਾਂ ਦੀ ਕਹੀ ਹੋਈ ਗੱਲ ਨੌਜਵਾਨ ਬੱਚੇ ਨਹੀਂ ਮੰਨਦੇ ਅਤੇ ਆਪਹੁਦਰਾਪਨ ਦੇਖ ਕੇ ਬਜ਼ੁਰਗਾਂ ਨੂੰ ਗੁੱਸਾ ਆਉਂਦਾ ਹੈ ਕਿ ਮੈਂ ਇਨ੍ਹਾਂ ਲਈ ਐਨਾ ਕੁਛ ਕੀਤਾ, ਮੈਨੂੰ ਇਹ ਕੁਝ ਵੀ ਨਹੀਂ ਸਮਝਦੇ। ਇਹ ਵਧਿਆ ਹੋਇਆ ਗੁੱਸਾ ਸਰੀਰ ਦੇ ਸੈਲਾਂ ਨੂੰ ਨਸ਼ਟ ਕਰ ਦਿੰਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਹੈ ਕਿ ਕਾਮ ਤੇ ਕ੍ਰੋਧ ਸਰੀਰ ਨੂੰ ਨਾਸ਼ ਕਰਨ ਵਾਲੇ ਸ਼ਤਰੂ ਹਨ ਜਿਸ ਤਰ੍ਹਾਂ ਸੋਨੇ ਨੂੰ ਪਿਘਲਾਉਣ ਵਾਸਤੇ ਸੁਹਾਗੇ ਦੀ ਲੋੜ ਪੈਂਦੀ ਹੈ ਇਸੇ ਤਰ੍ਹਾਂ ਸਰੀਰ ਨੂੰ ਖੀਣਤਾ ਤਕ ਪਹੁੰਚਾਉਣ ਵਾਲੇ ਕਾਮ ਤੇ ਕ੍ਰੋਧ ਦੋ ਵੱਡੇ ਸ਼ਤਰੂ ਹਨ। ਇਸ ਤਰ੍ਹਾਂ ਸਰੀਰ ਦਾ ਨਾਸ਼ ਹੋ ਜਾਂਦਾ ਹੈ। ਹੁਣ ਸਿਵਾਏ ਉਭੇ ਸਾਹ, ਹਉਕੇ ਲੈਣ ਦੇ ਕੁਝ ਨਹੀਂ ਕਰ ਸਕਦਾ, ਪਛਤਾਵਾ ਹੀ ਪਛਤਾਵਾ ਪੱਲੇ ਪੈਂਦਾ ਹੈ। ਅਖੀਰ ਇਸ ਸੰਸਾਰ ਤੋਂ ਸਦਾ ਲਈ ਵਿਦਾ ਹੋ ਜਾਂਦਾ ਹੈ। ਜਿਸ ਸਰੀਰ ਨੂੰ ਅਨੇਕਾਂ ਪਾਪ ਕਰ ਕਰ ਕੇ ਪਾਲਿਆ ਪੋਸਿਆ ਸੀ, ਉਹ ਸਰੀਰ ਤਾਂ ਨਾਸ਼ ਹੋ ਜਾਂਦਾ ਹੈ ਪਰ ਕੀਤੇ ਹੋਏ ਕਰਮ ਨਾਲ ਜਾਂਦੇ ਹਨ। ਹੁਣ ਸੰਸਾਰ ਵਿਚ ਨਾਮ ਵੀ ਮਰ ਜਾਂਦਾ ਹੈ, ਉਸ ਦੀ ਯਾਦ ਸਭ ਪਾਸਿਆਂ ਤੋਂ ਖਤਮ ਹੋ ਜਾਂਦੀ ਹੈ। ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਜੀਵਨ ਕੀ ਹੋਇਆ? ਅਖੀਰ ਆਪ ਸਿੱਟਾ ਕੱਢ ਕੇ ਦਸਦੇ ਹਨ ਕਿ ਮੂਰਖ ਸੰਸਾਰ ਮਨਮੁਖਤਾ ਵਿਚ ਡੁੱਬਿਆ ਭਵਜਲ ਵਿਚ ਗੋਤੇ ਖਾਂਦਾ ਹੈ। 84 ਲੱਖ ਜੂਨਾਂ ਦੇ ਵਿਚ ਫਸਿਆ ਹੋਇਆ ਦੁਖਾਂ ਦੀ ਚੱਕੀ ਵਿਚ ਪੀਸਿਆ ਜਾਂਦਾ ਹੈ-

*ਪਹਿਲੈ ਪਿਆਰਿ ਲਗਾ ਥਣ ਦੁਧਿ।।*<br>
*ਦੂਜੈ ਮਾਇ ਬਾਪ ਕੀ ਸੁਧਿ॥*<br>
*ਤੀਜੈ ਭਯਾ ਭਾਭੀ ਬੇਬ॥*<br>
*ਚਉਥੈ ਪਿਆਰਿ ਉਪੰਨੀ ਖੇਡ।।*<br>
*ਪੰਜਵੈ ਖਾਣ ਪੀਅਣ ਕੀ ਧਾਤੁ॥*<br>
*ਛਿਵੈ ਕਾਮੁ ਨ ਪੁਛੈ ਜਾਤਿ॥*<br>
*ਸਤਵੈ ਸੰਜਿ ਕੀਆ ਘਰ ਵਾਸੁ॥*<br>
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*<br>
*ਨਾਵੈ ਧਉਲੇ ਉਭੇ ਸਾਹ॥*<br>
*ਦਸਵੈ ਦਧਾ ਹੋਆ ਸੁਆਹ॥*<br>
*ਗਏ ਸਿਗੀਤ ਪੁਕਾਰੀ ਧਾਹ॥*<br>
*ਉਡਿਆ ਹੰਸੁ ਦਸਾਏ ਰਾਹ॥*<br>
*ਆਇਆ ਗਇਆ ਮੁਇਆ ਨਾਉ॥*<br>
*ਪਿਛੈ ਪਤਲਿ ਸਦਿਹੁ ਕਾਵ॥*<br>
*ਨਾਨਕ ਮਨਮੁਖਿ ਅੰਧੁ ਪਿਆਰੁ॥*<br>
*ਬਾਝੁ ਗੁਰੂ ਡੁਬਾ ਸੰਸਾਰੁ॥ ਪੰਨਾ - 138*

ਸੋ ਇਸ ਤਰ੍ਹਾਂ ਮੈਂ ਉਸ ਬੱਚੀ ਨੂੰ ਸਮਝਾਇਆ ਕਿ ਇਥੇ ਜੀਵ ਕਰਮਾਂ ਦੇ ਬੰਨ੍ਹੇ ਆਉਂਦੇ ਹਨ, ਸਮਾਂ ਨਿਸ਼ਚਿਤ ਹੈ ਜਦੋਂ ਸੱਚੇ ਸਾਂਈ ਦਾ ਹੁਕਮ ਵਰਤਦਾ ਹੈ ਉਸ ਵੇਲੇ ਉਹ ਸੰਸਾਰ ਨੂੰ ਛੱਡ ਜਾਇਆ ਕਰਦਾ ਹੈ, ਜੇ ਕੋਈ ਸੱਚਾ ਰਿਸ਼ਤੇਦਾਰ ਹੈ ਤਾਂ ਉਹ ਪੂਰਾ ਸਤਿਗੁਰੂ ਹੈ, ਆਪਣੇ ਨੇਕ ਅਮਲ ਹਨ ਅਤੇ ਮਹਾਂਪੁਰਸ਼ ਹਨ, ਫੁਰਮਾਨ ਹੈ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।।*<br>
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*<br>
*ਪੰਨਾ - 1102*

ਬਾਕੀ ਸੰਸਾਰ ਤਾਂ ਸਾਰਾ ਆਉਣਾ ਜਾਣਾ ਹੈ। ਕੀਤੇ ਹੋਏ ਕਰਮਾਂ ਦੇ ਸੰਯੋਗ ਨਾਲ ਮੇਲ ਹੋ ਜਾਂਦੇ ਹਨ ਅਤੇ ਵਿਜੋਗ ਨਾਲ ਵਿਛੋੜਾ ਹੋ ਜਾਂਦਾ ਹੈ, ਇਸ ਤਰ੍ਹਾਂ ਇਹ ਜੀਵ ਅਨੰਤ ਕਾਲ ਤੋਂ ਘੁੰਮਦਾ ਫਿਰਦਾ ਹੈ ਪਰ ਇਸ ਨੂੰ ਇਹ ਨਹੀਂ ਪਤਾ ਕਿ ਮੈਂ ਪੂਰੇ ਸਤਿਗੁਰੂ ਦੀ ਸ਼ਰਨ ਲਗ ਕੇ ਸੇਵਾ ਤੇ ਸਿਮਰਨ ਰਾਹੀਂ, ਸੱਚੇ ਗਿਆਨ ਦੀ ਪ੍ਰਾਪਤੀ ਕਰ ਲਵਾਂ ਤਾਂ ਮੇਰਾ ਆਉਣਾ ਤੇ ਜਾਣਾ ਖਤਮ ਹੋ ਜਾਵੇ ਅਤੇ ਸਾਰੇ ਕਲੇਸ਼ਾਂ ਦਾ ਨਾਸ਼ ਹੋ ਜਾਵੇ, ਦੁਖ ਨਾਮ ਦੀ ਚੀਜ਼ ਰਹੇ ਹੀ ਨਾ -

*ਕਬਹੂ ਸਾਧਸੰਗਤਿ ਇਹੁ ਪਾਵੈ॥*<br>
*ਉਸੁ ਅਸਥਾਨ ਤੇ ਬਹੁਰਿ ਨ ਆਵੈ॥*<br>
*ਅੰਤਰਿ ਹੋਇ ਗਿਆਨ ਪਰਗਾਸੁ॥*<br>
*ਉਸੁ ਅਸਥਾਨ ਕਾ ਨਹੀ ਬਿਨਾਸੁ॥ ਪੰਨਾ - 278*

ਇਸ ਤਰ੍ਹਾਂ ਹੋਰ ਬਚਨ ਬਲਾਸ ਕਰਕੇ ਅਸੀਂ ਹੋਰ ਅਗੇ ਚਲ ਪਏ।

ਸਰਦਾਰ ਮਨਜੀਤ ਸਿੰਘ ਸਹੋਤਾ ਦੇ ਘਰ ਚਰਨ ਪਾ ਕੇ ਅਸੀਂ ਰਾਜਾ ਮਿਜਾਰ ਪਿੰਡ ਦੇ ਪ੍ਰੇਮੀ ਜੋ ਬਦਾਮਾਂ ਦੇ ਬਾਗਾਂ ਵਿਚੋਂ ਹੀ ਆਪਣੇ ਫਾਰਮਾਂ ਵਿਚ ਹੀ ਰਹਿੰਦੇ ਸਨ, ਉਨ੍ਹਾਂ ਦੇ ਚਰਨ ਪਾਏ, ਫੇਰ ਕੀਰਤਨ ਕਰਕੇ ਅਸੀਂ ਰਾਤ ਨੂੰ ਸਾਢੇ ਬਾਰ੍ਹਾਂ ਵਜੇ ਪਹੁੰਚੇ। ਬਹੁਤ ਦਿਨਾਂ ਤੋਂ ਮੈਂ ਤੁਹਾਡੇ ਬੀਜੀ ਨੂੰ ਬਰਮਿੰਘਮ ਵਿਚ ਇਲਾਜ ਕਰਾਉਣ ਲਈ ਛੱਡ ਗਿਆ ਸਾਂ, ਉਨ੍ਹਾਂ ਦਾ ਪਤਾ ਨਹੀਂ ਸੀ ਲਿਆ। ਉਨ੍ਹਾਂ ਨੂੰ ਫੋਨ ਕਰਕੇ ਉਨ੍ਹਾਂ ਦੀ ਸਿਹਤ ਬਾਰੇ ਪਤਾ ਲਿਆ। ਇਥੇ ਹੀ ਸਾਨੂੰ ਪਤਾ ਲੱਗਿਆ ਕਿ ਬਾਜਪਾਈ ਸਾਹਿਬ ਪ੍ਰਧਾਨ ਮੰਤਰੀ ਬਣ ਗਏ ਹਨ ਅਤੇ ਸਰਦਾਰ ਬਰਨਾਲਾ ਅਤੇ ਬਾਦਲ ਸਾਹਿਬ ਦੇ ਲੜਕੇ ਵਜ਼ਾਰਤ ਵਿਚ ਲੈ ਗਏ ਹਨ।

ਅਗਲੇ ਦਿਨ 19 ਮਾਰਚ ਨੂੰ ਸਵੇਰੇ ਹੀ ਡਾਕਟਰ ਸਵਾਮੀ ਆਏ, ਉਨ੍ਹਾਂ ਨੇ ਦੋ ਸ਼ੀਸ਼ੀਆਂ ਖ਼ੂਨ ਦੀਆਂ ਲਈਆਂ ਜਿਨ੍ਹਾਂ ਦੀ ਉਨ੍ਹਾਂ ਨੇ ਲੈਬੋਟਰੀ ਵਿਚ ਲਿਜਾ ਕੇ ਪੂਰੀ ਤਰ੍ਹਾਂ ਚੈਕਿੰਗ ਕਰਨੀ ਸੀ, ਅੱਜ ਮਲਹੋਤਰਾ ਸਾਹਿਬ ਸਵੇਰੇ ਹੀ ਸਾਨਫਰਾਂਸਿਸਕੋ ਨੂੰ ਚਲੇ ਗਏ, ਉਨ੍ਹਾਂ ਨੇ ਉਸ ਥਾਂ ਨੂੰ ਵੇਖਣਾ ਸੀ ਜਿਥੇ ਕਾਫ਼ੀ ਦਿਨਾਂ ਲਈ ਦੀਵਾਨ ਲਗਣੇ ਸਨ, ਸੰਗਤਾਂ ਦਾ ਇਕੱਠ ਐਨਾ ਵਧ ਗਿਆ ਕਿ ਗੁਰਦਵਾਰਾ ਸਾਹਿਬ ਦੇ ਹਾਲਾਂ ਵਿਚ ਸਮਾਅ ਨਾ ਸਕਿਆ। ਬਹੁਤ ਸਾਰੇ ਪ੍ਰੇਮੀ ਸਹੀ ਥਾਂ ਨਾ ਮਿਲਣ ਕਰਕੇ ਵਾਪਸ ਚਲੇ ਜਾਂਦੇ ਸਨ ਜਾਂ ਲੰਗਰ ਵਿਚ ਬੈਠ ਜਾਂਦੇ ਸਨ। ਲੰਗਰ ਵਿਚ ਪ੍ਰਸ਼ਾਦਾ ਛਕਣ ਵਾਲਿਆਂ ਨੂੰ ਕੋਈ ਪਾਬੰਦੀ ਨਹੀਂ ਸੀ। ਕਈ ਪ੍ਰੇਮੀ ਤਾਂ ਪੰਗਤਾਂ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ। ਪਰ ਉਥੇ ਦੇ ਜੰਮ-ਪਲ ਬੱਚੇ ਆਪਣੀਆਂ ਪੈਂਟਾਂ ਦੇ ਪਹਿਨਣ ਕਰਕੇ ਚੌਂਕੜੀ ਮਾਰ ਕੇ ਬੈਠਣਾ ਭੁੱਲ ਗਏ ਸਨ, ਉਹ ਪੰਗਤ ਵਿਚ ਬੈਠ ਕੇ ਲੰਗਰ ਨਹੀਂ ਛਕਦੇ ਸਨ। ਇਸ ਦੇ ਵਿਪਰੀਤ ਉਹ ਮੇਜ਼ ਕੁਰਸੀ ਹੀ ਵਰਤਦੇ ਸਨ, ਬਹੁਤ ਸਾਰੇ ਭਾਰੇ ਬੰਦੇ ਅਤੇ ਬੁਢਾਪੇ ਵਿਚ ਆ ਕੇ ਜਿਨ੍ਹਾਂ ਦੇ ਗੋਡੇ ਦੁਖਦੇ ਸਨ ਉਹ ਬੈਠਣ ਤੋਂ ਹੀ ਅਸਮਰੱਥ ਹੁੰਦੇ ਹਨ ਉਹ ਵੀ ਟੇਬਲ ਉਤੇ ਲੰਗਰ ਛਕਦੇ ਸਨ। ਸੰਗਤਾਂ ਵਿਚ ਕੋਈ ਵਾਦ-ਵਿਵਾਦ ਨਹੀਂ ਸੀ, ਨਾ ਹੀ ਪ੍ਰਬੰਧਕਾਂ ਵਿਚ ਸੀ। ਕੇਵਲ ਲੰਗਰ ਛਕਣਾ ਹੀ ਸਭ ਦੇ ਸਾਮ੍ਹਣੇ ਹੋਇਆ ਕਰਦਾ ਸੀ।

ਸੰਗਤਾਂ ਦੇ ਇਕੱਠ ਨੂੰ ਦੇਖ ਕੇ ਇਹ ਜ਼ਰੂਰੀ ਸਮਝਿਆ ਗਿਆ ਕਿ ਕੋਈ ਵੱਡਾ ਹਾਲ ਕਿਰਾਏ ਤੇ ਲਿਆ ਜਾਵੇ। ਖੋਜ ਕਰਨ ਉਪਰੰਤ ਬਹੁਤ ਸਾਰੇ ਪ੍ਰੇਮੀਆਂ ਨੇ ਰਲ ਕੇ ਇਕ ਹਿੰਦੂ ਮੰਦਰ ਦੀ ਪ੍ਰਬੰਧਕ ਕਮੇਟੀ ਤੋਂ ਮੰਦਰ ਨਾਲ ਲਗਦਾ ਹਾਲ ਕਿਰਾਏ ਤੇ ਲੈ ਲਿਆ ਜਿਥੇ ਤਕਰੀਬਨ ਇਕ ਹਜ਼ਾਰ ਕਾਰ ਉਸ ਮੰਦਰ ਦੀ ਪਾਰਕਿੰਗ ਵਿਚ ਅਤੇ ਇਕ ਨਾਲ ਲਗਦੀ ਵੱਡੀ ਬਿਲਡਿੰਗ ਦੀ ਪਾਰਕਿੰਗ ਵਿਚ ਖੜ੍ਹਿਆ ਕਰਦੀ ਸੀ। ਇਸ ਪ੍ਰਬੰਧ ਨੂੰ ਦੇਖਣ ਲਈ ਸ੍ਰੀ ਰਸ਼ਪਾਲ ਮਲਹੋਤਰਾ ਸਾਨਫਰਾਂਸਿਸਕੋ ਗਏ ਸਨ ਜਿਥੋਂ ਸਨੀਵਿਲਾ 20 ਕੁ ਮਿੰਟ ਦਾ ਰਸਤਾ ਸੀ।

ਅੱਜ ਸਾਰਾ ਦਿਨ ਦੂਰ-ਦੂਰ ਤੋਂ ਆਈਆਂ ਸੰਗਤਾਂ ਨੂੰ ਮੈਂ ਮਿਲਦਾ ਰਿਹਾ ਅਤੇ ਦੁਪਹਿਰ ਪਿਛੋਂ ਨੇੜੇ-ਨੇੜੇ ਦੇ ਫਾਰਮ ਜੋ ਲੋਧੀ ਅਤੇ ਦਿੱਲੀ ਦੇ ਏਰੀਏ ਵਿਚ ਸਨ, ਉਥੇ ਚਰਨ ਪਾਉਣ ਗਿਆ। ਲੋਧੀ ਅਤੇ ਦਿੱਲੀ ਨਾਮ ਦੀਆਂ ਥਾਵਾਂ ਕੈਲੇਫੋਰਨੀਆਂ ਵਿਚ ਵੀ ਹਨ।

□ □ □ □ □ □ □ □

(ਪੰਨਾ 22 ਦੀ ਬਾਕੀ)

ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ, ਪਿਆਰਿਓ! ਅਸੀਂ ਆਪਣੇ ਸਿੱਖ ਦਾ ਘੱਟ ਵੱਟਾ ਪੂਰਾ ਕਰ ਰਹੇ ਸੀ। ਭਾਈ ਕਟਾਰੂ ਅਭੇਦ ਅਵਸਥਾ ਦਾ ਗੁਰਸਿੱਖ ਹੈ। ਕਿਸੇ ਦੋਖੀ ਨੇ ਉਸ ਦਾ ਵੱਟਾ ਬਦਲ ਦਿਤਾ, ਉਹ ਵੱਟਾ ਪੰਜ ਪੈਸੇ ਘੱਟ ਸੀ। ਉਹ ਬਾਰ-ਬਾਰ ਤੋਲਦੇ ਰਹੇ ਕਿਉਂਕਿ ਚੁਗਲ ਨੇ ਪੂਰੀ ਤਰ੍ਹਾਂ ਨਾਲ ਚੁਗਲੀ ਕੀਤੀ ਸੀ। ਉਸ ਦਾ ਵੱਟਾ ਘੱਟ ਸੀ ਪਰ ਭਾਈ ਕਟਾਰੂ ਨੂੰ ਪਤਾ ਨਹੀਂ ਸੀ ਕਿ ਮੇਰਾ ਵੱਟਾ ਘਟ ਹੈ, ਉਹ ਪੂਰਾ ਈਮਾਨਦਾਰ ਸੀ। ਸੋ ਉਹ ਚੁਗਲੀ ਹੋਣ ਕਰਕੇ ਸੰਕਟ ਵਿਚ ਆ ਗਿਆ। ਗੁਰੂ ਦਾ ਬਿਰਦ ਹੈ -

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*
*ਪੰਨਾ - 682*

ਸੂਬੇ ਨੇ ਜਦੋਂ ਤਸੱਲੀ ਕਰ ਲਈ ਤਾਂ ਭਾਈ ਕਟਾਰੂ ਤੇ ਬਹੁਤ ਪ੍ਰਸੰਨ ਹੋਇਆ। ਦੁਸ਼ਟ ਚੁਗਲ ਝੂਠਾ ਹੋਇਆ ਅਤੇ ਭਾਈ ਕਟਾਰੂ ਦੀ ਧੰਨ-ਧੰਨ ਹੋਈ। ਉਸੇ ਵੇਲੇ ਸਭ ਦੇ ਸਾਮ੍ਹਣੇ ਨਵਾਬ ਨੇ ਪ੍ਰਸੰਨ ਹੋ ਕੇ ਉਸ ਨੂੰ ਕੋਸ਼ਪਤੀ ਬਣਾ ਦਿਤਾ ਅਤੇ ਖਜ਼ਾਨੇ ਦੀਆਂ ਚਾਬੀਆਂ ਦੇ ਕੇ ਖਜ਼ਾਨਚੀ ਬਣਾ ਦਿਤਾ ਅਤੇ ਕਿਹਾ ਗੁਰੂ ਦਾ ਸਿੱਖ ਝੂਠ ਨਹੀਂ ਬੋਲਦਾ, ਵਿਭਚਾਰ ਨਹੀਂ ਕਰਦਾ, ਨਮਕ ਖਾ ਕੇ ਹਰਾਮ ਨਹੀਂ ਕਰਦਾ। ਭਾਈ ਕਟਾਰੂ ਪੂਰੇ ਇਤਬਾਰ ਵਾਲਾ ਹੈ।

ਭਾਈ ਕਟਾਰੂ ਘਰ ਜਾ ਕੇ ਬਹੁਤ ਪ੍ਰਸੰਨ ਹੋਇਆ। ਬਾਰ-ਬਾਰ ਅੱਖਾਂ 'ਚੋਂ ਹੰਝੂ ਗਿਰਾ ਕੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰ ਰਿਹਾ ਸੀ ਕਿ ਮਹਾਰਾਜ! ਤੁਸੀਂ ਮੇਰੀ ਲੱਜਾ ਉਸ ਤਰ੍ਹਾਂ ਹੀ ਰੱਖੀ ਜਿਵੇਂ ਦਰੋਪਤੀ ਦੀ ਕੌਰਵਾਂ ਦੀ ਸਭਾ ਵਿਚ ਰੱਖੀ ਸੀ। ਕਈ ਮਹੀਨੇ ਪਿਛੋਂ ਭਾਈ ਕਟਾਰੂ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਅਤੇ ਕਹਿਣ ਲੱਗਿਆ ਪਾਤਸ਼ਾਹ! ਜਿਥੇ ਮਾਤਾ-ਪਿਤਾ, ਰਿਸ਼ਤੇਦਾਰ ਸਹਾਇਤਾ ਨਹੀਂ ਕਰ ਸਕਦੇ ਉਸ ਥਾਂ ਤੁਸੀਂ ਮੇਰੀ ਰਕਸ਼ਾ ਕੀਤੀ ਹੈ। ਪਾਤਸ਼ਾਹ! ਮੈਂ ਰੋਮ-ਰੋਮ ਤੋਂ ਹਜ਼ੂਰ ਦਾ ਰਿਣੀ ਹਾਂ। ਉਸ ਨੇ ਕਿਹਾ ਕਿ -

*ਬਿਖਮ ਥਾਨ ਮਹਿੰ ਭਏ ਸਹਾਈ।*
*ਜਹਾਂ ਨ ਪਹੁੰਚਹਿ ਬਾਪ ਨ ਮਾਈ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2149*

ਸੋ ਸਾਧਸੰਗਤ ਜੀ! ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਹਾਜ਼ਰ ਨਾਜ਼ਰ ਹਨ। ਗੁਰੂ ਨਾਨਕ ਪਾਤਸ਼ਾਹ ਆਪ ਪ੍ਰਮੇਸ਼ਰ ਰੂਪ ਹਨ, ਉਹ ਆਪਣੇ ਗੁਰਸਿੱਖ ਦੇ ਸਦਾ ਅੰਗ ਸੰਗ ਰਹਿੰਦੇ ਹਨ। ਜੇ ਗੁਰਸਿੱਖ ਨੇ ਉਨ੍ਹਾਂ ਦੀ ਮੂਰਤ ਹਿਰਦੇ ਵਿਚ ਵਸਾਈ ਹੋਈ ਹੈ ਉਨ੍ਹਾਂ ਦੇ ਆਸਰੇ ਜੀਵਨ ਬਤੀਤ ਕਰਦਾ ਹੈ ਤਾਂ ਉਹ ਅੰਤਰ ਆਤਮੇ ਗੁਰੂ ਨਾਲ ਜੁੜਿਆ ਹੋਇਆ ਹੈ -

*ਸਤਿਗੁਰੁ ਜਾਗਤਾ ਹੈ ਦੇਉ॥* *ਪੰਨਾ - 479*

ਭਰੋਸਾ ਲਿਆਓ, ਜੋ ਆਪ ਨੇ ਕੀਰਤਨ ਸੁਣਿਆ ਹੈ-

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਪੰਨਾ - 403*

ਇਸ ਉਪਰ ਪੂਰਾ ਭਰੋਸਾ ਰੱਖੋ। ਹੁਣ ਕਿਉਂਕਿ ਸਮਾਂ ਬਹੁਤ ਹੋ ਗਿਆ ਸਾਰਿਆਂ ਨੇ ਆਪਣੇ ਕਾਰਜ ਨਿਭਾਉਣੇ ਹਨ। ਸੋ ਇਥੇ ਹੀ ਮੈਂ ਸਮਾਪਤ ਕਰਦਾ ਹਾਂ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

□ □ □ □ □ □ □ □

(ਪੰਨਾ 24 ਦੀ ਬਾਕੀ)

ਉਹ ਸਾਰੇ ਮੇਰੇ ਪਿਆਰੇ ਦੇ ਉਸ ਇਕ ਦੇ ਆਲੇ ਦੁਆਲੇ ਲਿਪਟੇ ਪਏ ਹਨ ਕਿ ਨਹੀਂ? ਮੈਨੂੰ ਉਸ ਦੇ ਨੇੜੇ ਲੈ ਜਾ ਰਹੇ ਹਨ? ਇਹ ਇਕ ਮਾਪ ਹੈ ਜਿਹੜੀ ਤੁਸੀਂ ਵਰਤਦੇ ਹੋ, ਹਰ ਇਕ ਮਨੁੱਖ ਆਪਣਾ ਹੀ ਤਰੀਕਾ ਅਪਣਾਵੇਗਾ, ਕੋਈ ਵੀ ਇਕ ਤਰੀਕਾ ਹਰ ਕਿਸੇ ਤੇ ਲਾਗੂ ਨਹੀਂ ਹੋ ਸਕਦਾ। ਕਾਰਣ ਹਰ ਇਕ ਦੇ ਸੰਸਕਾਰ ਵੱਖ-ਵੱਖ ਹੁੰਦੇ ਹਨ, ਕਿਸੇ ਦੇ ਰਾਜਿਸ ਵਧੇਰੇ, ਕਿਸੇ ਦੇ ਤਾਮਸਿਕ ਵੱਧ, ਕਿਸੇ ਦੇ ਸਾਤਵਿਕ ਵੱਧ ਹੁੰਦੇ ਹਨ, ਆਪਣੇ-ਆਪਣੇ ਕਰਮ ਵਖਰੇ ਹੁੰਦੇ ਹਨ, ਕਰਮਾਂ ਅਨੁਸਾਰ ਵੱਖ-ਵੱਖ ਡਿਊਟੀਆਂ ਵੱਖ-ਵੱਖ ਕੰਮ ਹੁੰਦੇ ਹਨ। ਜੀਵਨ ਕਰਮਾਂ ਅਨੁਸਾਰ ਵੱਖ ਹੁੰਦਾ ਹੈ, ਜੀਵਨ ਦੀਆਂ ਘਟਨਾਵਾਂ ਵੱਖ ਹੁੰਦੀਆਂ ਹਨ, ਜੀਵਨ ਦੀਆਂ ਯਾਦਾਂ ਵੱਖ ਹੁੰਦੀਆਂ ਹਨ ਪਰ ਇਕ ਵਾਰੀ ਤੁਹਾਨੂੰ ਮੂਲ ਸਿਧਾਂਤ ਪਤਾ ਲਗ ਜਾਏ ਤੁਸੀਂ ਆਪਣਾ ਹੀ ਤਰੀਕਾ ਬਣਾ ਲੈਂਦੇ ਹੋ, ਚਾਰ ਸਿਧਾਂਤ ਸਥਾਈ ਨਹੀਂ ਹੁੰਦੇ। ਮਨੁੱਖੀ ਹਾਲਾਤ ਕਦੇ ਇਕੋ ਜਿਹੇ ਨਹੀਂ ਹੁੰਦੇ, ਨਾ ਹੀ ਇਕੋ ਜਿਹੇ ਰਹਿੰਦੇ ਹਨ, ਸਦਾ ਬਦਲਦੇ ਹੀ ਰਹਿੰਦੇ ਹਨ, ਸ਼ਾਂਤੀ ਸਥਾਈ ਹੈ, ਬੁੱਧੀ ਦੇ ਗੁਣ ਸਥਾਈ ਹਨ, ਧਿਆਨ ਸਿਮਰਨ ਸਥਾਈ ਹੈ, ਮੰਤਰ ਸਥਾਈ ਹੈ, ਮਹਾਂਵਾਕਯ ਸਥਾਈ ਹੈ। ਇਨ੍ਹਾਂ ਚਾਰ ਸਿਧਾਂਤਾਂ ਨੂੰ ਚਾਨਣ ਮੁਨਾਰੇ ਮੰਨ ਕੇ ਚਲੋ, ਮਨ ਦੇ ਹਨ੍ਹੇਰੇ ਵਿਚ ਇਹ ਚਾਨਣ ਕਰਨ ਲਈ ਸਹਾਇਕ ਹੋਣਗੇ।

(ਪੰਨਾ 47 ਦੀ ਬਾਕੀ)

ਵੀ ਹੈ ਤੇ ਸਖਾ ਵੀ। ਇਹ ਬੜਾ ਹੀ ਬਚਿਤ੍ਰ ਰਿਸ਼ਤਾ ਹੈ, ਪ੍ਰਮਾਤਮਾ ਤੇ ਸ਼ਰਧਾਲੂ ਵਿਚ ਸ਼ਰਧਾ ਭਾਵ ਹੁੰਦਾ ਹੈ ਪਰ ਮਿਤਰਤਾ ਦਾ ਸ਼ਬਦ ਤਾਂ ਦੋ ਬਰਾਬਰ ਦਿਆਂ ਵਿਚ ਹੀ ਵਰਤਿਆ ਜਾਂਦਾ ਹੈ, ਬਹੁਤ ਵਾਰੀ ਚੇਲੇ ਗੁਰੂਆਂ ਨਾਲ ਗੱਲਬਾਤ ਨਹੀਂ ਕਰ ਸਕਦੇ ਕਿਉਂਕਿ ਉਹ ਡਰਦੇ ਹਨ ਕਿਉਂਕਿ ਉਹ ਖੁਲ੍ਹ ਕੇ ਗੁਰੂ ਨਾਲ ਵਾਰਤਾਲਾਪ ਨਹੀਂ ਕਰ ਸਕਦੇ ਇਸ ਕਰਕੇ ਉਹ ਗੂੜ੍ਹ ਅਰਥ ਵੀ ਨਹੀਂ ਸਮਝ ਸਕਦੇ ਜਿਹੜੇ ਗੁਰੂ ਦਸਦਾ ਹੈ। ਸ਼ਿਸ਼ ਸ਼ਰਧਾਲੂ ਹੁੰਦਾ ਹੈ ਪਰ ਗੁਰੂ ਉਸ ਨੂੰ ਮਿਤਰ ਦੀ ਤਰ੍ਹਾਂ ਇਕ ਸਖਾ ਹੀ ਮੰਨਦਾ ਹੈ ਤਾਂ ਜੋ ਮਿਤ੍ਰ ਭਾਵ ਨਾਲ ਪਿਆਰ ਪ੍ਰੇਮ ਨਾਲ ਸਮਾਨਤਾ ਦਾ ਵਾਤਾਵਰਣ ਬਣ ਸਕੇ, ਪ੍ਰੇਮੀ ਤੇ ਪ੍ਰੇਮਿਕਾ ਦਰਮਿਆਨ ਇਕ ਦੂਰੀ ਬਣੀ ਰਹਿੰਦੀ ਹੈ ਜੇ ਦਇਆ ਤੇ ਸਮਾਨਤਾ ਸਾਂਝੀ ਨਾ ਕੀਤੀ ਜਾਵੇ। ਗੁਰੂ ਮਿਤਰ ਹੁੰਦਾ ਹੈ ਪਰ ਇਹੋ ਜਿਹਾ ਮਿਤਰ ਜੋ ਪੂਰਨ ਸਤਿਕਾਰਯੋਗ ਹੈ। ਕਿਹਾ ਜਾਂਦਾ ਹੈ ਕਿ ਪ੍ਰੇਮੀ ਦੀ ਪਉੜੀ ਦਾ ਪਹਿਲਾ ਡੰਡਾ ਸਤਿਕਾਰ ਹੈ। ਸ਼ਰਧਾ ਪ੍ਰੇਮ ਦੀ ਉਚੀ ਅਵਸਥਾ ਹੈ, ਪ੍ਰੇਮ ਤੇ ਸ਼ਰਧਾ ਪਰਸਪਰ ਗੱਲਬਾਤ ਦਾ ਇਕ ਸੰਪੂਰਨ ਮਿਸ਼ਰਨ ਹੈ। ਸਭ ਤੋਂ ਗੁੱਝੇ ਭੇਦ ਮਿਤਰ ਨੂੰ ਮਿਤਰ ਹੀ ਦੇ ਸਕਦਾ ਹੈ, ਹੁਣ ਤਕ ਸ੍ਰੀ ਕ੍ਰਿਸ਼ਨ ਜੀ ਨੇ ਗਿਆਨ ਯੋਗ ਤੇ ਕਰਮ ਯੋਗ ਦਾ ਗਿਆਨ ਹੀ ਦਿਤਾ ਹੈ, ਹੁਣ ਉਹ ਕਰਮ ਫਲ ਤਿਆਗਣ ਦਾ ਗੁੱਝਾ ਗਿਆਨ ਦੇ ਕੇ ਖੁਸ਼ੀਆਂ ਪ੍ਰਾਪਤ ਕਰਨ ਦਾ ਗਿਆਨ ਦਸ ਰਹੇ ਹਨ। ਗੂੜ੍ਹਾ ਤੇ ਉਚਾ ਗਿਆਨ ਕੇਵਲ ਪਿਆਰ ਪਾਤਰ ਸ਼ਿਸ਼ਾਂ ਨੂੰ ਹੀ ਦਿਤਾ ਜਾਂਦਾ ਹੈ ਕਿਉਂਕਿ ਇਹੋ ਜਿਹਾ ਗਿਆਨ ਆਮ ਜੀਵ ਨਹੀਂ ਸਮਝ ਸਕਦੇ।

□ □ □ □ □ □ □ □